Monthly

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

The Punjab Herald






Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (81) Nov. 2020, Sydney, Canberra, Coffs Harbour & Melbourne, Phone - 0437641033 , Email - thepunjabherald1@gmail.com



## ਕਿਸਾਨ ਸੰਘਰਸ਼ ਵਿਚ ਰੰਗੇ ਗਏ ਭਾਰਤ ਦੇ ਰਵਾਇਤੀ ਤਿਓਹਾਰ ਦੀਵਾਲੀ ਤੇ ਦੁਸਹਿਰਾ !



## 'ਦ ਪੰਜਾਬ ਹੈਰਲਡ' ਦੇ ਸਮੂਹ ਪਾਠਕਾਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਹਾਰਦਿਕ ਮੁਬਾਰਕਾਂ !

English Pages: 31- 41

SINGH TRUCK DRIVING SCHOOL

Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

TULI JEWELLERS

yours forever

The Glittering Symbol of Power & Strength



Design, Manufacture & Remodel

22ct., 18ct., 9ct. (Yellow & white Gold), Diamond & Gold Jewellery, Opals, Pearls & Silver Jewellery, Birth Stones, Gems Engagement Rings & Bridal Jewellery, Astrological Advice, Insurance 'n' Evaluation, Gifts 'n' Baby Showering

Custom Made Jewellery

TULI JEWELLERS PTY. LTD.

79, Marion Street Harris Park - 2150, Ph: 9635 5994 Mob: 0422 401 199


May the divine light of Diwali bring wealth and prosperity to you!
International Visa Advisers
Migration & Education Advisers
Migration Services
•482 TSS Visa
•Partner Visa
•Business Visa
• 186 ENS Visa
• 500 Student Visa
• Parent Visa
• 491 & 494 Regional Area Visas
Education Services
Free Admission Services in Any College/ University in Australia
HARJINDER CHOUHAN
0403 430 987
MARN : 0956110
QEAC : D034
GURBINDER BRAR
0451011878
QEAC : 0837
E: info@visaadvisers.com.au | www.visaadvisers.com.au
Sydney
1 Boys Avenue Blacktown NSW 2148
(Ground Floor - Altitude Tower) T :02 8814 8888
Melbourne
Level 21, North Tower 459 Collins St.
Email: brar@visaadvisers.com.au


RN AUTOMOTIVES
May Diwali bring lots of good luck and success to you!
Repair & Service
All Makes & Models
RN AUTOMOTIVE
8604 8620
Log Book Service
Under warranty Service
Breakdowns
Service All Makes & Models
Repair All Makes & Models
Rohin Sharma
0433147172
Unit 3, No.5, Steel Street, Blacktown NSW 2148

# DREAMZ TO REALITY LOANS

Dreamz to Reality Loans

Happy Diwali **RAJESH BHATIA** Happy Diwali

MORTGAGE BROKER

✆ 0430 821 823





## HOME LOAN EXPERT

## Specialised in...

* Home Loans
* Investment Property Loans
* Land & Construction Loans
* Refinancing
* Debt Consolidation
* Car, Business & Personal loans
* Risk Insurances

## SAVING FOR FIRST HOME BUYERS

UPTO $50,000*

**Take Advantage of**
1. Home Builder Grant $25,000
2. Frist Home Owner Grant $10,000
3. Stamp duty exemptions

*T & C Apply

bankwest nab ANZ citibank Westpac FASTLEND ING BANK SUNCORP BANK Heritage Bank st.george LIBERTY BANK pepper money Virgin money

## CASHBACK

REFINANCE UPTO $4000

*T & C Apply

## SPECIAL INTEREST RATE*

* CONDITIONS APPLY.

**OWNER OCCUPIED RATES**

1.99% fixed for 3 years, Principal & Interest Re-payments
2.19% Variable rate, Principal & Interest Re-payments*

**INVESTMENT RATE**

2.49% fixed for 2 years Principal & Interest Re-payments

E : raj@dtrloans.com.au
W: dtrloans.com.au
Address : 1/15 Flushcombe Road Blacktown NSW 2148

FAST Accredited Member

Rajesh Bhatia is a credit representative (CRN 486345) of BLSSA Pty Ltd (ACL No: 381237)

# CHOOSE YOUR LAND, BUILD YOUR DREAM HOME

ATTENTION FIRST HOME BUYERS & INVESTORS





May the light of the Diwali ignite the spark of wealth and prosperity in you life!

## HOME & LAND PACKAGES

BOX HILL
RIVERSTONE
SCHOFIELDS
MARSDEN PARK
ROUSE HILL
COLEBEE
ORAN PARK
AUSTRAL
LEPPINGTON
GREGORY HILLS

INVEST IN BOOMING SUBURBS





CONTACT FOR MORE ENQUIRES ▶

## SANJAY SAKI - 0432 838 919

Waratah Estate Agents

AGENCY OF THE YEAR
2018 & 2019 SCHOFIELDS
2018 & 2020 MARSDEN PARK


May Diwali bring lot of good luck and success to you!
Eat fresh
be healthy
STONE GROUND SPECIALIST
FLOUR LENTILS SPICES ALMONDS NUTS
GG
Golden Grain Mills
GOLDEN GRAIN
GREWAL
CHAKKI ATTA
GREWAL
MULTI-GRAIN
FLOUR
GREWAL
Bhakri Flour
GREWAL
ROYAL
Basmati Rice
Premium Aged Naturally
Long Grain
GREWAL
DAILY
Basmati Rice
Long Grain
GREWAL
BESAN
GREWAL
MAKKI ATTA
Australia Grown
& Owned
No Additives No Preservatives

# ਪ੍ਰਕਾਸ਼ ਦਿਵਸ 'ਤੇ ਵਿਸ਼ੇਸ਼

# ਮਨੁੱਖਤਾ ਦੇ ਰਹਿਬਰ- ਸ੍ਰੀ ਗੁਰੂ ਨਾਨਕ ਦੇਵ ਜੀ

> *ਕੀ ਅੱਜ ਮਲਿਕ ਭਾਗੋ ਜਾਂ ਕੌਡੇ ਰਾਖਸ਼ ਖਤਮ ਹੋ ਗਏ ਹਨ? ਉਦੋਂ ਤਾਂ ਸ਼ਾਇਦ ਆਬਾਦੀ ਥੋੜ੍ਹੀ ਸੀ ਤੇ ਇਕ ਹੀ ਮਲਿਕ ਭਾਗੋ ਦਾ ਜ਼ਿਕਰ ਆਇਆ ਹੈ ਪਰ ਅੱਜ-ਕੱਲ੍ਹ ਤਾਂ ਸਾਡਾ ਆਲਾ-ਦੁਆਲਾ ਹੀ ਮਲਿਕ ਭਾਗੋਆਂ ਨਾਲ ਭਰਿਆ ਪਿਆ ਹੈ। ਵਿਚਾਰੇ ਲਾਲੋ ਰੂਪੀ ਆਮ ਮਨੁੱਖ ਦਾ ਜਿਓਣਾ ਹੀ ਦੁੱਭਰ ਹੋ ਗਿਆ ਹੈ। ਕੀ ਵਕਤ ਦੀ ਦੁਰਦਸ਼ਾ ਫਿਰ ਉਹੋ ਜਿਹੀ ਤਾਂ ਨਹੀਂ ਹੋ ਗਈ ਜਦੋਂ ਬਾਬੇ ਨਾਨਕ ਨੂੰ ਉਦਾਸੀਆਂ ਕਰਨੀਆਂ ਪਈਆਂ ਸਨ?*



ਅੱਜ ਤੋਂ 551 ਕੁ ਸਾਲ ਪਹਿਲਾਂ ਜਦੋਂ ਭਾਰਤ ਵਰਸ਼ ਵਿੱਚ ਜਬਰ ਤੇ ਜ਼ੁਲਮ ਦੀ ਅੱਤ ਹੋ ਰਹੀ ਸੀ। ਗਰੀਬਾਂ ਤੇ ਮਜ਼ਲੂਮਾਂ ਦਾ ਜਿਓਣਾ ਦੁੱਭਰ ਹੋ ਗਿਆ ਸੀ। ਮਲਿਕ ਭਾਗੋ ਵਰਗੇ ਸਮਾਜ ਦੇ ਠੇਕੇਦਾਰ ਲੋਕਾਂ ਦੀ ਲੁੱਟ-ਖਸੁੱਟ ਕਰ ਰਹੇ ਸਨ ਤਾਂ ਰਾਇ-ਭੋਇ ਦੀ ਤਲਵੰਡੀ ਵਿਖੇ ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ 1469 ਈਸਵੀ ਵਿੱਚ ਇਕ ਵਚਿੱਤਰ ਬਾਲਕ ਨੇ ਜਨਮ ਲਿਆ। ਭਾਈ ਗੁਰਦਾਸ ਜੀ ਨੇ ਉਸ ਸਮੇਂ ਦਾ ਜ਼ਿਕਰ ਆਪਣੀਆਂ ਵਾਰਾਂ ਵਿਚ ਬਾਖੂਬੀ ਕੀਤਾ:

"ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜੱਗ ਚਾਨਣਾ ਹੋਆ,
ਜਿਉਂਕਰ ਸੂਰਜ ਨਿਕਲਿਆ ਤਾਰੇ ਛਿਪੇ ਅੰਧੇਰ ਪਲੋਆ।"

ਕਹਿਣ ਨੂੰ ਤਾਂ ਅਸੀਂ ਇਸ ਮਹਾਨ ਪੁਰਸ਼ ਨੂੰ ਬਾਬਾ ਨਾਨਕ ਕਹਿ ਕੇ ਸਿੱਖ ਧਰਮ ਦੇ ਪਹਿਲੇ ਗੁਰੂ ਕਹਿੰਦੇ ਹਾਂ ਪਰ ਉਨ੍ਹਾਂ ਨੇ ਆਪਣੇ ਆਪ ਨੂੰ ਕੇਵਲ ਸਿੱਖਾਂ ਤੱਕ ਹੀ ਵਰਗੀਕ੍ਰਿਤ ਨਹੀਂ ਕੀਤਾ, ਮਹਿਦੂਦ ਨਹੀਂ ਰੱਖਿਆ ਬਲਕਿ ਉਹ ਤਾਂ ਹਿੰਦੂਆਂ ਤੇ ਮੁਸਲਮਾਨਾਂ ਵਿਚ ਵੀ ਉਨੇ ਹੀ ਹਰਮਨ ਪਿਆਰੇ ਸਨ ਅਤੇ ਹੁਣ ਤੱਕ ਜਿੰਨੇ ਵੀ ਮਹਾਂਪੁਰਸ਼ ਹੋਏ ਹਨ, ਉਨ੍ਹਾਂ ਵਿੱਚੋਂ ਜੇ ਕਿਸੇ ਨੂੰ ਜਗਤ ਗੁਰੂ ਕਰਕੇ ਜਾਣਿਆ ਜਾਂਦਾ ਹੈ ਤਾਂ ਉਹ ਕੇਵਲ ਗੁਰੂ ਨਾਨਕ ਦੇਵ ਜੀ ਹੀ ਹਨ। ਉਸ ਵੇਲੇ ਦਾ ਸਮਾਜ ਪਾਖੰਡਾਂ, ਜਾਦੂ-ਟੂਣਿਆਂ ਅਤੇ ਵਹਿਮਾਂ-ਭਰਮਾਂ ਨਾਲ ਲਬਰੇਜ ਸੀ। ਵਹਿਮ-ਭਰਮ ਤਾਂ ਭਾਵੇਂ ਹੁਣ ਵੀ ਮਨੁੱਖ ਨਾਲ ਉਨੇ ਹੀ ਚਿੰਬੜੇ ਹੋਏ ਹਨ। ਇਨ੍ਹਾਂ ਦਾ ਚੋਲੀ ਦਾਮਨ ਦਾ ਸਾਥ ਬਣ ਚੁੱਕਿਐ ਪਰ ਹੁਣ ਫਿਰ ਵੀ ਸਾਇੰਸ ਤੇ ਤਕਨਾਲੋਜੀ ਨੇ ਕਾਫੀ ਹਨੇਰਾ ਦੂਰ ਕਰ ਦਿੱਤਾ ਹੈ ਜੋ ਉਦੋਂ ਨਹੀਂ ਸੀ ਹੋਇਆ। ਛੋਟੀ ਉਮਰ ਵਿਚ ਹੀ ਉਨ੍ਹਾਂ ਨੇ ਬੜੇ ਗਿਆਨ-ਪੂਰਵਕ ਇਨ੍ਹਾਂ ਭਰਮਾਂ ਦਾ ਖੰਡਨ ਕੀਤਾ। ਜਨੇਊ ਪਹਿਨਣ ਤੋਂ ਇਨਕਾਰ ਕਰ ਦਿੱਤਾ, ਪੜ੍ਹਾਉਣ ਆਏ ਪਾਧੇ ਨੂੰ ਅਜਿਹੇ ਸਵਾਲ ਪੁੱਛੇ ਕਿ ਉਹ ਦੰਗ ਰਹਿ ਗਿਆ। ਪਟਵਾਰੀ ਪਿਤਾ ਦੀ ਹਰ ਪਿਤਾ ਵਾਂਗ ਖਾਹਿਸ਼ ਸੀ ਕਿ ਉਨ੍ਹਾਂ ਦਾ ਲੜਕਾ ਵਪਾਰ ਕਰੇ। ਅਮੀਰ ਬਣੇ ਤੇ ਸਮਾਜ ਵਿਚ ਨਾਮ ਕਮਾਵੇ ਤੇ ਉਨ੍ਹਾਂ ਦਾ ਨਾਮ ਵੀ ਰੋਸ਼ਨ ਕਰੇ। ਪ੍ਰੰਤੂ ਬਾਬਾ ਨਾਨਕ ਜੋ ਖੁਦ ਪ੍ਰਮਾਤਮਾ ਦੇ ਵਿਸ਼ੇਸ਼ ਦੂਤ ਵਜੋਂ ਆਏ ਸਨ। ਉਹ ਅਜਿਹੀਆਂ ਦੁਨਿਆਵੀ ਬੰਦਸ਼ਾਂ ਵਿਚ ਬੱਝਣ ਵਾਲੇ ਕਿੱਥੇ ਸਨ।

ਏਹੀ ਕਾਰਨ ਸੀ ਕਿ ਜਦੋਂ ਉਨ੍ਹਾਂ ਦੇ ਪਿਤਾ ਜੀ ਨੇ ਵੀਹ ਰੁਪਏ (ਜੋ ਅੱਜ ਬਹੁਤ ਛੋਟੀ ਜਿਹੀ ਰਕਮ ਪ੍ਰਤੀਤ ਹੁੰਦੀ ਹੈ ਅੱਜ ਤੋਂ ਸਾਢੇ ਕੁ ਪੰਜ ਸੌ ਸਾਲ ਪਹਿਲਾਂ ਕਿੱਡੀ ਵੱਡੀ ਰਕਮ ਹੋਵੇਗੀ।) ਦੇ ਕੇ ਕੋਈ ਖਰਾ ਜਿਹਾ (ਸੱਚਾ) ਸੌਦਾ ਕਰਨ ਦਾ ਉਪਦੇਸ਼ ਦਿੱਤਾ। ਅਜੋਕੇ ਲੱਖਾਂ ਰੁਪਏ ਦੇ ਬਰਾਬਰ ਵਪਾਰ ਹੋ ਸਕਦਾ ਸੀ। ਪਰ ਹੋਇਆ ਕਿ ਜਦੋਂ ਉਹ ਘਰੋਂ ਬਾਹਰ ਨਿਕਲ ਕੇ ਸ਼ਹਿਰ ਦੇ ਨੇੜੇ ਆਏ ਤਾਂ ਸਾਧੂ ਸੰਤਾਂ ਦਾ ਇਕ ਵੱਡਾ ਝੁੰਡ ਉਨ੍ਹਾਂ ਨੂੰ ਮਿਲਿਆ। ਜੋ ਕਈ ਦਿਨਾਂ ਤੋਂ ਭੁੱਖਾ ਸੀ। ਕੋਈ ਸਾਧਾਰਨ ਮਨੁੱਖ ਹੁੰਦਾ ਤਾਂ ਉਨ੍ਹਾਂ ਵੱਲ ਤੱਕਦਾ ਵੀ ਨਾ ਪਿਤਾ ਦੀ ਖਾਹਿਸ਼ ਅਨੁਸਾਰ ਕੰਮ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ। ਪ੍ਰੰਤੂ ਜਦੋਂ ਚੜ੍ਹਦੀ ਉਮਰ ਦੇ ਬਾਬੇ ਨਾਨਕ ਨੂੰ ਸਾਧੂਆਂ ਨੇ ਭੁੱਖ ਦਾ ਸਵਾਲ ਪਾਇਆ ਤਾਂ ਉਨ੍ਹਾਂ ਦੇ ਮਨ ਨੇ ਤੁਰੰਤ ਗਵਾਹੀ ਭਰ ਦਿੱਤੀ ਕਿ ਇਸ ਤੋਂ ਵਧੀਆਂ ਤੇ ਸੱਚਾ ਸੌਦਾ ਹੋਰ ਕਿਹੜਾ ਹੋ ਸਕਦਾ ਹੈ? ਉਨ੍ਹਾਂ ਨੇ ਤੁਰੰਤ ਉਸ ਰਕਮ ਦੀ ਰਸਦ ਖਰੀਦ ਕੇ ਸਾਧੂਆਂ ਨੂੰ ਭੋਜਨ ਛਕਾਇਆ ਤੇ ਲੰਗਰ ਦੀ ਅਜਿਹੀ ਬੁਨਿਆਦ ਰੱਖੀ ਜਿਹੜੀ ਅੱਜ ਵੀ ਦੁਨੀਆ ਦੇ ਹਰ ਕੋਨੇ-ਕੋਨੇ ਵਿਚ ਜਿੱਥੇ ਕਿਤੇ ਵੀ ਨਾਨਕ ਨਾਮ ਲੇਵਾ ਲੋਕ ਵੱਸਦੇ ਹਨ ਉਥੇ ਗੁਰੂ ਘਰਾਂ ਵਿੱਚ ਗੁਰੂ ਕਾ ਲੰਗਰ ਵੀ ਜ਼ਰੂਰ ਵਰਤਦਾ ਹੈ। ਸਮਾਜਵਾਦ ਦੀ ਅਸਲ ਨੀਂਹ ਤੇ ਮੁੱਖ ਧਾਰਾ ਏਹੀ ਹੈ ਕਿ ਸਮਾਜ ਵਿਚ ਕੋਈ ਵੀ ਭੁੱਖਾ ਨਹੀਂ ਰਹਿਣਾ ਚਾਹੀਦਾ। ਏਸੇ ਆਧਾਰ 'ਤੇ ਹੀ ਸਮਾਜਵਾਦੀ ਭਾਵਨਾ ਵਿਕਸਤ ਹੋਈ ਹੈ।ਜੇ ਸਾਡੇ ਭਾਰਤ ਵਿਚ ਅੱਜ ਸਰਕਾਰ ਨੇ ਭੋਜਨ ਸੁਰੱਖਿਆ ਗਾਰੰਟੀ ਕਾਨੂੰਨ ਬਣਾਇਆ ਹੈ ਤਾਂ ਇਹ ਬਾਬੇ ਨਾਨਕ ਦੀ ਸੋਚ ਦਾ ਹੀ ਇਕ ਕਦਮ ਹੈ।

ਮਹਿਤਾ ਕਾਲੂ ਜੀ ਨੇ ਹਰ ਸੰਭਵ ਯਤਨ ਕੀਤਾ ਕਿ ਉਹ ਨਾਨਕ ਜੀ ਨੂੰ ਦੁਨਿਆਵੀ ਕੰਮਾਂ ਵਿਚ ਲਾਉਣ ਪਰ ਕੋਈ ਵੀ ਯਤਨ ਕਾਮਯਾਬ ਨਾ ਹੋਇਆ। ਸੁਲਤਾਨਪੁਰ ਲੋਧੀ ਵਿਖੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਚ ਨੌਕਰੀ ਲਵਾ ਕੇ ਵੀ ਦੁਨੀਆਂਦਾਰੀ ਵਿਚ ਲਾਉਣ ਦਾ ਯਤਨ ਕੀਤਾ ਪਰ ਉਨ੍ਹਾਂ ਦਾ ਤਾਂ ਪ੍ਰਮਾਤਮਾ ਨਾਲ ਬਹੁਤ ਹੀ ਅਲੌਕਿਕ ਰਿਸ਼ਤਾ ਸੀ ਤੇ ਉਹ ਹਰ ਕੰਮ ਵਿਚ ਤੇਰਾ-ਤੇਰਾ ਦਾ ਹੀ ਜਾਪ ਕਰਦੇ ਸਨ। ਜੇ ਵਿਆਹ ਕਰ ਕੇ ਉਨ੍ਹਾਂ ਨੇ ਨਾਨਕ ਜੀ ਨੂੰ ਗ੍ਰਹਿਸਤੀ ਵਿਚ ਰਿਝਾਉਣ ਦਾ ਯਤਨ ਕੀਤਾ ਤਾਂ ਏਥੇ ਵੀ ਉਨ੍ਹਾਂ ਨੂੰ ਸਫਲਤਾ ਨਹੀਂ ਮਿਲੀ। ਉਨ੍ਹਾਂ ਨੇ ਗ੍ਰਹਿਸਤ ਮਾਰਗ ਜ਼ਰੂਰ ਅਪਣਾਇਆ। ਮਾਤਾ ਸੁਲੱਖਣੀ ਜੀ ਨਾਲ ਉਨ੍ਹਾਂ ਦੀ ਸ਼ਾਦੀ ਹੋਈ ਤੇ ਦੋ ਪੁੱਤਰ ਵੀ ਪੈਦਾ ਹੋਏ ਬਾਬਾ ਸ੍ਰੀਚੰਦ ਅਤੇ ਬਾਬਾ ਲਖਮੀ ਦਾਸ ਜੀ। ਪਰ ਉਹ ਗ੍ਰਹਿਸਤ ਮਾਰਗ ਵਿਚ ਵੀ ਲੀਨ ਨਾ ਹੋਏ। ਅਖੀਰ ਸਭ ਝਮੇਲੇ ਛੱਡ ਕੇ ਉਨ੍ਹਾਂ ਨੇ ਚਹੁੰਆਂ ਦਿਸ਼ਾਵਾਂ ਵੱਲ ਚਾਰ ਯਾਤਰਾਵਾਂ ਕੀਤੀਆਂ ਜੋ ਚਾਰ ਉਦਾਸੀਆਂ ਵਜੋਂ ਜਾਣੀਆਂ ਜਾਂਦੀਆਂ ਹਨ। ਇਨ੍ਹਾਂ ਉਦਾਸੀਆਂ ਦੌਰਾਨ ਉਨ੍ਹਾਂ ਨੇ ਵਹਿਮ-ਭਰਮਾਂ ਤੇ ਪਾਖੰਡਾਂ ਤੋਂ ਦੁਨੀਆ ਨੂੰ ਨਿਜਾਤ ਦਿਵਾਉਣ ਲਈ ਕੁਰੂਕਸ਼ੇਤਰ ਵਿਖੇ ਗ੍ਰਹਿਣ ਵਾਲੇ ਦਿਨ ਪੰਡਤਾਂ ਦੇ ਉਲਟ ਪੱਛਮ ਵੱਲ ਨੂੰ ਪਾਣੀ ਝੱਟ ਕੇ ਉਨ੍ਹਾਂ ਦਾ ਵਹਿਮ ਦੂਰ ਕੀਤਾ। ਤਰਕ ਦੇ ਆਧਾਰ 'ਤੇ ਸਮਝਾਇਆ। ਸਿੱਧਾਂ ਨਾਲ ਗੋਸ਼ਟ ਕੀਤੀ। ਉਨ੍ਹਾਂ ਦੇ ਭਰਮ ਨੂੰ ਤੋੜਿਆ। ਕੌਡਾ ਰਾਖਸ਼, ਵਲੀ ਕੰਧਾਰੀ ਅਤੇ ਸੱਜਣ ਠੱਗ ਵਰਗੇ ਕਿੱਸਿਆਂ ਨਾਲ ਇਤਿਹਾਸ ਭਰਿਆ ਪਿਆ ਹੈ।

ਲੋਕਾਂ ਦੇ ਭਰਮ ਭੁਲੇਖੇ ਦੂਰ ਕਰਨ ਲਈ ਕਿ ਰੱਬ ਕੇਵਲ ਮੰਦਰਾਂ, ਮਸਜਿਦਾਂ, ਗੁਰਦੁਆਰਿਆਂ ਜਾਂ ਗਿਰਜਾਘਰਾਂ ਵਿਚ ਹੀ ਨਹੀਂ ਰਹਿੰਦਾ ਬਲਕਿ ਹਰੇਕ ਥਾਂ ਅਤੇ ਹਰੇਕ ਮਨੁੱਖ ਦੇ ਅੰਦਰ ਹੈ। ਗੁਰੂ ਨਾਨਕ ਦੇਵ ਜੀ ਨੇ ਸਮਾਜ ਦੀ ਨੀਚ ਸਮਝੀ ਜਾਣ ਵਾਲੀ ਜਾਤ ਦਾ ਪ੍ਰਤੀਨਿਧ ਮਰਦਾਨਾ ਆਪਣਾ ਸਾਥੀ ਬਣਾਇਆ ਤਾਂ ਕਿ ਲੋਕਾਂ ਨੂੰ ਇਹ ਸੰਦੇਸ਼ ਪਹੁੰਚੇ ਕਿ ਕੋਈ ਵੀ ਮਨੁੱਖ ਜਨਮ ਜਾਤ ਕਾਰਨ ਨੀਚ ਨਹੀਂ ਹੁੰਦਾ ਬਲਕਿ ਉਹਦੇ ਕੰਮ ਉਹਨੂੰ ਨੀਚ ਬਣਾਉਂਦੇ ਹਨ। ਏਹੀ ਕਾਰਨ ਸੀ ਕਿ ਉਨ੍ਹਾਂ ਨੇ ਏਮਨਾਬਾਦ ਦੇ ਸ਼ਾਹੂਕਾਰ ਮਲਿਕ ਭਾਗੋ ਦੇ ਸ਼ਾਹੀ ਭੋਜ ਨੂੰ ਠੁਕਰਾ ਕੇ ਗਰੀਬ ਮਿਹਨਤੀ ਭਾਈ ਲਾਲੋ ਦੇ ਘਰ ਦੀ ਕੋਧਰੇ ਦੀ ਰੋਟੀ ਖਾਧੀ ਸੀ।

ਯਾਤਰਾ ਦੌਰਾਨ ਮੁਲਤਾਨ ਪਹੁੰਚਣ ਸਮੇਂ ਬੜੀ ਵਚਿੱਤਰ ਘਟਨਾ ਵਾਪਰੀ। ਬਾਬਾ ਜੀ ਨੇ ਸਾਥੀ ਮਰਦਾਨੇ ਸਮੇਤ ਸ਼ਹਿਰੋਂ ਬਾਹਰ ਹੀ ਡੇਰਾ ਲਾ ਲਿਆ। ਉਹ ਸ਼ਹਿਰ ਉਨ੍ਹਾਂ ਦਿਨਾਂ ਵਿਚ ਸਾਧਾਂ ਨਾਲ ਭਰਿਆ ਪਿਆ ਸੀ। ਸਾਧ ਬਣ ਕੇ ਵਿਹਲੇ ਰਹਿਣ ਅਤੇ ਖਾਣ-ਪੀਣ ਦਾ ਸਹਿਜੇ ਹੀ ਸਰਲ ਕਾਰਜ ਹੈ। ਇਹ ਪ੍ਰਵਿਰਤੀ ਵੀ ਸਦਾ ਹੀ ਚਲਦੀ ਰਹੀ ਹੈ। ਬਾਬੇ ਨਾਨਕ ਦੇ ਉੱਥੇ ਪਹੁੰਚਣ ਨਾਲ ਪਹਿਲੇ ਸਾਧੂਆਂ ਵਿਚ ਘੁਸਰ-ਮੁਸਰ ਹੋਣ ਲੱਗ ਪਈ। ਅਖੀਰ ਉਨ੍ਹਾਂ ਦੇ ਮੁਖੀ ਨੇ ਬੜੀ ਤਰਕੀਬ ਨਾਲ ਦੁੱਧ ਦਾ ਇਕ ਪਿਆਲਾ ਭਰ ਕੇ ਆਪਣਾ ਇਕ ਚੇਲਾ ਬਾਬੇ ਨਾਨਕ ਕੋਲ ਭੇਜਿਆ। ਜੇ ਕੋਈ ਆਮ ਡੰਗ ਟਪਾਊ ਸਾਧੂ ਹੁੰਦਾ ਤਾਂ ਦੁੱਧ ਵੇਖ ਕੇ ਝੱਟ ਛਕ ਜਾਂਦਾ। ਘਟ-ਘਟ ਦੀ ਜਾਨਣ ਵਾਲੇ ਬਾਬੇ ਨਾਨਕ ਨੇ ਚਮੇਲੀ ਦੇ ਫੁੱਲ ਦੀਆਂ ਦੋ ਪੱਤੀਆਂ ਪਿਆਲੇ ਵਿਚ ਪਾ ਕੇ ਦੁੱਧ ਉਂਜ ਹੀ ਵਾਪਸ ਭੇਜ ਦਿੱਤਾ।ਭਰੇ ਹੋਏ ਦੁੱਧ ਦੇ ਪਿਆਲੇ ਦਾ ਗੁਪਤ ਅਰਥ ਸੀ ਕਿ "ਇਹ ਸ਼ਹਿਰ ਪਹਿਲਾਂ ਹੀ ਸਾਧੂਆਂ ਨਾਲ ਭਰਿਆ ਪਿਆ ਹੈ। ਇਸ ਲਈ ਤੁਸੀਂ ਹੋਰ ਕਿਧਰੇ ਡੇਰਾ ਲਾਓ।" ਬਾਬੇ ਨਾਨਕ ਨੇ ਗੁਪਤ ਸੰਦੇਸ਼ ਦਾ ਜਵਾਬ ਵੀ ਗੁਪਤ ਭਾਸ਼ਾ ਵਿਚ ਹੀ ਦਿੱਤਾ ਕਿ ਜਿਵੇਂ ਚਮੇਲੀ ਦੇ ਫੁੱਲ ਦੀਆਂ ਪੱਤੀਆਂ ਦੁੱਧ 'ਤੇ ਤੈਰ ਗਈਆਂ ਹਨ ਤੇ ਦੁੱਧ ਵਿਚ ਕੋਈ ਹਲਚਲ ਨਹੀਂ ਹੋਈ ਉਸੇ ਤਰ੍ਹਾਂ ਹੀ ਸਾਡੇ ਆਉਣ ਨਾਲ ਤੁਹਾਨੂੰ ਕੋਈ ਫਰਕ ਨਹੀਂ ਪਵੇਗਾ।

ਅੱਜ-ਕੱਲ੍ਹ ਦੇ ਬਾਬੇ ਆਲੀਸ਼ਾਨ ਕਾਰਾਂ ਤੇ ਜਹਾਜ਼ਾਂ ਵਿਚ ਘੁੰਮਦੇ ਹਨ ਪਰ ਬਾਬੇ ਨਾਨਕ ਨੇ ਉਸ ਸਮੇਂ ਦੇ ਦੂਰ-ਦੁਰਾਡੇ ਰਸਤਿਆਂ, ਪਹਾੜਾਂ ਤੇ ਸਮੁੰਦਰਾਂ ਦੇ ਕੰਢਿਆਂ 'ਤੇ ਵੀ ਪੈਦਲ ਹੀ ਯਾਤਰਾ ਕੀਤੀ। ਹਰ ਥਾਂ ਕਿਰਤ ਕਰਨ, ਨਾਮ ਜਪਣ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਔਰਤ ਜਾਤ ਨਾਲ ਹੁੰਦੀਆਂ ਵਧੀਕੀਆਂ ਦੇ ਵਿਰੋਧ ਵਿਚ ਸਭ ਤੋਂ ਪਹਿਲਾਂ ਬਾਬੇ ਨਾਨਕ ਨੇ ਹੀ ਆਵਾਜ਼ ਉਠਾਈ ਅਤੇ ਦੁਰਕਾਰੀ ਜਾਣ ਵਾਲੀ ਔਰਤ ਨੂੰ "ਸੋ ਕਿਉਂ ਮੰਦਾ ਆਖੀਐ, ਜਿਤ ਜੰਮਹਿ ਰਾਜਾਨ।।" ਕਹਿ ਕੇ ਉਹਦੀ ਹਾਮੀ ਭਰੀ। ਸਤੀ ਪ੍ਰਥਾ ਦਾ ਡਟ ਕੇ ਵਿਰੋਧ ਕੀਤਾ। ਜਿੱਥੇ ਕਿਤੇ ਵੀ ਉਨ੍ਹਾਂ ਨੂੰ ਆਮ ਮਨੁੱਖ ਨਾਲ ਵਧੀਕੀ ਹੁੰਦੀ ਨਜ਼ਰ ਆਈ ਉੱਥੇ ਜਾ ਕੇ ਹੀ ਉਨ੍ਹਾਂ ਨੇ ਉਹਦਾ ਹੱਲ ਕੀਤਾ।

ਉਦਾਸੀਆਂ ਤੋਂ ਵਿਹਲੇ ਹੋ ਕੇ ਬਾਬੇ ਨਾਨਕ ਨੇ ਕਰਤਾਰਪੁਰ ਵਿਖੇ (ਜੋ ਅੱਜ-ਕੱਲ੍ਹ ਪਾਕਿਸਤਾਨ ਵਿਚ ਹੈ) ਖੇਤੀ ਕਰਕੇ ਹੱਥੀਂ ਕਿਰਤ ਕਰਨ ਦੇ ਉਪਦੇਸ਼ 'ਤੇ ਖੁਦ ਵੀ ਅਮਲ ਕੀਤਾ। ਏਥੇ ਹੀ ਆਪ ਜੀ ਦੀ ਮੁਲਾਕਾਤ ਭਾਈ ਲਹਿਣਾ ਜੀ ਨਾਲ ਹੋਈ ਜੋ ਯਾਤਰਾ 'ਤੇ ਜਾਣ ਦੇ ਮੂਡ ਵਿਚ ਆਇਆ ਸੀ ਪਰ ਏਥੇ ਦਾ ਹੀ ਹੋ ਕੇ ਰਹਿ ਗਿਆ। ਇਹ ਉਹ ਥਾਂ ਸੀ ਜਿਥੇ ਬਾਬਾ ਨਾਨਕ ਨੇ ਆਪਣੀ ਗੱਦੀ ਦੇ ਅਗਲੇ ਵਾਰਸ ਦੀ ਹਰ ਤਰ੍ਹਾਂ ਨਾਲ ਪਰਖ ਕੀਤੀ ਤੇ ਹਰ ਮਰਹੱਲੇ 'ਤੇ ਸਫਲ ਹੋਣ ਉਪਰੰਤ ਆਪਣੀ ਗੁਰਗੱਦੀ ਨੂੰ ਜੱਦੀ ਪੁਸ਼ਤੀ ਬਣਾਉਣ ਦੀ ਥਾਂ ਅਸਲੀ ਹੱਕਦਾਰ ਤੇ ਗੁਣਵਾਨ ਭਾਈ ਲਹਿਣਾ ਜੀ ਨੂੰ ਸੌਂਪ ਕੇ ਗੁਰੂ ਅੰਗਦ ਦਾ ਨਾਮ ਦਿੱਤਾ।

ਗੁਰੂ ਨਾਨਕ ਦੇ ਸਮੁੱਚੇ ਜੀਵਨ ਵਿਚ ਸਹਿਜਤਾ, ਸਰਲਤਾ, ਸ਼ੁੱਧਤਾ, ਹਲੀਮੀ ਅਤੇ ਨਾਮਦਾਨ ਨਾਲ ਬਲਰੇਜ 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਦਾ ਭਰਪੂਰ ਬੋਲਬਾਲਾ ਹੈ।' ਉਨ੍ਹਾਂ ਨੇ ਮਲਿਕ ਭਾਗੋ ਨੂੰ ਹਲੂਣਿਆ, ਲਾਲੋ ਨੂੰ ਗਲੇ ਲਗਾਇਆ, ਬਾਬਰ ਨੂੰ ਜਾਬਰ ਵੀ ਕਿਹਾ ਤੇ ਪਾਖੰਡੀਆਂ ਤੇ ਭੇਖੀਆਂ ਨੂੰ ਰਾਹੇ ਪਾਇਆ। ਗ੍ਰਹਿਣ ਪੂਜਾ ਤੇ ਵਰਤ ਰੱਖ ਕੇ ਪਾਖੰਡ ਕਰਨ ਤੇ ਮੂਰਤੀ ਪੂਜਣ ਦੀ ਨਿਖੇਧੀ ਕੀਤੀ। ਸੁਆਰਥ ਤੇ ਹਉਮੈ ਤੋਂ ਦੂਰ ਉੱਠ ਕੇ ਉਨ੍ਹਾਂ ਨੇ ਆਪਣੇ ਜਾਨ-ਸ਼ੀਨ ਦੀ ਚੋਣ ਕੇਵਲ ਅਤੇ ਕੇਵਲ ਗੁਣਾਂ ਦੇ ਆਧਾਰ 'ਤੇ ਹੀ ਕੀਤੀ। ਵੰਸ਼ਵਾਦ ਨੂੰ ਨੇੜੇ ਵੀ ਨਹੀਂ ਲੱਗਣ ਦਿੱਤਾ।ਪਰ ਕੀ ਉਸ ਮਹਾਨ ਗੁਰੂ ਦੀਆਂ ਸਿੱਖਿਆਵਾਂ ਦਾ ਸਾਡੇ 'ਤੇ ਜਾਂ ਸਾਡੇ ਸਮਾਜ 'ਤੇ ਕੋਈ ਅਸਰ ਹੋਇਆ ਹੈ? ਕੀ ਅੱਜ ਮਲਿਕ ਭਾਗੋ ਜਾਂ ਕੌਡੇ ਰਾਖਸ਼ ਖਤਮ ਹੋ ਗਏ ਹਨ? ਉਦੋਂ ਤਾਂ ਸ਼ਾਇਦ ਆਬਾਦੀ ਥੋੜ੍ਹੀ ਸੀ ਤੇ ਇਕ ਹੀ ਮਲਿਕ ਭਾਗੋ ਦਾ ਜ਼ਿਕਰ ਆਇਆ ਹੈ ਪਰ ਅੱਜ-ਕੱਲ੍ਹ ਤਾਂ ਸਾਡਾ ਆਲਾ-ਦੁਆਲਾ ਹੀ ਮਲਿਕ ਭਾਗੋਆਂ ਨਾਲ ਭਰਿਆ ਪਿਆ ਹੈ। ਵਿਚਾਰੇ ਲਾਲੋ ਰੂਪੀ ਆਮ ਮਨੁੱਖ ਦਾ ਜਿਓਣਾ ਹੀ ਦੁੱਭਰ ਹੋ ਗਿਆ ਹੈ। ਕੀ ਵਕਤ ਦੀ ਦੁਰਦਸ਼ਾ ਫਿਰ ਉਹੋ ਜਿਹੀ ਤਾਂ ਨਹੀਂ ਹੋ ਗਈ ਜਦੋਂ ਬਾਬੇ ਨਾਨਕ ਨੂੰ ਉਦਾਸੀਆਂ ਕਰਨੀਆਂ ਪਈਆਂ ਸਨ?

ਸ੍ਰੋਤ - ਇੰਟਰਨੈੱਟ


C.U Pest Control
YOUR LOCAL PEST EXPERTS
10% OFF*
VALID TILL OFFER ENDS
WE SERVICE
BED BUGS
COCKROACHES
SPIDERS
MITES
FLEAS
RATS
FRUIT FLIES
TERMITES
ANTS
SAFE FOR
PETS
ELDERLY
FAMILY
KIDS
ASTHMATICS
PREGNANT WOMEN
TODDLERS
LIVESTOCK
Wishing you and your family a happy and prosperous Diwali!
CALL 1300 341 680 TODAY FOR A QUOTE
VISIT AND BOOK US ONLINE CUPEST.COM.AU
* Just mention this newspaper name to redeem 10% off Residential Pest Control Services


On Diwali, wishing that all your business endeavors become a success.
WEB DESIGN
LOGO DESIGN
POSTER
FLYER ETC.
Phone 0437-641-033
+1-604-657-9215 (WhatsApp)
saverdollar@gmail.com

ਜਾਰਾ ਟਰਾਂਸਪੋਰਟ ਦੀ ਸਮੂਹ ਟੀਮ ਵਲੋਂ ਦਿਵਾਲੀ ਦੇ ਸ਼ੁਭ ਤਿਓਹਾਰ ਤੇ ਸਭ ਨੂੰ ਲੱਖ ਲੱਖ ਵਧਾਈ !






# ਭਾਰਤ ਵਿਚ ਖੇਤੀ ਬਾਰੇ ਨਵੇਂ ਕਾਨੂੰਨ

ਭਾਰਤ ਦੀ ਸੰਸਦ ਬੜੀ ਤੇਜੀ ਨਾਲ ਨਵੇਂ ਨਵੇਂ ਕਾਨੂੰਨ ਬਣਾਈ ਜਾ ਰਹੀ ਏ। ਪਿਛਲੇ ਬਣੇ ਕਾਨੂੰਨ ਚੱਜ ਨਾਲ ਲਾਗੂ ਨਹੀਂ ਹੁੰਦੇ, ਹੋਰ ਕਾਨੂੰਨ ਬਣੀ ਜਾ ਰਹੇ ਹਨ। ਇਵੇਂ ਮਹਿਸੂਸ ਹੋ ਰਿਹਾ ਏ ਜਿਵੇਂ ਸਰਕਾਰ ਨੇ ਆਪਣੇ ਕਾਰਜਕਾਲ ਵਿਚ ਸਾਰੇ ਢਾਂਚੇ ਵਿਚ ਕੋਈ ਵੱਡੀ ਤਬਦੀਲੀ ਕਰ ਦੇਣੀ ਹੋਵੇ। ਇਹ ਸਿਲਸਿਲਾ ਨੋਟਬੰਦੀ ਬਾਰੇ ਨਵੇਂ ਬਣੇ ਕਾਨੂੰਨ ਤੋਂ ਚਲਦਾ ਆ ਰਿਹਾ ਏ। ਸੰਸਦ ਦੇ ਦੂਜੇ ਕਾਰਜਕਾਲ ਵਿਚ ਇਹ ਸਿਲਸਿਲਾ ਹੋਰ ਤੇਜੀ ਫੜ ਗਿਆ ਸੀ। ਥੋੜ੍ਹੇ ਸਮੇਂ ਵਿਚ ਹੀ ਨਾਗਰਿਕਤਾ ਸੋਧ ਬਿੱਲ, ਜੀ.ਐਸ.ਟੀ. ਬਿੱਲ, ਕਸ਼ਮੀਰ ਦੀ ਧਾਰਾ 370 ਨਾਲ ਸੰਬੰਧਤ ਬਿੱਲ ਬੜੀ ਛੇਤੀਂ ਛੇਤੀਂ ਪਾਸ ਕਰ ਦਿੱਤੇ ਗਏ ਸੀ।

ਹੁਣ ਸੰਸਦ ਨੇ ਕਿਸਾਨਾਂ ਨਾਲ ਸੰਬੰਧਤ ਤਿੰਨ ਆਰਡੀਨੈਂਸਾਂ ਨੂੰ ਕਾਨੂੰਨ ਦਾ ਰੂਪ ਦੇ ਦਿੱਤਾ ਹੈ। ਇਹਨਾਂ ਬਿੱਲਾਂ ਦਾ ਕਿਸਾਨਾਂ ਵਲੋਂ ਅੰਤਾਂ ਦਾ ਵਿਰੋਧ ਹੋਇਆ ਏ। ਕਈ ਹੋਰ ਵਰਗ ਵੀ ਕਿਸਾਨਾਂ ਨਾਲ ਖੜ੍ਹੇ ਹੋ ਗਏ ਹਨ। ਉੱਤਰੀ ਭਾਰਤ ਵਿਚ ਤਾਂ ਹੜਕੰਪ ਮਚ ਗਿਆ ਏ। ਰੇਲ ਰੋਕੋ ਤੇ ਸਭ ਕਾਰੋਬਾਰ ਠੱਪ ਕਰਨ ਜਿਹੇ ਅੰਦੋਲਨ ਚਲ ਰਹੇ ਹਨ। ਕਿਸਾਨਾਂ ਨੇ ਸਰਕਾਰਾਂ ਦੇ ਨੱਕ ਵਿਚ ਦਮ ਕਰ ਦਿੱਤਾ ਹੈ। ਕੈਨੇਡਾ, ਆਸਟਰੇਲੀਆ, ਜਰਮਨੀ ਅਤੇ ਹੋਰ ਦੇਸਾਂ ਦੇ ਭਾਰਤੀਆਂ ਨੇ ਵੀ ਇਹਨਾਂ ਕਾਨੂੰਨਾਂ ਦਾ ਜ਼ੋਰਦਾਰ ਵਿਰੋਧ ਕੀਤਾ ਹੈ। ਜਰਮਨ ਵਸਦੇ ਪੰਜਾਬੀ ਭਾਈਚਾਰੇ ਵਲੋਂ ਭਾਰਤੀ ਕੌਂਸਲਟ ਫਰੈਂਕਫਰਟ ਸਾਹਮਣੇ ਰੋਸ ਰੈਲੀ ਕਰਕੇ ਕਿਸਾਨਾਂ ਦੇ ਸੰਘਰਸ਼ ਦੀ ਪੂਰਨ ਹਮਾਇਤ ਕੀਤੀ ਗਈ। ਇਸ ਮੌਕੇ ਬੁਲਾਰਿਆਂ ਨੇ ਕਿਹਾ ਕਿ ਇਹ ਕਾਲੇ ਕਾਨੂੰਨ ਮੋਦੀ ਸਰਕਾਰ ਵਲੋਂ ਗੈਰ-ਜ਼ਮਹੂਰੀ ਤਰੀਕੇ ਨਾਲ ਮੱਧ ਵਰਗੀ ਕਿਸਾਨਾਂ, ਖੇਤ ਮਜਦੂਰਾਂ, ਛੋਟੇ ਵਪਾਰੀਆਂ ਤੇ ਆੜ੍ਹਤੀਆਂ ਨੂੰ ਘਸਿਆਰੇ ਤੇ ਨਿਤਾਣੇ ਬਣਾਉਣ ਲਈ ਪੂੰਜੀਪਤੀਆਂ ਤੇ ਕਾਰਪੋਰੇਟ ਘਰਾਣਿਆਂ ਲਈ ਬਣਾਏ ਗਏ ਹਨ। ਇਹਨਾਂ ਕਾਨੂੰਨਾਂ ਵਿਰੁੱਧ ਟਰਾਂਟੋ ਵਿਚ ਵੀ ਰੋਸ ਰੈਲੀ ਕੱਢੀ ਗਈ। 11 ਅਕਤੂਬਰ ਨੂੰ ਸਿਡਨੀ ਦੇ ਬਲੈਕਟਾਊਨ ਵਿਖੇ ਇਕ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਦਾ ਪ੍ਰਬੰਧ ਸ. ਜੈਗ ਤੂਰ, ਸ. ਅਮਰ ਸਿੰਘ ਤੇ ਕੁਲਵਿੰਦਰ ਬਦੇਸ਼ਾ ਵਲੋਂ ਕੀਤਾ ਗਿਆ। ਇਸ ਸੈਮੀਨਾਰ ਵਿਚ ਵੱਖ ਵੱਖ ਬੁਲਾਰਿਆਂ ਨੇ ਖੇਤੀ ਕਾਨੂੰਨਾਂ ਦਾ ਡਟ ਕੇ ਵਿਰੋਧ ਕੀਤਾ। ਇਹ ਕਾਨੂੰਨ ਕੀ ਹਨ? ਆਓ ਇਹਨਾਂ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਕਰੀਏ। ਪਹਿਲੇ ਕਾਨੂੰਨ ਮੁਤਾਬਿਕ ਕਿਸਾਨ ਦੀਆਂ ਚੀਜਾਂ ਵਸਤਾਂ ਦੇ ਮੰਡੀਕਰਨ ਦਾ ਦਾਇਰਾ ਵਧਾ ਕੇ ਸਾਰਾ ਦੇਸ ਕਰ ਦਿੱਤਾ ਗਿਆ ਏ। ਦੂਸਰੇ ਕਾਨੂੰਨ ਮੁਤਾਬਕ ਬਾਹਰਲੇ ਵਪਾਰੀ ਸੂਬੇ ਵਿਚ ਆ ਕੇ ਆਪਣੇ ਸਟੋਰ ਬਣਾ ਸਕਦੇ ਹਨ। ਤੀਜੇ ਕਾਨੂੰਨ ਮੁਤਾਬਕ ਵੱਡੇ ਵਪਾਰੀ ਸਾਰੇ ਦੇਸ ਦਾ ਉਤਪਾਦਨ ਤੇ ਉਪਭੋਗਤਾ ਦੇਖ ਕੇ ਕਿਸਾਨਾਂ ਨੂੰ ਆਪਣੀ ਮਰਜ਼ੀ ਨਾਲ ਫਸਲਾਂ ਬੀਜਣ ਲਈ ਹਦਾਇਤ ਕਰਿਆ ਕਰਨਗੇ। ਮਿਸਾਲ ਦੇ ਤੌਰ ਤੇ ਜੇ ਦੇਸ਼ ਦੇ ਕਿਸੇ ਹਿੱਸੇ ਵਿੱਚ ਦਾਲਾਂ ਦੀ ਵੱਧ ਜ਼ਰੂਰਤ ਹੈ ਤਾਂ ਉਹ ਦਾਲਾਂ ਬੀਜਣ ਤਾਂ ਕਿ ਇਹ ਦਾਲਾਂ ਉਸ ਖਿੱਤੇ ਵਿੱਚ ਪਹੁੰਚਾਈਆਂ ਜਾ ਸਕਣ ਜਿੱਥੇ ਇਹਨਾਂ ਦੀ ਘਾਟ ਏ। ਭਾਵ ਇਹ ਕਿ ਕੁੱਝ ਸਮੇਂ ਬਾਅਦ ਕਿਸਾਨ ਦੀ ਆਪਣੀ ਮਰਜ਼ੀ ਅਨੁਸਾਰ ਫਸਲ ਬੀਜਣ ਦੀ ਅਜ਼ਾਦੀ ਵੀ ਖਤਮ ਹੋ ਜਾਵੇਗੀ।

ਕਾਰਪੋਰੇਟ ਦੀ ਲੰਮੇ ਸਮੇਂ ਤੋਂ ਭਾਰਤੀ ਖੇਤੀ ਸੈਕਟਰ ਤੇ ਨਜ਼ਰ ਸੀ। ਪ੍ਰਸਿਧ ਨਾਵਲਕਾਰ ਰਾਮ ਸਰੂਪ ਅਣਖੀ ਦਾ ਨਾਵਲ 'ਕਣਕਾਂ ਦਾ ਕਤਲਾਮ' 2007 ਵਿੱਚ ਛਪਿਆ ਸੀ। ਇਸ ਨਾਵਲ ਵਿੱਚ ਉਸ ਪ੍ਰਕਾਰ ਦਾ ਇਸ਼ਾਰਾ ਕੀਤਾ ਗਿਆ ਸੀ ਜੋ ਅੱਜ ਕਿਸਾਨ ਨਾਲ ਹੋ ਰਿਹਾ ਏ। ਕਹਾਣੀ ਇੰਝ ਹੈ ਕਿ ਇੱਕ ਸਰਮਾਏਦਾਰ ਸਰਕਾਰ ਨਾਲ ਮਿਲਕੇ ਇੱਕ ਪਿੰਡ ਦੀ ਸਾਰੀ ਜ਼ਮੀਨ ਅਕਵਾਇਰ ਕਰ ਲੈਂਦਾ ਏ। ਪਿੰਡ ਦੀਆਂ ਕੰਧਾਂ ਤੇ ਲਿਖਿਆ ਮਿਲਦਾ ਹੈ:-

***ਚਿੱਟੇ ਬਗਲੇ, ਨੀਲੇ ਮੋਰ***
***ਇਹ ਵੀ ਚੋਰ, ਉਹ ਵੀ ਚੋਰ***

ਆਖਰ ਸਾਰਾ ਪਿੰਡ ਹੀ ਲੋਕਾਂ ਤੋਂ ਖੋਹ ਲਿਆ ਜਾਂਦਾ ਏ। ਪੰਜਾਬ ਹਮੇਸ਼ਾਂ ਦੂਰ ਅੰਦੇਸ਼ ਨੀਤੀਆਂ ਦੀ ਘਾਟ ਦਾ ਸ਼ਿਕਾਰ ਹੋਇਆ ਏ। ਹੁਣ ਜਦ ਭਾਰਤ ਨੂੰ ਖਪਤ ਵਾਸਤੇ ਕਣਕ-ਝੋਨੇ ਦੇ ਚੱਕਰ ਦੀ ਜ਼ਰੂਰਤ ਨਹੀਂ ਹੈਤਾਂ ਕੇਂਦਰ ਨੇ ਕਿਸਾਨਾਂ ਨੂੰ ਕੋਈ ਢੁੱਕਵਾਂ ਫਸਲੀ ਬਦਲ ਦਿੱਤੇ ਬਿਨਾਂ ਹੀ ਨਵੇਂ ਕਾਨੂੰਨ ਪਾਸ ਕਰ ਦਿੱਤੇ। ਕਿਸਾਨ ਘੱਟੋ ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਪ੍ਰਣਾਲੀ ਦੇ ਕਾਰਣ ਹੋਣ ਵਾਲੀ ਯਕੀਨੀ ਆਮਦਨ ਕਰਕੇ ਮੁੱਖ ਤੌਰ ਤੇ ਕਣਕ-ਝੋਨੇ ਦੇ ਚੱਕਰ ਉੱਪਰ ਜ਼ੋਰ ਦੇ ਰਹੇ ਹਨ। ਇਹਨਾਂ ਨਵੇਂ ਕਾਨੂੰਨਾਂ ਦੇ ਰੰਗ ਇਸੇ ਸੀਜ਼ਨ ਵਿੱਚ ਦਿੱਖਣੇ ਸ਼ੁਰੂ ਹੋ ਗਏ ਹਨ। ਕਿਸਾਨਾਂ, ਵਪਾਰੀਆਂ ਅਤੇ ਖਰੀਦ ਦਾਰਾਂ ਨੂੰ ਕਿਤੇ ਵੀ ਆਪਣੀ ਜਿਣਸ ਲਿਜਾਣ ਦੀ ਖੁੱਲ ਦਾ ਪਹਿਲਾ ਨਿਸ਼ਾਨਾ ਪੰਜਾਬ ਬਣਦਾ ਜਾ ਰਿਹਾ ਏ। ਪੰਜਾਬ ਵਿੱਚ ਇਸ ਸਮੇਂ ਝੋਨੇ ਦੀ ਖਰੀਦ ਸਮਰਥਨ ਮੁੱਲ ਉੱਪਰ 1888 ਰੁਪਏ ਪ੍ਰਤੀ ਕਵਿੰਟਲ ਹੋ ਰਹੀ ਏ ਪਰ ਉੱਤਰ ਪ੍ਰਦੇਸ਼ ਤੇ ਬਿਹਾਰ ਇਹੀ ਝੋਨਾ ਨਿੱਜੀ ਖਰੀਦ ਦਾਰ 1200 ਤੋਂ 1300 ਰੁਪਏ ਵਿੱਚ ਖਰੀਦ ਰਹੇ ਹਨ। ਨਵੇਂ ਕਾਨੂੰਨ ਅਨੁਸਾਰ ਇਸਨੂੰ ਪੰਜਾਬ ਵਿੱਚ ਲਿਆ ਕੇ ਸਮਰਤਨ ਮੁੱਲ ਉੱਪਰ ਵੇਚਿਆ ਜਾ ਰਿਹਾ ਏ। ਰਾਜਪੁਰਾ ਤੇ ਸ਼ੰਭੂ ਬਾਰਡਰਾਂ ਤੇ ਅਤੇ ਖਨੌਰੀ ਨਾਕੇ ਉੱਪਰ ਕੁੱਝ ਟਰੱਕ ਅਜਿਹੇ ਫੜੇ ਗਏ ਹਨ ਜਿਹਨਾਂ ਬਾਰੇ ਸਰਕਾਰ ਸੂਹ ਕੱਢਣ ਲਈ ਤਿਆਰ ਨਹੀਂ। ਸਰਕਾਰ ਇਸ ਪੱਖੋਂ ਸ਼ਸ਼ੋਪੰਜ ਵਿੱਚ ਹੈ ਕਿ ਫੜੇ ਗਏ ਟਰੱਕਾਂ ਵਿਰੁੱਧ ਕਾਰਵਾਈ ਕਿਸ ਕਾਨੂੰਨ ਤਹਿਤ ਕਰੇ।

ਮਾਜੂਦਾ ਸਰਕਾਰ ਹਿੰਦੂਤਵ ਦੇ ਨਾਮ ਪਰ ਕਹਿੰਦੀ ਕੁੱਝ ਹੈ ਤੇ ਕਰਦੀ ਕੁਝ ਹੋਰ ਏ :-

***ਅੰਤਰ ਸ਼ਾਕਤੋਂ, ਬਹਿਰ ਸ਼ੈਵੋ, ਸਭਾ ਮਧਯੇ ਵੈਸ਼ਨਵ***
***(ਪ੍ਰਾਚੀਨ ਧਰਮ ਗ੍ਰੰਥ)***
***(ਕਹਿਣੀ ਹੋਰ ਤੇ ਕਰਣੀ ਹੋਰ)***

ਕਾਨੂੰਨ ਦੇ ਕਈ ਭੇਦ ਹਨ ਤੇ ਵਿਧਾਨ ਦੇ ਕਈ ਮੂੰਹ ਹੁੰਦੇ ਹਨ। ਐਵੇਂ ਉਤੋਂ ਦੇਖਣ ਨੂੰ ਹੀ ਉਹ ਇਕਸਾਰ ਲੱਗਦੇ ਹਨ -

***ਹੰਸਹ ਸ਼ਵੇਤੋ ਬੱਕਰ ਸ਼ਵੇਤੋ, ਕੇ ਭੇਦੋ ਬਕਹੰਸਮੋਹ?***
***ਨੀਰ ਕਸੀਰ ਵਿਭਾਗੰਨ ਹੰਸੋ ਹੰਸੋ ਬਕੋ ਬਕਹ।***

# ਮਿੱਟੀ ਦੀ ਮਹਿਕ

## $20 ਦਾ ਕਰੰਸੀ ਨੋਟ ਤੇ ਮੇਰਾ ਡਰ

### (ਮੇਰੀ ਅਣਛਪੀ ਸਵੈਜੀਵਨੀ 'ਡੱਬਰੀ ਤੋਂ ਡਾਰਲਿੰਗ ਹਾਰਬਰ ਤੱਕ' ਵਿਚੋਂ)

ਰੂਪਕ

ਪਾਠਕਾਂ ਵਿਚੋਂ ਸ਼ਾਇਦ ਬਹੁਤੇ ਜਾਣਦੇ ਹੀ ਹੋਣ ਕਿ ਆਸਟਰੇਲੀਆ ਦੇ 20 ਡਾਲਰ ਦੇ ਕਰੰਸੀ ਨੋਟ ਦੀ ਖਾਸੀਅਤ ਕੀ ਏ।

ਇਸ ਨੋਟ ਉੱਪਰ ਇਕ ਦੇਸੀ ਜਿਹੇ ਡਾਕਟਰ ਦੀ ਤਸਵੀਰ ਹੈ ਜਿਸਦਾ ਨਾਮ ਡਾ: ਜੌਹਨ ਫਲਿੱਨ (John Flynn) ਹੈ। ਉਸਨੇ ਸਭ ਤੋਂ ਪਹਿਲਾਂ ਆਸਟਰੇਲੀਅਨ ਇਨਲੈਂਡ ਮਿਸ਼ਨ (Australian Inland Mission) ਸਥਾਪਤ ਕੀਤਾ ਸੀ। ਬਾਦ ਵਿਚ ਇਸ ਮਿਸ਼ਨ ਨੂੰ ਰਾਇਲ ਫਲਾਇੰਗ ਡਾਕਟਰਜ਼ ਸਰਵਿਸ (Royal Flying Doctors Service) ਕਿਹਾ ਗਿਆ। ਇਸੇ ਤੋਂ ਹੀ ਬਾਦ ਵਿਚ ਦੁਨੀਆਂ ਦੀ ਪਹਿਲੀ ਏਅਰ ਐਂਬੂਲੈਂਸ ਦਾ ਆਰੰਭ ਹੋਇਆ ਸੀ। ਡਾ: ਫਲਿੱਨ ਦਾ ਮੁੱਖ ਉਦੇਸ਼ ਦਿਹਾਤੀ ਆਸਟਰੇਲੀਆ ਦੇ ਲੋਕਾਂ ਲਈ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਸੀ। ਇਸ ਕਾਰਜ ਹਿੱਤ ਉਸਨੇ ਦਿਹਾਤ ਵਿਚ ਕਈ ਹਸਪਤਾਲ ਸਥਾਪਤ ਕੀਤੇ। ਪਹਿਲੇ ਵਿਸ਼ਵ ਯੁੱਧ ਸਮੇਂ ਉਹ ਕਲਿਫੋਰਡ ਪੀਲ (Clifford Peel) ਨਾਂ ਦੇ ਇਕ ਆਸਟਰੇਲੀਅਨ ਪਾਈਲਟ ਦੇ ਸੰਪਰਕ ਵਿਚ ਆ ਗਿਆ। ਇਸ ਪਾਇਲਟ ਨੇ ਫਲਿੱਨ ਦੀਆਂ ਯੋਜਨਾਵਾਂ ਅਤੇ ਕਲਪਵਾਵਾਂ ਬਾਰੇ ਸੁਣਿਆ ਹੋਇਆ ਸੀ। ਇਸਦੀ ਮਦਦ ਨਾਲ ਫਲਿੱਨ ਹਵਾਈ ਮੈਡੀਕਲ ਸਰਵਿਸ ਕਾਇਮ ਕਰਨ ਵਿਚ ਕਾਮਯਾਬ ਹੋ ਗਿਆ। ਇਸ ਹਵਾਈ ਸੇਵਾ ਨੇ ਪਹਿਲੀ ਉਡਾਨ 1928 ਵਿਚ ਕੁਈਨਜ਼ਲੈਂਡ ਦੇ ਸ਼ਹਿਰ ਕਲੋਨਕਰੀ (Cloncurry) ਤੋਂ ਸ਼ੁਰੂ ਕੀਤੀ। ਡਾ: ਫਲਿੱਨ ਦੀਆਂ ਸੇਵਾਵਾਂ ਨੂੰ ਅੱਜ ਕੱਲ੍ਹ ਵੀ ਯੂਨਾਈਟਿੰਗ ਚਰਚ ਰਾਂਹੀ ਚਾਲੂ ਰਖਿਆ ਜਾ ਰਿਹਾ ਏ। ਫਲਿੱਨ 5 ਮਈ 1951 ਨੂੰ 70 ਸਾਲ ਦੀ ਉਮਰ ਵਿਚ ਸਿਡਨੀ ਵਿਖੇ ਪੂਰਾ ਹੋ ਗਿਆ।

ਡਾ: ਜੌਹਨ ਫਲਿੱਨ ਦੀਆਂ ਸੇਵਾਵਾਂ ਦੀ ਯਾਦ ਨੂੰ ਤਾਜਾ ਰੱਖਣ ਲਈ ਆਸਟਰੇਲਆ ਦੀ ਸਰਕਾਰ ਨੇ 20 ਡਾਲਰ ਦੇ ਨੋਟ ਉੱਤੇ ਉਸਦੀ ਤਸਵੀਰ ਲਗਾਈ ਹੋਈ ਏ। ਆਮ ਤੌਰ ਤੇ ਬਹੁਤੇ ਦੇਸਾਂ ਦੀ ਬਹੁਤੀ ਕਰੰਸੀ ਉੱਤੇ ਉਥੋਂ ਦੇ ਰਾਜੇ ਰਾਣੀਆਂ ਦੀਆਂ ਤਸਵੀਰਾਂ ਹੁੰਦੀਆਂ ਹਨ। ਡਾ: ਫਲਿੱਨ ਦੀ ਤਸਵੀਰ ਇਕ ਨੋਟ ਤੇ ਛਾਪ ਕੇ ਆਸਟਰੇਲੀਆ ਨੇ ਇਕ ਨਿਵੇਕਲਾ ਕੰਮ ਕੀਤਾ ਹੋਇਆ ਏ। ਇਸਦਾ ਅਰਥ ਇਹ ਹੈ ਕਿ ਇਹ ਦੇਸ ਕਿਸੇ ਵੀ ਬੰਦੇ ਦੀਆਂ ਮਨੁੱਖਤਾ ਪ੍ਰਤੀ ਵਿਲੱਖਣ ਸੇਵਾਵਾਂ ਨੂੰ ਯਾਦ ਰੱਖਣ ਦਾ ਉਹੋ ਜਿਹਾ ਹੀ ਮਹੱਤਵਪੂਰਣ ਤੇ ਨਿਵੇਕਲਾ ਤਰੀਕਾ ਅਖਤਿਆਰ ਕਰ ਸਕਦਾ ਹੈ ਜਿਹੋ ਜਿਹਾ ਰਾਜਿਆਂ ਮਹਾਰਾਜਿਆਂ ਦੀਆਂ ਸੇਵਾਵਾਂ ਨੂੰ ਤਾਜਾ ਰੱਖਣ ਲਈ ਅਪਣਾਇਆ ਜਾਂਦਾ ਹੈ।

ਡਾ: ਜੌਹਨ ਫਲਿੱਨ ਨੂੰ ਇਸ ਰੂਪਕ ਦਾ ਵਿਸ਼ਾ ਬਣਾਉਣ ਦੇ ਮੇਰੇ ਦੋ ਕਾਰਨ ਹਨ— 1. ਨਵੰਬਰ ਵਿਚ ਉਸਦਾ ਜਨਮ ਦਿਨ ਹੈ। ਇਸ ਰੂਪਕ ਨੂੰ ਉਸਦੇ ਜਨਮ ਦਿਨ ਤੇ ਵਿਸ਼ੇਸ਼ ਭੇਂਟ ਸਮਝਿਆ ਜਾਵੇ। 2. ਜਦ ਮੈਂ ਆਸਟਰੇਲੀਆ ਦੀ ਯੂਨੀਵਰਸਿਟੀ ਤੋਂ ਐਜੂਕੇਸ਼ਨ ਦਾ ਡਿਪਲੋਮਾ ਕਰ ਰਿਹਾ ਸਾਂ ਉਦੋਂ ਮੇਰੇ ਮੁੱਖ ਮਜ਼ਮੂਨ ਅੰਗਰੇਜ਼ੀ ਤੇ ਇਤਿਹਾਸ ਸਨ। ਇਤਿਹਾਸ ਵਿਚ ਡਾਕਟਰ ਫਲਿੱਨ ਬਾਰੇ ਚੈਪਟਰ ਵੀ ਸੀ। ਇਸ ਚੈਪਟਰ ਨਾਲ ਸੰਬੰਧਤ ਮੇਰੇ ਨਾਲ ਇਕ ਅਜੀਬ ਘਟਨਾ ਵਾਪਰੀ ਸੀ। ਮੈਂ ਉਹ ਘਟਨਾ ਅੱਜ ਦੁਆਰਾ ਤਾਜ਼ੀ ਕਰਨੀ ਚਾਹੁੰਦਾ ਹਾਂ।

ਡਿਪਲੋਮਾ ਕਰਦੇ ਸਮੇਂ ਆਖਰ ਵਿਚ ਇਹਨਾਂ



ਡਾ: ਜੌਹਨ ਫਲਿੱਨ

ਦੋਹਾਂ ਮਜ਼ਮੂਨਾਂ ਦੀ ਇਕ ਇਕ ਮਹੀਨੇ ਦੀ ਪਰੈਕਟਿਸ ਟੀਚਿੰਗ ਹੁੰਦੀ ਏ। ਮੇਰੀ ਵੀ ਇਕ ਸਕੂਲ ਵਿਚ ਇਤਹਾਸ ਦੀ ਪਰੈਕਟਿਸ ਟੀਚਿੰਗ ਸੀ। ਮੇਰੇ ਮਨ ਚਿਤ ਵੀ ਨਹੀਂ ਸੀ ਕਿ ਪ੍ਰੈਕਟਿਸ ਟੀਚਿੰਗ ਤੇ ਨਿਗਰਾਨੀ ਰੱਖਣ




ਵਾਲਾ ਯੂਨੀਵਰਸਿਟੀ ਦਾ ਪ੍ਰੋਫੈਸਰ ਮੈਨੂੰ ਡਾ: ਫਲਿੱਨ ਬਾਰੇ ਵੀ ਜਮਾਤ ਵਿਚ ਕੁਝ ਪੜ੍ਹਾਉਣ ਲਈ ਕਹਿ ਸਕਦਾ ਸੀ। ਮੈਂ ਸਵੇਰੇ ਸਮੇਂ ਸਿਰ ਸਕੂਲ ਪਹੁੰਚ ਗਿਆ ਸੀ। ਪਹੁੰਚਦੇ ਸਾਰ ਮੈਂ ਲਾਇਬ੍ਰੇਰੀ ਵਿਚ ਗਿਆ। ਅਚਾਨਕ ਮੇਰੇ ਮਨ ਵਿਚ ਆਇਆ ਕਿ ਜੇਕਰ ਮੈਨੂੰ ਡਾ: ਫਲਿੱਨ ਬਾਰੇ ਪੜ੍ਹਾਉਣ ਲਈ ਕਹਿ ਦਿੱਤਾ ਗਿਆ ਤਾਂ ਮੇਰੇ ਪਾਸ ਬੱਚਿਆਂ ਨੂੰ ਦਿਖਾਉਣ ਲਈ 20 ਡਾਲਰ ਦਾ ਕਰੰਸੀ ਨੋਟ ਹੋਣਾ ਚਾਹੀਦਾ ਸੀ। ਇਹ ਨੋਟ ਦਿਖਾ ਕੇ ਪਾਠ ਨੂੰ ਜਿਆਦਾ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਸੀ। ਮੈਂ ਆਪਣਾ ਬਟੂਆ ਦੇਖਿਆ ਉਸ ਵਿਚ ਕੋਈ 20 ਡਾਲਰ ਦਾ ਕਰੰਸੀ ਨੋਟ ਹੈ ਹੀ ਨਹੀਂ ਸੀ। ਸਿਰਫ ਦੋ 50-50 ਦੇ ਨੋਟ ਸਨ। ਮੇਰੇ ਮਨ 'ਚ ਖਿਆਲ ਆਇਆ ਕਿ ਲਾਇਬ੍ਰੇਰੀ ਵਿਚ ਬੈਠੀਆਂ ਨਾਵੀਂ ਜਮਾਤ ਦੀਆਂ 2-3 ਕੁੜੀਆਂ ਨੂੰ 20 ਦੇ ਕਰੰਸੀ ਨੋਟ ਲਈ ਪੁੱਛਿਆ ਜਾਵੇ। ਮੈਂ ਲੜਕੀਆਂ ਨੂੰ ਪੁੱਛ ਲਿਆ। ਮੈਂ ਇਹ ਵੀ ਦੱਸ ਦਿੱਤਾ ਕਿ ਇਹ ਨੋਟ ਮੈਨੂੰ ਕਿਉਂ ਚਾਹੀਦਾ ਸੀ। ਇਕ ਲੜਕੀ ਨੇ ਮੈਨੂੰ 20 ਦਾ ਨੋਟ ਦੇ ਦਿੱਤਾ। ਮੈਂ ਇਸਦੇ ਬਦਲੇ ਉਸਨੂੰ 50 ਦਾ ਕਰੰਸੀ ਨੋਟ ਦੇਣ ਦੀ ਕੋਸ਼ਿਸ਼ ਕੀਤੀ। ਉਸਨੇ ਇਹ ਮੈਥੋਂ ਲਿਆ ਨਹੀਂ। ਜਦ ਉਹ ਨਾ ਮੰਨੀ ਤਾਂ ਮੈਂ ਉਸਨੂੰ ਕਹਿ ਦਿੱਤਾ ਕਿ ਮੈਂ ਉਸਨੂੰ ਉਸਦਾ ਨੋਟ ਬਾਦ ਦੁਪਹਿਰ ਜਮਾਤ ਖਤਮ ਹੋਣ ਤੋਂ ਬਾਦ ਮੋੜ ਦੇਵਾਂਗਾ। ਮੈਂ ਡਰਿਆ ਹੋਇਆ ਤਾਂ ਵੈਸੇ ਹੀ ਕਾਫੀ ਸਾਂ ਕਿਉਂਕਿ ਪ੍ਰੈਕਟਿਸ ਟੀਚਿੰਗ ਦਾ ਸਮਾਂ ਤਕਰੀਬਨ ਹੋ ਹੀ ਰਿਹਾ ਸੀ। ਪਤਾ ਲੱਗਾ ਕਿ ਯੂਨੀਵਰਸਿਟੀ ਦਾ ਉਬਜ਼ਰਵਰ ਪ੍ਰੋਫੈਸਰ ਜੌਹਨ ਮੋਰਿਸ ਆ ਪਹੁੰਚਿਆ ਸੀ। ਦੂਜਾ ਡਰ ਮੈਨੂੰ ਇਕ ਹੋਰ ਲੱਗਣ ਲੱਗ ਪਿਆ। ਮੈਂ ਕਿਸੇ ਕੁੜੀ ਤੋਂ ਕੁਰੰਸੀ ਨੋਟ ਲਿਆ ਸੀ। ਮੈਨੂੰ ਡਰ ਸੀ ਕਿ ਕਿਸੇ ਦੇਖਣ ਵਾਲੇ ਨੇ ਕੀ ਸੋਚਿਆ ਹੋਵੇਗਾ ਕਿ ਮੈਂ ਸਕੂਲ਼ ਦੀਆਂ ਬੱਚੀਆਂ ਨਾਲ ਕਰੰਸੀ ਦਾ ਲੈਣ ਦੇਣ ਕਿਉਂ ਕਰ ਰਿਹਾ ਸਾਂ। ਮੇਰੀ ਮਨੋਬਿਰਤੀ ਅਜੇ ਵੀ ਭਾਰਤੀ ਮਨੋਬਿਰਤੀ ਹੀ ਸੀ: ਕਿਸੇ ਨੇ ਕਰੰਸੀ ਦੇ ਲੈਣ ਦੇਣ ਨੂੰ ਗਲਤ ਨਾ ਸਮਝ ਲਿਆ ਹੋਵੇ।

ਮੈਂ ਇਤਹਾਸ ਵਿਭਾਗ ਵਿਚ ਜਾ ਕੇ ਪ੍ਰੋਫੈਸਰ ਮੋਰਿਸ ਨਾਲ ਸੁਲਾਹ ਮਾਰੀ। ਮੇਰਾ ਹਿਸਟਰੀ ਦਾ ਟੀਚਰ ਪੀਟਰ ਸਾਨੂੰ ਦੋਹਾਂ ਨੂੰ ਦਸਵੀਂ ਜਾਮਤ ਦੇ ਕਮਰੇ ਮੂਹਰੇ ਲੈ ਗਿਆ। ਜਮਾਤ ਆ ਕੇ ਬਾਹਰ ਲਾਈਨ ਲਗਾ ਕੇ ਖੜ੍ਹੀ ਸੀ। ਮੈਂ

**(ਜਨਮ ਦਿਨ ਤੇ ਵਿਸ਼ੇਸ਼)**

ਸਾਰੀ ਜਮਾਤ ਨੂੰ ਧੱਕਾ ਮੁੱਕੀ ਤੋਂ ਬਚਾ ਕੇ ਅੰਦਰ ਤੋਰਿਆ ਤੇ ਬਿਠਾਇਆ। ਪੀਟਰ ਤੇ ਜਾਹਨ ਮੋਰਿਸ ਮੈਨੂੰ ਇੰਜ ਕਰਦੇ ਨੂੰ ਦੇਖ ਰਹੇ ਸਨ। ਜਦ ਜਮਾਤ ਬੈਠ ਗਈ ਤਾਂ ਮੈਨੂੰ ਮੋਰਿਸ ਨੇ ਪੁੱਛਿਆ ਕਿ ਉਸ ਦਿਨ ਆਪਾਂ ਚਲਦੀ ਚਾਲ ਵਿਚ ਕਿਹੜਾ ਪਾਠ ਪੜ੍ਹਨਾ ਸੀ। ਮੈਂ ਕਿਹਾ ਕਿ ਅਸੀਂ ਆਸਟਰੇਲੀਅਨ ਫੈਡਰੇਸ਼ਨ ਪੜ੍ਹ ਰਹੇ ਸਾਂ। ਉਸਨੇ ਮੈਨੂੰ ਉਥੋਂ ਹੀ ਅੱਗੇ ਪੜ੍ਹਾਉਣ ਲਈ ਕਹਿ ਦਿੱਤਾ। ਆਪ ਉਹ ਜਮਾਤ ਦੇ ਪਿੱਛੇ ਬੈਠ ਕੇ ਮੇਰਾ ਮੁਲਾਂਕਣ ਕਰਨ ਲੱਗ ਪਿਆ ਤੇ ਪੀਟਰ ਕੁਝ ਸਮੇਂ ਲਈ ਬਾਹਰ ਚਲਾ ਗਿਆ। ਇਸ ਪ੍ਰਕਾਰ ਪੂਰਾ ਪੀਰੀਅਡ ਮੇਰੀ ਪ੍ਰੈਕਟਿਸ ਟੀਚਿੰਗ ਚਲਦੀ ਰਹੀ ਪੀਰੀਅਡ ਖਤਮ ਹੋਣ ਤੇ ਅਸੀਂ ਜਮਾਤ ਤੋਂ ਬਾਹਰ ਆ ਗਏ। ਦੁਪਹਿਰ ਤੋਂ ਬਾਦ ਮੋਰਿਸ ਆਪਣੀ ਰਿਪੋਰਟ ਪੀਟਰ ਨੂੰ ਦੇ ਕੇ ਆਪ ਯੂਨੀਵਰਸਿਟੀ ਨੂੰ ਵਾਪਸ ਚਲਾ ਗਿਆ। ਮੈਂ ਉਸੇ ਕੁੜੀ ਨੂੰ ਲੱਭ ਕੇ ਉਸਦਾ ਦਾ ਨੋਟ ਉਸਨੂੰ ਵਾਪਸ ਕਰ ਦਿੱਤਾ ਤੇ ਸੁੱਖ ਦਾ ਸਾਹ ਲਿਆ। ਡਾ: ਫਲਿੱਨ ਵਾਲਾ ਚੈਪਟਰ ਮੈਨੂੰ ਪੜ੍ਹਾਉਣ ਲਈ ਨਹੀਂ ਕਿਹਾ ਗਿਆ ਸੀ। ਫਿਰ ਵੀ ਦੋ ਪ੍ਰਕਾਰ ਦਾ ਡਰ ਮੇਰੇ ਮਨ ਤੇ ਹਾਵੀ ਰਿਹਾ ਸੀ: ਪ੍ਰੈਕਟਿਸ ਦਾ ਡਰ ਤੇ ਉਸ ਲੜਕੀ ਤੋਂ ਮੰਗੇ ਡਾਲਰ ਦੇ ਨੋਟ ਦਾ ਡਰ!!

ਅਵਤਾਰ ਐੱਸ. ਸੰਘਾ
Avtar S. Sangha
0437641033



# ਭਾਰਤ ਇਕ 'ਹਿੰਦੂ ਰਾਸ਼ਟਰ': ਭਾਗਵਤ




ਨਾਗਪੁਰ : ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਅੱਜ ਕਿਹਾ ਕਿ ਭਾਰਤ ਇਕ 'ਹਿੰਦੂ ਰਾਸ਼ਟਰ' ਹੈ ਤੇ ਹਿੰਦੂਤਵ ਮੁਲਕ ਦੀ ਸ਼ਖ਼ਸੀਅਤ ਦਾ ਸਾਰ-ਤੱਤ ਹੈ। ਆਰਐੱਸਐੱਸ ਦੀ ਸਾਲਾਨਾ 'ਵਿਜੈਦਸ਼ਮੀ ਰੈਲੀ' ਮੌਕੇ ਉਨ੍ਹਾਂ ਕਿਹਾ ਕਿ ਜਦ ਸੰਘ ਕਹਿੰਦਾ ਹੈ ਕਿ ਹਿੰਦੁਸਤਾਨ ਇਕ 'ਹਿੰਦੂ ਰਾਸ਼ਟਰ' ਹੈ, ਇਸ ਦੇ ਮਨ ਵਿਚ ਕੋਈ ਸਿਆਸੀ ਜਾਂ ਤਾਕਤ 'ਤੇ ਕੇਂਦਰਤ ਸੰਕਲਪ ਨਹੀਂ ਹੁੰਦਾ। ਭਾਗਵਤ ਨੇ ਕਿਹਾ ਕਿ ਅਸੀਂ ਸਿੱਧੇ ਤੌਰ 'ਤੇ ਮੁਲਕ ਦੀ ਸ਼ਖ਼ਸੀਅਤ ਨੂੰ ਹਿੰਦੂ ਇਸ ਲਈ ਗਰਦਾਨ ਰਹੇ ਹਾਂ ਕਿਉਂਕਿ ਸਾਡੀਆਂ ਸਾਰੀਆਂ ਸਭਿਆਚਾਰਕ ਤੇ ਸਮਾਜੀ ਰਵਾਇਤਾਂ ਇਸ ਦੇ ਸਿਧਾਂਤਾਂ ਤੋਂ ਹੀ ਸੇਧ ਲੈਂਦੀਆਂ ਹਨ। ਆਰਐੱਸਐੱਸ ਮੁਖੀ ਨੇ ਕਿਹਾ ਕਿ ਹਿੰਦੂਤਵ ਸ਼ਬਦ ਨੂੰ 'ਤੋੜ-ਮਰੋੜ' ਲਿਆ ਗਿਆ ਹੈ। ਇਸ ਨਾਲ ਕਰਮਕਾਂਡ (ਵਿਧੀ-ਵਿਧਾਨ) ਸੰਕੇਤਕ ਤੌਰ 'ਤੇ ਜੋੜ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੰਘ ਇਸ ਸ਼ਬਦ ਦੀ ਵਰਤੋਂ ਮੌਕੇ ਇਸ ਗਲਤਫ਼ਹਿਮੀ ਵੱਲ ਸੰਕੇਤ ਨਹੀਂ ਕਰਦਾ। ਭਾਗਵਤ ਨੇ ਕਿਹਾ 'ਸਾਡੇ ਲਈ, ਇਹ ਉਹ ਸ਼ਬਦ ਹੈ ਜਿਸ ਰਾਹੀਂ ਪਛਾਣ ਨੂੰ ਦਰਸਾਇਆ ਗਿਆ ਹੈ, ਇਸ ਦੇ ਨਾਲ ਹੀ ਰੂਹਾਨੀਅਤ ਨਾਲ ਜੁੜੀਆਂ ਰਵਾਇਤਾਂ ਹਨ ਜਿਨ੍ਹਾਂ ਦੀ ਨਿਰੰਤਰਤਾ ਨੂੰ ਪ੍ਰਗਟ ਕੀਤਾ ਜਾਂਦਾ ਹੈ ਅਤੇ ਭਾਰਤ ਦੀ ਧਰਤੀ 'ਚ ਪੈਦਾ ਹੋਈਆਂ ਸਮੁੱਚੀਆਂ ਕਦਰਾਂ-ਕੀਮਤਾਂ ਦਾ ਸਰਮਾਇਆ ਵੀ ਹੈ ਜਿਸ ਨੂੰ ਪ੍ਰਤੱਖ ਕੀਤਾ ਗਿਆ ਹੈ।' ਇਸ ਲਈ ਸੰਘ ਮੰਨਦਾ ਹੈ ਕਿ ਇਹ ਸ਼ਬਦ ਭਾਰਤ ਦੀ ਸਾਰੀ 130 ਕਰੋੜ ਦੀ ਆਬਾਦੀ 'ਤੇ ਲਾਗੂ ਹੁੰਦਾ ਹੈ। ਉਨ੍ਹਾਂ ਸਾਰਿਆਂ 'ਤੇ ਜੋ ਖ਼ੁਦ ਨੂੰ ਭਾਰਤਵਰਸ਼ ਦੇ ਧੀਆਂ ਤੇ ਪੁੱਤਰ ਮੰਨਦੇ ਹਨ। ਭਾਗਵਤ ਨੇ ਕਿਹਾ ਕਿ ਉਹ ਸਾਰੇ ਜੋ ਆਪਣੇ ਵੱਡੇ-ਵਡੇਰਿਆਂ ਦੀ ਵਿਰਾਸਤ ਉਤੇ ਮਾਣ ਕਰਦੇ ਹਨ, ਉਨ੍ਹਾਂ ਸਾਰਿਆਂ ਉਤੇ ਹਿੰਦੂਤਵ ਸ਼ਬਦ ਢੁੱਕਦਾ ਹੈ। ਆਰਐੱਸਐੱਸ ਮੁਖੀ ਨੇ ਕਿਹਾ ਕਿ ਇਸ ਸ਼ਬਦ ਦੇ ਅਸਲ ਮਤਲਬ ਤੋਂ ਅਣਜਾਣ ਰਹਿਣ ਨਾਲ ਦੇਸ਼ ਤੇ ਸਮਾਜ ਨੂੰ ਏਕੇ ਵਿਚ ਬੰਨ੍ਹਣ ਵਾਲੇ ਧਾਗੇ ਕਮਜ਼ੋਰ ਪੈਂਦੇ ਹਨ ਕਿਉਂਕਿ ਦੇਸ਼-ਸਮਾਜ ਨੂੰ ਵੰਡਣ ਵਾਲੇ ਪਹਿਲਾਂ ਇਸੇ ਸ਼ਬਦ ਨੂੰ ਨਿਸ਼ਾਨਾ ਬਣਾ ਕੇ ਫ਼ਿਰਕਿਆਂ 'ਚ ਤਕਰਾਰ ਖੜ੍ਹਾ ਕਰਦੇ ਹਨ। ਉਨ੍ਹਾਂ ਕਿਹਾ ਕਿ ਵਿਭਿੰਨਤਾ ਨੂੰ ਹਿੰਦੂ ਦਰਸ਼ਨ ਸ਼ਾਸਤਰ ਵਿਚ ਸਵੀਕਾਰ ਕਰ ਕੇ ਸਨਮਾਨ ਦਿੱਤਾ ਗਿਆ ਹੈ। ਆਨਲਾਈਨ ਪ੍ਰਸਾਰਿਤ ਭਾਸ਼ਣ ਵਿਚ ਭਾਗਵਤ ਨੇ ਕਿਹਾ 'ਹਿੰਦੂ ਕਿਸੇ ਡੇਰੇ ਜਾਂ ਪੰਥ ਦਾ ਨਾਂ ਨਹੀਂ ਹੈ, ਨਾ ਇਹ ਕਿਸੇ ਸੂਬਾਈ ਦਾਇਰੇ ਵਿਚ ਬੱਝਿਆ ਹੈ, ਨਾ ਇਹ ਕਿਸੇ ਇਕ ਜਾਤੀ ਜਾਂ ਖ਼ਾਸ ਭਾਸ਼ਾ ਬੋਲਣ ਵਾਲੇ ਦਾ ਹੱਕ ਹੈ।' ਮੋਹਨ ਭਾਗਵਤ ਨੇ ਕਿਹਾ 'ਕਿਸੇ ਨੂੰ ਇਸ ਸ਼ਬਦ ਨੂੰ ਸਵੀਕਾਰਨ ਵਿਚ ਇਤਰਾਜ਼ ਹੋ ਸਕਦਾ ਹੈ ਪਰ ਜੇ ਉਨ੍ਹਾਂ ਦੇ ਮਨ ਵਿਚ ਵਿਸ਼ਾ-ਵਸਤੂ ਇਸ ਨਾਲ ਮੇਲ ਖਾਂਦਾ ਹੈ ਤਾਂ ਉਨ੍ਹਾਂ ਵੱਲੋਂ ਕਿਸੇ ਹੋਰ ਸ਼ਬਦ ਦੀ ਵਰਤੋਂ ਉਤੇ ਅਸੀਂ ਇਤਰਾਜ਼ ਨਹੀਂ ਕਰਾਂਗੇ।' ਉਨ੍ਹਾਂ ਕਿਹਾ ਕਿ ਹਿੰਦੂ ਹੋਣ ਦਾ ਮਤਲਬ ਆਪਣਾ ਵਿਸ਼ਵਾਸ, ਭਾਸ਼ਾ, ਧਰਤੀ ਜਾਂ ਕੋਈ ਹੋਰ ਪਛਾਣ ਤਿਆਗਣਾ ਨਹੀਂ ਹੈ। ਇਹ ਸਿਰਫ਼ ਸਬਉੱਚਤਾ ਦੀ ਤਲਾਸ਼ ਤਿਆਗਣ 'ਤੇ ਜ਼ੋਰ ਪਾਉਂਦਾ ਹੈ। ਭਾਗਵਤ ਨੇ ਕਿਹਾ ਕਿ ਨਫ਼ਰਤ ਫੈਲਾਉਣ ਤੇ ਗੁਮਰਾਹ ਕਰਨ ਵਾਲੀਆਂ ਸਵਾਰਥੀ ਤਾਕਤਾਂ ਤੋਂ ਬਚਣ ਦੀ ਲੋੜ ਹੈ ਜੋ ਕੱਟੜਵਾਦ ਤੇ ਵੱਖਵਾਦ ਨੂੰ ਉਤਸ਼ਾਹਿਤ ਕਰਦੀਆਂ ਹਨ।

# ਚੀਨ ਨੇ ਸਾਡੀ ਜ਼ਮੀਨ ਦੱਬੀ, ਪਰ ਭਾਗਵਤ ਸਵੀਕਾਰਨ ਤੋਂ ਡਰਦੇ ਨੇ: ਰਾਹੁਲ

ਨਵੀਂ ਦਿੱਲੀ: ਆਰਐੱਸਐੱਸ ਮੁਖੀ ਮੋਹਨ ਭਾਗਵਤ ਵੱਲੋਂ ਕੀਤੀ ਟਿੱਪਣੀ ਕਿ ਭਾਰਤ ਸਰਕਾਰ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਐਲਏਸੀ 'ਤੇ ਮਾਰਚ 2020 ਤੋਂ ਪਹਿਲਾਂ



ਨੂੰ ਚੀਨ ਖ਼ਿਲਾਫ਼ ਫ਼ੌਜੀ ਪੱਧਰ 'ਤੇ ਪੂਰੀ ਤਿਆਰੀ ਰੱਖਣੀ ਚਾਹੀਦੀ ਹੈ ਉਤੇ ਪ੍ਰਤੀਕਿਰਿਆ ਦਿੰਦਿਆਂ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਸੰਘ ਸੁਪਰੀਮੋ ਨੂੰ ਪਤਾ ਹੈ ਕਿ ਕਮਿਊਨਿਸਟ ਮੁਲਕ ਨੇ ਭਾਰਤੀ ਜ਼ਮੀਨ 'ਤੇ ਕਬਜ਼ਾ ਕੀਤਾ ਹੈ, ਪਰ ਇਸ ਨੂੰ ਸਵੀਕਾਰਨ ਤੋਂ ਡਰਦੇ ਹਨ। ਰਾਹੁਲ ਨੇ ਕਿਹਾ ਕਿ ਸੱਚ ਤਾਂ ਇਹ ਹੈ ਕਿ ਭਾਰਤ ਸਰਕਾਰ ਤੇ ਆਰਐੱਸਐੱਸ ਨੇ ਚੀਨ ਨੂੰ ਜ਼ਮੀਨ ਦੱਬਣ ਦੀ ਖੁੱਲ੍ਹ ਦਿੱਤੀ ਹੈ। ਕਾਂਗਰਸ ਆਗੂ ਨੇ ਟਵੀਟ ਕਰਦਿਆਂ ਨਾਲ ਆਰਐੱਸਐੱਸ ਮੁਖੀ ਦੇ ਭਾਸ਼ਣ ਦੀਆਂ ਖ਼ਬਰਾਂ ਵੀ ਟੈਗ ਕੀਤੀਆਂ। ਦੱਸਣਯੋਗ ਹੈ ਕਿ ਰਾਹੁਲ ਗਾਂਧੀ ਚੀਨ ਦੇ ਮੁੱਦੇ 'ਤੇ ਵਾਲੀ ਸਥਿਤੀ ਮੁੜ ਕਾਇਮ ਕਰਨ ਦੀ ਮੰਗ ਕਰ ਰਹੇ ਹਨ। ਇਸ ਤੋਂ ਪਹਿਲਾਂ ਅੱਜ ਆਰਐੱਸਐੱਸ ਮੁਖੀ ਨੇ ਚੀਨ ਨੂੰ 'ਵਿਸਤਾਰਵਾਦੀ' ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚੀਨ ਖ਼ਿਲਾਫ਼ ਗੁਆਂਢੀ ਮੁਲਕਾਂ ਨੇਪਾਲ, ਸ੍ਰੀਲੰਕਾ ਤੇ ਹੋਰਾਂ ਨਾਲ ਗੱਠਜੋੜ ਕਰਨਾ ਚਾਹੀਦਾ ਹੈ। ਭਾਗਵਤ ਨੇ ਕਿਹਾ ਕਿ ਭਾਰਤੀ ਰੱਖਿਆ ਬਲਾਂ, ਸਰਕਾਰ ਤੇ ਲੋਕਾਂ ਨੇ ਚੀਨ ਵੱਲੋਂ ਸਾਡੇ ਖੇਤਰ 'ਤੇ ਕਬਜ਼ਾ ਕਰਨ ਲਈ ਚੁੱਕੇ ਕਦਮਾਂ ਦਾ ਤਿੱਖਾ ਜਵਾਬ ਦਿੱਤਾ ਹੈ। ਭਾਗਵਤ ਨੇ ਕਿਹਾ ਕਿ ਭਾਰਤ ਦੇ ਮਿੱਤਰਤਾ ਵਾਲੇ ਸੁਭਾਅ ਨੂੰ ਕਮਜ਼ੋਰੀ ਨਾ ਸਮਝਿਆ ਜਾਵੇ।







ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

ਸੰਪਰਕ 0437641033

Disclaimer

he Punjab Herald and the staff associated with it are not responsible for any claims made by the advertisers and do not ndorse any product or advertisement published in the newspaper। The views expressed in the advertisement and vari-us articles belong solely to the concerned advertisers and authors। They do not reflect the views of the newspaper anagement। Jurisdiction Sydney।

# ਸ਼ਹੀਦੀ ਦਿਵਸ ਤੇ ਵਿਸ਼ੇਸ਼

# ਸ਼ਹੀਦ ਸ: ਕਰਤਾਰ ਸਿੰਘ ਸਰਾਭਾ

***ਪਰ ਅਫਸੋਸ ਹੈ ਕਿ ਸਾਡੇ ਦੇਸ਼ ਦੇ ਭ੍ਰਿਸ਼ਟ ਲੀਡਰਾਂ ਨੇ ਸੱਤਾ ਹੱਥ ਆਉਣ ਤੋਂ ਬਾਅਦ ਇਹਨਾਂ ਸ਼ਹੀਦਾ ਦੀ ਸ਼ਹਾਦਤ ਨੂੰ ਰੋਲ ਕੇ ਰੱਖ ਦਿੱਤਾ ਹੈ । ਸਾਰੀਆਂ ਪਾਰਟੀਆਂ ਸ਼ਹੀਦਾਂ ਦੇ ਜਨਮ ਅਤੇ ਸ਼ਹਾਦਤ ਦੇ ਦਿਨਾਂ ਨੂੰ ਉਹਨਾਂ ਦੇ ਸਤਿਕਾਰ ਵਜੋਂ ਨਹੀਂ ਬਲਕਿ ਆਪਣੀ ਕੁਰਸੀ ਬਚਾਉਣ ਲਈ ਵੋਟ ਬੈਂਕ ਮਜ਼ਬੂਤ ਕਰਨ ਲਈ ਮਨਾਉਂਦੀਆਂ ਹਨ । ਯੋਧਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਦੇਣ ਲਈ ਨਹੀਂ ਬਲਕਿ ਸਿਆਸੀ ਰੋਟੀਆਂ ਸੇਕਣ ਅਤੇ ਕਾਨਫਰੰਸਾਂ ਕਰਕੇ ਇੱਕ-ਦੂਸਰੇ ਉੱਪਰ ਚਿੱਕੜ ਸੁੱਟਣ ਲਈ ਮਨਾਉਂਦੀਆਂ ਹਨ । ਇਸ ਤੋਂ ਇਲਾਵਾ ਇੱਕ ਹੋਰ ਅਫਸੋਸ ਅਤੇ ਤ੍ਰਾਸਦੀ ਦੀ ਗੱਲ ਇਹ ਵੀ ਹੈ ਕਿ ਜ਼ਿਆਦਾਤਰ ਪਾਰਟੀਆਂ, ਨੇਤਾਵਾਂ ਜਾਂ ਲੋਕਾਂ ਲਈ ਸਿਰਫ ਭਗਤ ਸਿੰਘ ਹੀ ਸ਼ਹੀਦ ਰਹਿ ਗਿਆ ਹੈ, ਬਾਕੀ ਸ਼ਹੀਦਾਂ ਦਾ ਨਾਮ ਲੋਕ ਮਨਾਂ 'ਤੋਂ ਹੌਲੀ-ਹੌਲੀ ਉੱਤਰਦਾ ਜਾ ਰਿਹਾ ਹੈ ।***

ਕੁਝ ਇਸ ਤਰ੍ਹਾਂ ਦੇ ਇਨਸਾਨ ਇਸ ਦੁਨੀਆਂ ਵਿੱਚ ਜਨਮ ਲੈਂਦੇ ਹਨ ਜਿੰਨ੍ਹਾਂ ਵਿੱਚ ਮਾਨਵਤਾ ਦੇ ਲਈ ਕੁਝ ਕਰ ਗੁਜ਼ਰਨ ਦੀ ਲਾਲਸਾ ਵੀ ਨਾਲ ਹੀ ਜਨਮ ਲੈਂਦੀ ਹੈ । ਉਹ ਲੋਕ ਭਾਵੁਕ, ਸਨਕੀ ਜਾਂ ਪਾਗਲ ਹੁੰਦੇ ਹਨ ਇਹ ਤਾਂ ਪਤਾ ਨਹੀਂ, ਪਰ ਉਹਨਾਂ ਵਿੱਚ ਆਮ ਲੋਕਾਂ ਨਾਲੋਂ ਕੁਝ ਅਲੱਗ ਜ਼ਰੂਰ ਹੁੰਦਾ ਹੈ । ਉਹਨਾਂ ਦੁਆਰਾ ਇਸ ਸੰਸਾਰ ਦੇ ਵਿਕਾਸ ਦੇ ਰਸਤੇ 'ਤੇ ਪਾਈਆਂ ਪੈੜਾਂ ਕਦੇ ਵੀ ਨਾ-ਮਿਟਣ ਵਾਲੇ ਨਿਸ਼ਾਨ ਛੱਡ ਜਾਂਦੀਆਂ ਹਨ । ਉਹ ਲੋਕ ਸੰਸਾਰ ਦੇ ਇਤਿਹਾਸ ਦੇ ਆਕਾਸ਼ ਉੱਪਰ ਕਦੇ ਨਾ-ਟੁੱਟਣ ਵਾਲਾ ਅਤੇ ਸਦਾ ਰੌਸ਼ਨ ਰਹਿਣ ਵਾਲਾ ਤਾਰਾ ਬਣ ਕੇ ਚਮਕਦੇ ਹਨ, ਜਿੰਨ੍ਹਾਂ 'ਤੋਂ ਸੇਧ ਲੈ ਕੇ ਆਉਣ ਵਾਲੀਆਂ ਨਸਲਾਂ ਆਪਣੀ ਮੰਜ਼ਿਲ ਤਲਾਸ਼ਦੀਆਂ ਹਨ । ਇੱਕ ਇਸੇ ਹੀ ਤਰ੍ਹਾਂ ਹਮੇਸ਼ਾ ਜਗਮਗ-ਜਗਮਗ ਕਰਦਾ ਰਹਿਣ ਵਾਲਾ ਸਿਤਾਰਾ ਹੈ, ਸ਼ਹੀਦ ਸ: ਕਰਤਾਰ ਸਿੰਘ ਗਰੇਵਾਲ 'ਸਰਾਭਾ' ।

ਸ਼ਹੀਦ ਸ: ਕਰਤਾਰ ਸਿੰਘ ਦਾ ਜਨਮ 24 ਮਈ, 1896 ਈ: ਨੂੰ ਸ: ਮੰਗਲ ਸਿੰਘ ਜੀ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਜ਼ਿਲ੍ਹਾ ਲੁਧਿਆਣਾ ਦੇ ਇੱਕ ਛੋਟੇ ਜਿਹੇ ਪਿੰਡ ਸਰਾਭਾ ਵਿੱਚ ਹੋਇਆ । ਇਸੇ ਕਰਕੇ ਉਹਨਾਂ ਦਾ ਨਾਮ 'ਕਰਤਾਰ ਸਿੰਘ ਸਰਾਭਾ' ਲਿਆ ਜਾਣ ਲੱਗ ਪਿਆ ।

ਕਰਤਾਰ ਸਿੰਘ ਆਪਣੇ ਮਾਤਾ-ਪਿਤਾ ਦਾ ਇੱਕਲੌਤਾ ਪੁੱਤਰ ਸੀ। ਆਪ ਦੇ ਪਿਤਾ ਜੀ ਦੇ ਅਕਾਲ-ਚਲਾਣਾ ਕਰ ਜਾਣ ਤੋਂ ਬਾਅਦ ਆਪ ਦਾ ਪਾਲਣ-ਪੋਸ਼ਣ ਆਪ ਦੇ ਦਾਦਾ ਸ:ਬਦਨ ਸਿੰਘ ਜੀ ਨੇ ਕੀਤਾ । ਦਸਵੀਂ ਜਮਾਤ ਦੀ ਪੜ੍ਹਾਈ ਆਪ ਨੇ ਲੁਧਿਆਣੇ ਦੇਮਾਲਵਾ ਖਾਲਸਾ ਹਾਈ ਸਕੂਲ ਤੋਂ ਕੀਤੀ । ਇਸ ਤੋਂ ਇਲਾਵਾ ਆਪ ਨੇ ਬਰਕਲੇ ਯੂਨੀਵਰਸਿਟੀ ਕੈਲੇਫੋਰਨੀਆ (Berkeley University) ਤੋਂ ਕੈਮਿਸਟਰੀ (Chemistry) ਵਿਸ਼ੇ ਵਿੱਚ ਡਿਗਰੀ ਹਾਸਿਲ ਕੀਤੀ ।

ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਲਈ ਘਾਲੀ ਗਈ ਘਾਲਣਾ ਵਿੱਚ ਸ:ਕਰਤਾਰ ਸਿੰਘ ਦੁਆਰਾ ਪਾਇਆ ਗਿਆ ਯੋਗਦਾਨ ਅਣਮੋਲ,ਕਦੇ ਨਾ-ਭੁੱਲਣ ਵਾਲਾ ਅਤੇ ਸ਼ਲਾਂਘਾਯੋਗ ਹੈ । 1912 ਵਿੱਚ ਜਦੋਂ ਪਾਣੀ ਵਾਲੇ ਜ਼ਹਾਜ ਰਾਹੀਂ ਕਰਤਾਰ ਸਿੰਘ ਸਨਫਰਾਂਸਿਸਕੋ ਗਿਆ ਤਾਂ ਉੱਥੇ ਅਮਰੀਕੀ ਸਿਪਾਹੀਆਂ ਦੇ ਭਾਰਤੀਆਂ ਪ੍ਰਤੀ ਵਰਤੇ ਗਏ ਘਟੀਆ ਤਰੀਕੇ ਨੇ ਇਸ ਯੋਧੇ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ ਅਤੇ ਇਸ ਛੋਟੇ ਜਿਹੇ ਕਰਤਾਰ ਸਿੰਘ ਦੇ ਦਿਲ ਅਤੇ ਮਨ ਨੇ ਇਹ ਮਹਿਸੂਸ ਕੀਤਾ ਕਿ 'ਗੁਲਾਮੀ ਸਭ ਤੋਂ ਵੱਡਾ ਸਰਾਪ ਹੈ' । ਗੁਲਾਮੀ ਦੇ ਇਸੇ ਸਰਾਪ ਤੋਂ ਆਪਣੇ ਦੇਸ਼ ਅਤੇ ਦੇਸ਼ਵਾਸੀਆਂ ਨੂੰ ਨਿਜ਼ਾਤ ਦਿਵਾਉਣ ਲਈ ਕਰਤਾਰ ਸਿੰਘ ਨੇ21 ਅਪ੍ਰੈਲ 1913 ਈ: ਨੂੰ ਲਾਲਾ ਹਰਦਿਆਲ, ਪੰਡਿਤ ਜਗਤ ਰਾਮ ਰਿਹਾਨਾ, ਭਾਈ ਜਵਾਲਾ ਸਿੰਘ ਆਦਿ ਨਾਲ ਮਿਲ ਕੇ ਅਮਰੀਕਾ ਵਿੱਚ ਗਦਰ ਪਾਰਟੀ ਬਣਾਈ ਅਤੇ ਲੋਕਾਂ ਵਿੱਚ ਅਜ਼ਾਦੀ ਦੀ ਪ੍ਰਾਪਤੀ ਲਈ ਜੋਸ਼ ਭਰਨ ਲਈ ਪਾਰਟੀ ਦਾ ਨਾਅਰਾ:ਦੇਸ਼ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਦਾਅ 'ਤੇ ਲਾ ਦਿਓ ਰੱਖਿਆ । 1 ਨਵੰਬਰ 1913 ਈ: ਨੂੰ ਇਸ ਪਾਰਟੀ ਨੇ ਲੋਕਾਂ ਨੂੰ ਲਾਮਬੰਦ ਕਰਨ ਲਈ 'ਗ਼ਦਰ' ਨਾਮ ਦਾ ਅਖ਼ਬਾਰ ਛਾਪਣਾ ਸ਼ੁਰੂ ਕੀਤਾ । ਜ਼ਿਆਦਾ ਤੋਂ ਜ਼ਿਆਦਾ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਅਤੇ ਅਜ਼ਾਦੀ ਦੇ ਕਾਫ਼ਲੇ ਨੂੰ ਹੋਰ ਮਜ਼ਬੂਤ ਕਰਨ ਦੇ ਮਕਸਦ ਨਾਲ ਇਹ ਅਖ਼ਬਾਰ ਪੰਜਾਬੀ ਤੋਂ ਇਲਾਵਾ ਉਰਦੂ,ਹਿੰਦੀ, ਗੁਜਰਾਤੀ, ਬੰਗਾਲੀ ਅਤੇ ਪਸ਼ਤੋ ਭਾਸ਼ਾਵਾਂ ਵਿੱਚ ਵੀ ਛਾਪਿਆ ਜਾਂਦਾ ਸੀ ।

1914 ਦੀ ਪਹਿਲੀ ਸੰਸਾਰ ਜੰਗ ਦੇ ਸਮੇਂ ਦਾ ਅੰਗਰੇਜਾਂ ਖਿਲਾਫ ਵਿਦਰੋਹ ਲਈ ਸਹੀ ਉਯੋਗ ਕਰਨ ਲਈ 15 ਸਤੰਬਰ 1914 ਨੂੰ ਕਰਤਾਰ ਸਿੰਘ ਸ਼੍ਰੀ ਲੰਕਾ ਹੁੰਦਾ ਹੋਇਆ ਭਾਰਤ ਪੁੱਜਾ । ਪੰਜਾਬ ਵਿੱਚ ਬੰਬ ਤਿਆਰ ਕਰਨ ਲਈ ਝਾਬੇਵਲ ਅਤੇ ਲੋਹਟਬੱਧੀਪਿੰਡ ਵਿੱਚ ਇੱਕ ਫੈਕਟਰੀ ਵੀ ਲਗਾਈ । 25 ਜਨਵਰੀ 1915 ਈ: ਨੂੰ ਰਾਸ ਬਿਹਾਰੀ ਬੋਸ ਦੇ ਅੰਮ੍ਰਿਤਸਰ ਪੁੱਜਣ 'ਤੇ ਗ਼ਦਰ ਪਾਰਟੀ ਦੀ ਇੱਕ ਮੀਟਿੰਗ ਹੋਈ ਅਤੇ ਉਸ ਮੀਟਿੰਗ ਵਿੱਚ 21 ਫਰਵਰੀ 1915 ਈ: ਦੇ ਦਿਨ ਨੂੰ ਵਿਦਰੋਹ ਦੀ ਸ਼ੁਰੂਆਤ ਵਾਲੇ ਦਿਨ ਵਜੋਂ ਐਲਾਨਿਆ ਗਿਆ, ਪਰ ਗਦਰ ਪਾਰਟੀ ਵਿੱਚ ਇੱਕ ਸਰਕਾਰੀ ਮੁਖਬ਼ਰ ਕਿਰਪਾਲ ਸਿੰਘ ਨੇ ਇਸ ਘਟਨਾ ਦੀ ਖਬ਼ਰ ਅੰਗਰੇਜ਼ ਸਰਕਾਰ ਨੂੰ ਦੇ ਦਿੱਤੀ । ਕਰਤਾਰ ਸਿੰਘ ਨੂੰ ਕਿਰਪਾਲ ਸਿੰਘ ਦੀ ਗੱਦਾਰੀ ਦਾ ਪਤਾ ਚਲ ਗਿਆ ਅਤੇ ਫਿਰ ਵਿਦਰੋਹ ਦੀ ਤਰੀਕ ਬਦਲ ਕੇ 19 ਫਰਵਰੀ ਕਰ ਦਿੱਤੀ ਗਈ, ਪਰ ਕਿਸੇ ਤਰਾਂ ਇਹ ਖਬ਼ਰ ਵੀ ਅੰਗਰੇਜ਼ਾਂ ਤੱਕ ਪਹੁੰਚ ਗਈ ਅਤੇ ਬਹੁਤ ਸਾਰੇ ਗਦਰੀਆਂ ਨੂੰ ਫੜ੍ਹ ਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ । ਅਖ਼ੀਰ 2 ਮਾਰਚ 1915 ਈ: ਨੂੰ ਪੁਲਿਸ ਨੇ ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰ. 5 ਤੋਂ ਰਿਸਾਲਦਾਰ ਗੰਡਾ ਸਿੰਘ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਸਿੰਘ ਵਰਗੇ ਗ਼ਦਰੀਆਂ ਸਮੇਤ ਕਰਤਾਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਇਹਨਾਂ ਵਿਰੁਧ ਲਾਹੌਰ ਬਗ਼ਾਵਤ ਦਾ ਕੇਸ ਪਾਇਆ ਗਿਆ । ਮੁਕੱਦਮੇ ਦੇ ਦੌਰਾਨ ਅਦਾਲਤ ਨੇ ਇਸ ਛੋਟੀ ਜਿਹੀ ਉਮਰ ਦੇ ਕਰਤਾਰ ਨੂੰ ਸਾਰੇ ਗ਼ਦਰੀਆਂ ਤੋਂ ਵੱਧ ਖ਼ਤਰਨਾਕ ਮੰਨਿਆ ਅਤੇ ਇਸੇ ਲਈ ਕਰਤਾਰ ਸਿੰਘ ਨੂੰ ਆਪਣੇ ਦੇਸ਼ ਅਤੇ ਦੇਸ਼ਵਾਸੀਆਂ ਪ੍ਰਤੀ ਦਿਖਾਏ ਪਿਆਰ ਅਤੇ ਵਿਸ਼ਵਾਸ਼ ਦੇ 'ਇਨਾਮ' ਵਜੋਂ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ ਅਤੇ ਅਖੀਰ 16 ਨਵੰਬਰ 1915 ਈ: ਨੂੰ ਦੇਸ਼ ਦੇ ਇਸ ਨਿਧੜਕ ਅਤੇ ਮਹਾਨ ਸਪੂਤ ਨੂੰ ਲਾਹੌਰ ਦੀ ਸੈਂਟਰਲ ਜੇਲ ਵਿੱਚ ਫਾਂਸੀ ਦੇ ਦਿੱਤੀ ਗਈ ।

ਕਰਤਾਰ ਸਿੰਘ ਤੋਂ 'ਸ਼ਹੀਦ ਸ. ਕਰਤਾਰ ਸਿੰਘ' ਦੇ ਖਿਤਾਬ ਨਾਲ 'ਸਨਮਾਨਿਤ' ਹੋਣ ਵਾਲੇ ਅਜ਼ਾਦੀ ਦੇ ਇਸ ਜਾਂਬਾਜ਼ ਸਿਪਾਹੀ ਦੀ ਸ਼ਹਾਦਤ ਨੇ ਲੋਕ ਮਨਾਂ ਵਿੱਚ ਜਿੱਥੇ ਅਥਾਹ ਸ਼ਰਧਾ ਅਤੇ ਸਤਿਕਾਰ ਕਾਇਮ ਕੀਤਾ ਉੱਥੇ ਹੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਜਾਨ ਤਲੀ 'ਤੇ ਧਰ ਕੇ ਇਸ ਜੰਗ-ਏ-ਅਜ਼ਾਦੀ ਵਿੱਚ ਜੂਝਣ ਲਈ ਵੀ ਤਿਆਰ ਕੀਤਾ । ਕਰਤਾਰ ਸਿੰਘ ਦੀ ਸ਼ਹਾਦਤ ਨੇ ਲੋਕਾਂ ਦੇ ਦਿਲਾਂ ਵਿੱਚ ਅੰਗਰੇਜ਼ੀ ਸਾਮਰਾਜ ਪ੍ਰਤੀ ਨਫਰਤ ਦਾ ਵਿਕਾਸ ਕੀਤਾ ਅਤੇ ਸ਼ਹੀਦ ਸ;ਕਰਤਾਰ ਸਿੰਘ ਸਰਾਭਾ ਨੌਜੁਆਨਾਂ ਲਈ ਇੱਕ ਪ੍ਰੇਰਨਾ-ਸ੍ਰੋਤ ਬਣ ਗਿਆ । ਇਹਨਾਂ ਹੀ ਨੌਜੁਆਨਾਂ ਵਿੱਚੋਂ ਇੱਕ ਨੌਜੁਆਨ ਸੀ ਸ਼ਹੀਦ ਸ. ਭਗਤ ਸਿੰਘ, ਜੋ ਸਰਾਭੇ ਨੂੰ ਆਪਣਾ ਗੁਰੂ ਮੰਨਦਾ ਸੀ ਅਤੇ 'ਸਰਾਭੇ' ਦੀ ਫੋਟੋ ਆਪਣੀ ਜੇਬ ਵਿੱਚ ਰੱਖਦਾ ਹੁੰਦਾ ਸੀ । ਸ.ਭਗਤ ਸਿੰਘ 'ਸਰਾਭੇ' ਦੀ ਫੋਟੋ ਵੱਲ ਵੇਖ ਕੇ ਕਹਿੰਦਾ ਹੁੰਦਾ ਸੀ ਕਿ 'ਸਰਾਭਾ ਮੈਨੂੰ, ਮੇਰਾ ਵੱਡਾ ਵੀਰ ਲਗਦਾ।'

ਪਰ ਅਫਸੋਸ ਹੈ ਕਿ ਸਾਡੇ ਦੇਸ਼ ਦੇ ਭ੍ਰਿਸ਼ਟ ਲੀਡਰਾਂ ਨੇ ਸੱਤਾ ਹੱਥ ਆਉਣ ਤੋਂ ਬਾਅਦ ਇਹਨਾਂ ਸ਼ਹੀਦਾ ਦੀ ਸ਼ਹਾਦਤ ਨੂੰ ਰੋਲ ਕੇ ਰੱਖ ਦਿੱਤਾ ਹੈ । ਸਾਰੀਆਂ ਪਾਰਟੀਆਂ ਸ਼ਹੀਦਾਂ ਦੇ ਜਨਮ ਅਤੇ ਸ਼ਹਾਦਤ ਦੇ ਦਿਨਾਂ ਨੂੰ ਉਹਨਾਂ ਦੇ ਸਤਿਕਾਰ ਵਜੋਂ ਨਹੀਂ ਬਲਕਿ ਆਪਣੀ ਕੁਰਸੀ ਬਚਾਉਣ ਲਈ ਵੋਟ ਬੈਂਕ ਮਜ਼ਬੂਤ ਕਰਨ ਲਈ ਮਨਾਉਂਦੀਆਂ ਹਨ । ਯੋਧਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਦੇਣ ਲਈ ਨਹੀਂ ਬਲਕਿ ਸਿਆਸੀ ਰੋਟੀਆਂ ਸੇਕਣ ਅਤੇ ਕਾਨਫਰੰਸਾਂ ਕਰਕੇ ਇੱਕ-ਦੂਸਰੇ ਉੱਪਰ ਚਿੱਕੜ ਸੁੱਟਣ ਲਈ ਮਨਾਉਂਦੀਆਂ ਹਨ । ਇਸ ਤੋਂ ਇਲਾਵਾ ਇੱਕ ਹੋਰ ਅਫਸੋਸ ਅਤੇ ਤ੍ਰਾਸਦੀ ਦੀ ਗੱਲ ਇਹ ਵੀ ਹੈ ਕਿ ਜ਼ਿਆਦਾਤਰ ਪਾਰਟੀਆਂ,ਨੇਤਾਵਾਂ ਜਾਂ ਲੋਕਾਂ ਲਈ ਸਿਰਫ ਭਗਤ ਸਿੰਘ ਹੀ ਸ਼ਹੀਦ ਰਹਿ ਗਿਆ ਹੈ, ਬਾਕੀ ਸ਼ਹੀਦਾਂ ਦਾ ਨਾਮ ਲੋਕ ਮਨਾਂ 'ਤੋਂ ਹੌਲੀ-ਹੌਲੀ ਉੱਤਰਦਾ ਜਾ ਰਿਹਾ ਹੈ । ਉਪਰੋਕਤ ਗੱਲ ਕਹਿਣ ਦਾ ਮੇਰਾ ਭਾਵ ਭਗਤ ਸਿੰਘ ਦੀ ਸ਼ਹਾਦਤ ਨੂੰ ਘਟਾਉਣਾ ਜਾਂ ਧੁੰਦਲਾ ਕਰਨਾ ਨਹੀਂ, ਬੇਸ਼ੱਕ ਭਗਤ ਸਿੰਘ ਦੀ ਆਪਣੇ ਦੇਸ਼ ਲਈ ਕੀਤੀ ਕੁਰਬਾਨੀ ਲਾ-ਮਿਸਾਲ ਹੈ,ਪਰ ਜਿਸ ਸ਼ਹੀਦ ਨੂੰ ਭਗਤ ਸਿੰਘ ਆਪਣਾ ਪ੍ਰੇਰਨਾ-ਸ੍ਰੋਤ ਅਤੇ ਗੁਰੂ ਮੰਨਦਾ ਸੀ ਉਸ ਯੋਧੇ ਦਾ ਜਨਮ ਜਾਂ ਸ਼ਹੀਦੀ ਦਿਨ ਉਸੇ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਕਿਉਂ ਨਹੀਂ ਮਨਾਇਆ ਜਾਂਦਾ ? ਸ.ਭਗਤ ਸਿੰਘ ਦੇ ਨਾਮ ਤੋਂ ਬੱਚਾ-ਬੱਚਾ ਜਾਣੂ ਹੈ ਅਤੇ ਸ.ਭਗਤ ਸਿੰਘ ਦੇ ਜੀਵਨ ਨਾਲ ਸੰਬੰਧਿਤ ਅਨੇਕਾਂ ਪੁਸਤਕਾਂ ਬਾਜ਼ਾਰ ਵਿੱਚ ਮਿਲ ਜਾਂਦੀਆਂ ਹਨ ਪਰ ਜਿਸ ਮਹਾਨ ਸ਼ਹੀਦ ਨੂੰ ਭਗਤ ਸਿੰਘ ਆਂਪਣਾ 'ਵੱਡਾ ਵੀਰ' ਸਮਝਦਾ ਸੀ ਦੇ ਬਾਰੇ ਕਿਤਾਬਾਂ ਆਮ ਕਿਉਂ ਨਹੀਂ ਮਿਲਦੀਆਂ ? ਕਿਉਂ ਸ.ਭਗਤ ਸਿੰਘ ਵਾਂਗ ਸ.ਕਰਤਾਰ ਸਿੰਘ ਸਰਾਭੇ ਦੇ ਜੀਵਨ 'ਤੇ ਅਧਾਰਿਤ ਫਿਲਮਾਂ ਨਹੀਂ ਬਣਦੀਆਂ ? ਤਰਕਸ਼ੀਲ ਸਭਾ ਨੇ ਭਗਤ ਸਿੰਘ ਦੀ ਸੋਚ ਦਾ ਜਿੰਨਾਂ ਪ੍ਰਚਾਰ ਕੀਤਾ ਹੈ ਸ਼ਾਇਦ ਕਿਸੇ ਨੇ ਨਹੀਂ ਕੀਤਾ, ਪਰ ਤਰਕਸ਼ੀਲ ਸਭਾ ਵਾਲੇ ਵੀਰ ਭਗਤ ਸਿੰਘ ਦੇ ਪ੍ਰੇਰਨਾਸ੍ਰੋਤ ਸਰਾਭੇ ਦੀ ਸੋਚ ਨੂੰ ਕਿਉਂ ਭੁੱਲ ਗਏ ? ਸ਼ਾਇਦ ਇਸ ਲਈ ਕਿ ਸਰਾਭੇ ਨੇ ਕਦੇ ਭਗਤ ਸਿੰਘ ਵਾਂਗ 'ਨਾਸਤਿਕ' ਹੋਣ ਦੀ ਗੱਲ ਨਹੀਂ ਕਹੀ । ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਵਿੱਚ ਮੋਹਰੀ ਬਣਦਾ ਜਾ ਰਿਹਾ ਸਾਡਾ ਦੇਸ਼ ਸ਼ਹੀਦਾਂ ਨੂੰ ਭੁੱਲਣ ਵਿੱਚ ਵੀ ਮੋਹਰੀ ਹੁੰਦਾ ਜਾ ਰਿਹਾ ਹੈ। ਕਿਸੇ ਸਮੇਂ ਸਰਾਭੇ ਨੇ ਆਖਿਆ ਸੀ ਕਿ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਹਨਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਓਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ।



ਲੱਖਾਂ ਮੁਸੀਬਤਾਂ ਝੱਲ ਕੇ ਦੇਸ਼ ਦੀ ਅਜ਼ਾਦੀ ਦੇ ਰਾਹ ਨੂੰ ਆਪਣੀ ਸ਼ਹਾਦਤ ਨਾਲ ਪੱਧਰਾ ਕਰਨ ਵਾਲੇ ਇਸ ਮਹਾਨ ਸ਼ਹੀਦ ਦੀ ਸ਼ਹਾਦਤ ਨੂੰ ਭੁੱਲਣ ਵਾਲੇ ਲੋਕੋ ਜ਼ਰਾ ਸੋਚੋ ਕਿ ਕੀ ਅੱਜ ਵਾਲੇ ਭਾਰਤ ਦੀ ਕਲਪਣਾ ਕਰਕੇ ਹੀ ਸ਼ਹੀਦਾਂ ਨੇ ਫਾਂਸੀ ਦਾ ਰਸਤਾ ਚੁਣਿਆ ਸੀ ? ਇਸ ਪਦਾਰਥਵਾਦੀ ਯੁੱਗ ਵਿੱਚ ਕਰਤਾਰ ਸਿੰਘ ਸਰਾਭੇ ਵਾਂਗ ਜੰਗ-ਏ-ਅਜ਼ਾਦੀ ਵਿੱਚ ਸ਼ਹੀਦ ਹੋਣ ਵਾਲੇ ਸ਼ਹੀਦਾਂ ਨੂੰ ਭੁਲਾ ਕੇ ਕਿਤੇ ਅਸੀਂ ਅਕ੍ਰਿਤਘਣ ਤਾਂ ਨਹੀਂ ਬਣਦੇ ਜਾ ਰਹੇ ?

ਆਓ ਕੁਝ ਹੋਸ਼ ਕਰੀਏ, ਸਾਰੇ ਸ਼ਹੀਦਾਂ ਨੂੰ ਬਣਦਾ ਮਾਣ ਅਤੇ ਸਤਿਕਾਰ ਦੇਈਏ । ਸ. ਭਗਤ ਸਿੰਘ ਵਾਂਗ ਸ਼ਹੀਦ ਕਰਤਾਰ ਸਿੰਘ ਸਰਾਭੇ ਦੀ ਸੋਚ ਨੂੰ ਅਪਣਾਈਏ ਅਤੇ ਰਿਸ਼ਵਤਖੋਰ ਅਤੇ ਭ੍ਰਿਸ਼ਟ ਲੋਕਾਂ ਦੀ ਜਮਾਤ ਤੋਂ ਫਿਰ ਅਜ਼ਾਦੀ ਵੱਲ ਚੱਲੀਏ ।

*-ਸਤਿੰਦਰਜੀਤ ਸਿੰਘ ਗਿੱਲ*

**ਬਰਸੀ ਤੇ ਵਿਸ਼ੇਸ਼**

# 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ

**ਕਰਨੈਲ ਸਿੰਘ ਐਮ.ਏ.**

ਭਾਈ ਕਾਨ੍ਹ ਸਿੰਘ ਦਾ ਜਨਮ 27 ਅਗਸਤ 1861 ਨੂੰ ਨਾਭਾ ਨੇੜੇ ਪਿੰਡ ਸਬਜ ਬਨੇਰਾ ਰਿਆਸਤ ਪਟਿਆਲਾ ਵਿਚ ਪਿਤਾ ਭਾਈ ਨਰਾਇਣ ਸਿੰਘ ਦੇ ਗ੍ਰਹਿ ਵਿਖੇ ਮਾਤਾ ਹਰਿ ਕੌਰ ਦੀ ਕੁੱਖੋਂ ਹੋਇਆ ਸੀ। ਉਨ੍ਹਾਂ ਦੇ ਪੜਦਾਦਾ ਨੌਧ ਸਿੰਘ ਪਿੰਡ ਪਿੱਥੋ ਰਿਆਸਤ ਨਾਭਾ ਦੇ ਚੌਧਰੀ ਸਨ ਤੇ ਦਾਦਾ ਬਾਬਾ ਸਰੂਪ ਸਿੰਘ ਬੜੇ ਭਜਨ-ਬੰਦਗੀ ਕਰਨ ਵਾਲੇ ਪੁਰਸ਼ ਸਨ। ਭਾਈ ਕਾਨ੍ਹ ਸਿੰਘ ਜੀ ਦੇ ਦੋ ਛੋਟੇ ਭਰਾ ਭਾਈ ਮੀਹਾਂ ਸਿੰਘ ਅਤੇ ਭਾਈ ਬਿਸ਼ਨ ਸਿੰਘ ਤੇ ਇਕ ਭੈਣ

ਭਾਈ ਕਾਨ੍ਹ ਸਿੰਘ ਦੇ ਪਹਿਲੇ ਉਸਤਾਦ ਭਾਈ ਭੂਪ ਸਿੰਘ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਗੁਰਮੁਖੀ ਪੜ੍ਹਾਈ। ਜਦੋਂ ਉਹ 20 ਸਾਲ ਦੇ ਹੋਏ ਤਾਂ ਉਨ੍ਹਾਂ ਦੇ ਮਨ ਵਿਚ ਫਾਰਸੀ ਅਤੇ ਅੰਗਰੇਜ਼ੀ ਪੜ੍ਹਨ ਦਾ ਸ਼ੌਕ ਜਾਗਿਆ। ਉਨ੍ਹਾਂ ਦੇ ਭਾਈ ਭੂਪ ਸਿੰਘ ਤੋਂ ਇਲਾਵਾ ਹੋਰ ਵੀ ਉਸਤਾਦ ਸਨ। ਇਨ੍ਹਾਂ 'ਚ ਬਾਵਾ ਕਲਿਆਣ ਦਾਸ, ਪੰਡਤ ਸ੍ਰੀ ਧਰ, ਭਾਈ ਰਾਮ ਸਿੰਘ, ਭਾਈ ਭਗਵਾਨ ਸਿੰਘ ਦੁੱਗ, ਭਾਈ ਸੰਤ ਸਿੰਘ ਸ਼ਾਮਲ ਸਨ, ਜਿਨ੍ਹਾਂ ਪਾਸੋਂ ਉਨ੍ਹਾਂ ਨੇ ਸੰਗੀਤ, ਫਾਰਸੀ, ਸੰਸਕ੍ਰਿਤ, ਅੰਗਰੇਜ਼ੀ ਆਦਿ ਦਾ ਗਿਆਨ ਹਾਸਲ ਕੀਤਾ। ਸੰਨ 1883 ਵਿਚ ਜਦੋਂ ਉਨ੍ਹਾਂ ਦੀ ਉਮਰ 23 ਸਾਲ ਦੀ ਹੋਈ ਤਾਂ ਉਹ ਲਾਹੌਰ ਪਹੁੰਚੇ। ਲਾਹੌਰ ਵਿਚ ਉਨ੍ਹਾਂ ਨੇ ਗੁਰਮਤਿ ਸਬੰਧੀ ਪੰਜ ਗ੍ਰੰਥਾਂ ਦਾ ਸੰਪਾਦਨ ਸ਼ੁਰੂ ਕੀਤਾ ਅਤੇ ਅਨੇਕਾਂ ਹੀ ਪੁਸਤਕਾਂ ਪੜ੍ਹੀਆਂ।

ਬੀਬੀ ਕਾਨ੍ਹ ਕੌਰ ਸੀ, ਜੋ ਛੋਟੀ ਉਮਰ ਵਿਚ ਹੀ ਗੁਜ਼ਰ ਗਈ ਸੀ।

ਭਾਈ ਕਾਨ੍ਹ ਸਿੰਘ ਦੇ ਪਹਿਲੇ ਉਸਤਾਦ ਭਾਈ ਭੂਪ ਸਿੰਘ ਸਨ ਜਿਨ੍ਹਾਂ ਨੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਗੁਰਮੁਖੀ ਪੜ੍ਹਾਈ। ਜਦੋਂ ਉਹ 20 ਸਾਲ ਦੇ ਹੋਏ ਤਾਂ ਉਨ੍ਹਾਂ ਦੇ ਮਨ ਵਿਚ ਫਾਰਸੀ ਅਤੇ ਅੰਗਰੇਜ਼ੀ ਪੜ੍ਹਨ ਦਾ ਸ਼ੌਕ ਜਾਗਿਆ। ਉਨ੍ਹਾਂ ਦੇ ਭਾਈ ਭੂਪ ਸਿੰਘ ਤੋਂ ਇਲਾਵਾ ਹੋਰ ਵੀ ਉਸਤਾਦ ਸਨ। ਇਨ੍ਹਾਂ 'ਚ ਬਾਵਾ ਕਲਿਆਣ ਦਾਸ, ਪੰਡਤ ਸ੍ਰੀ ਧਰ, ਭਾਈ ਰਾਮ ਸਿੰਘ, ਭਾਈ ਭਗਵਾਨ ਸਿੰਘ ਦੁੱਗ, ਭਾਈ ਸੰਤ ਸਿੰਘ ਸ਼ਾਮਲ ਸਨ, ਜਿਨ੍ਹਾਂ ਪਾਸੋਂ ਉਨ੍ਹਾਂ ਨੇ ਸੰਗੀਤ, ਫਾਰਸੀ, ਸੰਸਕ੍ਰਿਤ, ਅੰਗਰੇਜ਼ੀ ਆਦਿ ਦਾ ਗਿਆਨ ਹਾਸਲ ਕੀਤਾ। ਸੰਨ 1883 ਵਿਚ ਜਦੋਂ ਉਨ੍ਹਾਂ ਦੀ ਉਮਰ 23 ਸਾਲ ਦੀ ਹੋਈ ਤਾਂ ਉਹ ਲਾਹੌਰ ਪਹੁੰਚੇ। ਲਾਹੌਰ ਵਿਚ ਉਨ੍ਹਾਂ ਨੇ ਗੁਰਮਤਿ ਸਬੰਧੀ ਪੰਜ ਗ੍ਰੰਥਾਂ ਦਾ ਸੰਪਾਦਨ ਸ਼ੁਰੂ ਕੀਤਾ ਅਤੇ ਅਨੇਕਾਂ ਹੀ ਪੁਸਤਕਾਂ ਪੜ੍ਹੀਆਂ। ਲਾਹੌਰ ਵਿਚ ਉਹ ਦੋ ਸਾਲ ਹੀ ਰਹੇ ਤੇ ਫਿਰ ਨਾਭੇ ਵਾਪਸ ਆ ਗਏ। ਹੁਣ ਮਾਤਾ-ਪਿਤਾ ਉਨ੍ਹਾਂ ਦੇ ਵਿਆਹ ਬਾਰੇ ਸੋਚਣ ਲੱਗੇ। ਉਨ੍ਹਾਂ ਦਾ ਪਹਿਲਾ ਵਿਆਹ ਪਿੰਡ ਧੂਰੇ ਰਿਆਸਤ ਪਟਿਆਲਾ ਤੇ ਦੂਜਾ ਵਿਆਹ ਮੁਕਤਸਰ ਵਿਚ ਹੋਇਆ। 1888 ਵਿਚ ਟਿੱਕਾ ਰਿਪੁਦਮਨ ਸਿੰਘ ਨੂੰ ਪੜ੍ਹਾਉਣ ਦਾ ਕੰਮ ਉਨ੍ਹਾਂ ਜ਼ਿੰਮੇ ਲਾਇਆ ਗਿਆ। ਦੋਵਾਂ ਪਤਨੀਆਂ ਦੇ ਗੁਜ਼ਰ ਜਾਣ ਪਿੱਛੋਂ ਉਨ੍ਹਾਂ ਦਾ ਤੀਜਾ ਵਿਆਹ ਪਿੰਡ ਰਾਮਗੜ੍ਹ ਜ਼ਿਲ੍ਹਾ ਪਟਿਆਲਾ ਵਿਖੇ ਬਸੰਤ ਕੌਰ ਨਾਲ ਹੋਇਆ।

ਵਿਆਹ ਤੋਂ ਬਾਅਦ ਉਹ ਮਹਾਰਾਜਾ ਹੀਰਾ ਸਿੰਘ ਨਾਭਾ ਕੋਲ ਆ ਕੇ ਮੁਨਸ਼ੀ ਲੱਗ ਗਏ। ਮਹਾਰਾਜਾ ਹੀਰਾ ਸਿੰਘ ਵਿਦਵਾਨਾਂ ਦੇ ਬੜੇ ਕਦਰਦਾਨ ਸਨ ਤੇ ਚੰਗੇ-ਮੰਦੇ ਆਦਮੀ ਨੂੰ ਸਹਿਜੇ ਹੀ ਪਰਖ ਲੈਂਦੇ ਸਨ। ਉਨ੍ਹਾਂ 1893 'ਚ ਭਾਈ ਕਾਨ੍ਹ ਸਿੰਘ ਨੂੰ ਪ੍ਰਾਈਵੇਟ ਸਕੱਤਰ ਮੁਕੱਰਰ ਕੀਤਾ। ਇਸ ਤੋਂ ਥੋੜ੍ਹੇ ਚਿਰ ਪਿੱਛੋਂ ਹੀ ਭਾਈ ਸਾਹਿਬ ਸਿਟੀ ਮੈਜਿਸਟਰੇਟ, ਡਿਪਟੀ ਕਮਿਸ਼ਨਰ ਅਤੇ ਬਾਵਲ (ਮੰਤਰੀ) ਪਦ 'ਤੇ ਵੀ ਰਹੇ। ਰਾਜਨੀਤਕ ਖੇਤਰ ਵਿਚ ਉਨ੍ਹਾਂ ਦਾ ਬਹੁਤ ਪ੍ਰਭਾਵ ਸੀ। ਉਹ ਜਿਸ ਵੀ ਕੰਮ 'ਤੇ ਲੱਗੇ, ਉਸ ਨੂੰ ਬੜੀ ਤਨਦੇਹੀ ਨਾਲ ਨਿਭਾਇਆ। ਉਨ੍ਹਾਂ ਨੇ 1903 ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦਾ ਪੱਕਾ ਪ੍ਰਬੰਧ ਕਰਨ ਲਈ 21 ਲੱਖ ਰੁਪਏ ਫੰਡ ਇਕੱਤਰ ਕੀਤਾ। ਮਿਸਟਰ ਮੈਕਾਲਿਫ ਵਰਗੇ ਅੰਗਰੇਜ਼ ਨੂੰ ਉਨ੍ਹਾਂ ਨੇ ਕਾਫੀ ਮਿਹਨਤ ਨਾਲ ਸਿੱਖ ਧਰਮ ਤੇ ਸਿੱਖ ਇਤਿਹਾਸ ਪੜ੍ਹਾਇਆ ਤੇ ਉਨ੍ਹਾਂ ਤੋਂ ਹੀ 'ਸਿੱਖ ਰਿਲੀਜ਼ਨ' ਪੁਸਤਕ ਲਿਖਵਾਈ।

25 ਦਸੰਬਰ 1911 ਨੂੰ ਮਹਾਰਾਜਾ ਹੀਰਾ ਸਿੰਘ ਦਾ ਦੇਹਾਂਤ ਹੋ ਗਿਆ। ਰਿਆਸਤ ਨਾਭਾ ਦੀ ਨੌਕਰੀ ਖਤਮ ਹੋਣ ਉਪਰੰਤ 1912 ਵਿਚ ਭਾਈ ਸਾਹਿਬ ਨੇ ਕਸ਼ਮੀਰ ਜਾ ਕੇ ਸਿੱਖ ਸਾਹਿਤ ਦੇ ਆਧਾਰ 'ਤੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਲਿਖਣਾ ਸ਼ੁਰੂ ਕੀਤਾ, ਜੋ 14 ਸਾਲ ਦੀ ਕਠਿਨ ਘਾਲਣਾ ਬਾਅਦ



1926 ਵਿਚ ਪੂਰਾ ਹੋਇਆ ਤੇ ਸੰਨ 1930 ਵਿਚ ਦਰਬਾਰ ਪਟਿਆਲਾ ਵੱਲੋਂ ਛਪ ਕੇ ਪ੍ਰਕਾਸ਼ਿਤ ਹੋਇਆ। ਇਸ ਦੀ ਛਪਾਈ ਉੱਤੇ ਉਸ ਸਮੇਂ ਸਰਕਾਰ ਦੇ 51,000 ਰੁਪਏ ਖਰਚ ਆਏ ਸਨ। ਇਹ ਗ੍ਰੰਥ 3338 ਸਫਿਆਂ ਦੀਆਂ ਵੱਡੀਆਂ-ਵੱਡੀਆਂ ਚਾਰ ਜਿਲਦਾਂ ਵਿਚ ਛਪਿਆ। ਇਸ ਦਾ ਮੁੱਲ ਉਸ ਸਮੇਂ 110 ਰੁਪਏ ਸੀ, ਜਿਸ ਕਰਕੇ ਆਮ ਗਾਹਕਾਂ ਲਈ ਇਸ ਨੂੰ ਖਰੀਦਣਾ ਮੁਸ਼ਕਲ ਸੀ। ਇਹ ਮੁਸ਼ਕਲ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ ਨਵੇਂ ਸਿਰਿਓਂ ਨਵੇਂ ਢੰਗ ਨਾਲ ਇਸ ਦੀ ਛਪਾਈ ਕਰਕੇ ਹੱਲ ਕਰ ਦਿੱਤੀ। ਅੱਜ-ਕੱਲ੍ਹ ਇਹ ਨੈਸ਼ਨਲ ਬੁੱਕ ਸ਼ਾਪ ਦਿੱਲੀ ਤੇ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ, ਜੋ ਇਕ ਮੋਟੀ ਜਿਲਦ ਵਿਚ ਹੈ। ਨੈਸ਼ਨਲ ਬੁੱਕ ਸ਼ਾਪ ਦਿੱਲੀ ਵੱਲੋਂ ਛਾਪੇ ਜਾ ਰਹੇ ਮਹਾਨ ਕੋਸ਼ ਦੀ ਕੀਮਤ ਹੁਣ 390 ਰੁਪਏ ਹੈ।

ਭਾਈ ਸਾਹਿਬ ਦੀ ਪੰਜਾਬੀ ਸਾਹਿਤ ਨੂੰ ਵੱਡਮੁੱਲੀ ਦੇਣ ਹੈ। ਉਨ੍ਹਾਂ ਨੇ ਰਾਜ ਧਰਮ ਨਾਟਕ, ਭਾਵਾਰਥ ਦੀਪਿਕਾ ਟੀਕਾ, ਹਮ ਹਿੰਦੂ ਨਹੀਂ, ਗੁਰਮਤਿ ਸੁਧਾਰਕ, ਸਮੱਸਿਆ ਪੂਰਤੀ, ਗੁਰਮਤਿ ਮਾਰਤੰਡ, ਗੁਰ ਮਹਿਮਾ ਸੰਗ੍ਰਹਿ, ਅਨੇਕਾਰਥ ਕੋਸ਼, ਨਾਮ ਮਾਲਾ ਕੋਸ਼ ਗੁਰਮਤਿ ਪ੍ਰਭਾਕਰ,




ਠੱਠ ਲੀਲਾ, ਬਾਗੜੀਆਂ ਦਾ ਇਤਿਹਾਸ, ਹਨੂਮਾਨ ਨਾਟਕ, ਮਹਾਨ ਕੋਸ਼ ਗੁਰੂ ਗਿਰਾ ਕਸੌਟੀ, ਪਹਾੜ ਯਾਤਰਾ, ਵਲਾਇਤ ਯਾਤਰਾ, ਸ਼ਰਾਬ ਨਿਖੇਧ, ਇਕ ਜੋਤਿਸ਼ ਗ੍ਰੰਥ ਆਦਿ ਪੁਸਤਕਾਂ ਲਿਖ ਕੇ ਆਉਣ ਵਾਲੀਆਂ ਨਸਲਾਂ ਨੂੰ ਭੇਟ ਕੀਤੀਆਂ। ਅਖੀਰਲੀਆਂ ਪੰਜ ਪੁਸਤਕਾਂ 'ਚੋਂ ਕੇਵਲ ਇਕ ਹੀ ਛਪ ਸਕੀ, ਬਾਕੀ ਕਿਸੇ ਕਾਰਨ ਛਪ ਨਹੀਂ ਸਕੀਆਂ। ਭਾਈ ਸਾਹਿਬ ਦਾ ਸਭ ਤੋਂ ਵੱਧ ਮਹੱਤਤਾ ਭਰਪੂਰ ਗ੍ਰੰਥ 'ਮਹਾਨ ਕੋਸ਼' ਹੈ। ਇਸ ਦਾ ਅਸਲ ਨਾਂ 'ਗੁਰ ਸ਼ਬਦ ਰਤਨਾਕਰ' ਜਾਂ 'ਇਨਸਾਈਕਲੋਪੀਡੀਆ ਆਫ ਸਿੱਖ ਲਿਟਰੇਚਰ' ਹੈ।

ਭਾਈ ਕਾਨ੍ਹ ਸਿੰਘ ਨੂੰ 3 ਅਪਰੈਲ 1931 ਨੂੰ ਅੰਮ੍ਰਿਤਸਰ ਵਿਖੇ ਹੋਈ ਸਿੱਖ ਐਜੂਕੇਸ਼ਨਲ ਕਾਨਫਰੰਸ ਦਾ ਚੀਫ ਖਾਲਸਾ ਦੀਵਾਨ ਵੱਲੋਂ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਉਹ ਵਿਦਿਅਕ ਸੇਵਾ ਦੇ ਨਾਲ-ਨਾਲ ਪੰਥਕ ਸੇਵਾ ਵੀ ਕਰਦੇ ਰਹੇ, ਜੋ ਗੁਰਦੁਆਰਿਆਂ ਦੀ ਇਤਿਹਾਸਕ ਖੋਜ ਨਾਲ ਸਬੰਧਤ ਸੀ। ਸੰਨ 1931 ਵਿਚ ਜਦੋਂ ਅੰਗਰੇਜ਼ਾਂ ਨੇ ਰਾਜਧਾਨੀ ਕਲਕੱਤਾ ਤੋਂ ਦਿੱਲੀ ਬਦਲੀ ਤਾਂ ਉਸ ਤੋਂ ਕਾਫੀ ਚਿਰ ਪਹਿਲਾਂ ਸੰਨ 1912 ਵਿਚ ਗੁਰਦੁਆਰਾ ਰਕਾਬਗੰਜ ਦੇ ਸਾਹਮਣੇ ਵਾਇਸਰਾਏ ਦੀ ਕੋਠੀ ਬਣਾਉਣ ਦਾ ਫੈਸਲਾ ਹੋਇਆ, ਜਿਸ ਕਰਕੇ ਗੁਰਦੁਆਰੇ ਦੀ ਕੰਧ ਦਾ ਕੁਝ ਹਿੱਸਾ ਡੇਗ ਦਿੱਤਾ ਗਿਆ, ਜੋ ਕੋਠੀ ਦੇ ਘੇਰੇ ਵਿਚ ਫਰਕ ਪਾਉਂਦਾ ਸੀ। ਅੰਗਰੇਜ਼ਾਂ ਦੇ ਇਸ ਧੱਕੇ ਨਾਲ ਸਿੱਖਾਂ ਵਿਚ ਰੋਹ ਪੈਦਾ ਹੋ ਗਿਆ ਤੇ ਐਜੀਟੇਸ਼ਨ ਸ਼ੁਰੂ ਹੋਈ। ਸੰਨ 1914 ਵਿਚ ਪਹਿਲਾ ਮਹਾਂ ਯੁੱਧ ਸ਼ੁਰੂ ਹੋ ਗਿਆ, ਜਿਸ ਕਰਕੇ ਕੋਠੀ ਦਾ ਕੰਮ ਰੁਕ ਗਿਆ ਅਤੇ ਉਹ ਮਾਮਲਾ ਕੁਝ ਚਿਰ ਠੰਢਾ ਪੈ ਗਿਆ। ਸੰਨ 1918 ਵਿਚ ਜਦੋਂ ਸਿੱਖਾਂ ਵੱਲੋਂ ਕੰਧ ਉਸਾਰੀ ਰੋਕਣ ਲਈ ਜਥਾ ਭੇਜਣ ਦਾ ਫੈਸਲਾ ਹੋਇਆ ਤਾਂ ਭਾਈ ਕਾਨ੍ਹ ਸਿੰਘ ਨਾਭਾ ਤੇ ਹੋਰ ਸਨੇਹੀਆਂ ਦੀ ਪ੍ਰੇਰਨਾ ਨਾਲ ਮਹਾਰਾਜਾ ਰਿਪੁਦਮਨ ਸਿੰਘ ਨੇ ਸਰਕਾਰ ਤੋਂ ਕੰਧ ਬਣਵਾ ਦਿੱਤੀ, ਜਿਸ ਕਰਕੇ ਮਾਮਲਾ ਇਥੇ ਹੀ ਠੱਪ ਹੋ ਗਿਆ।

1930 ਵਿਚ ਗੁਰਦੁਆਰਾ ਮਾਲ ਟੇਕੜੀ ਨਾਂਦੇੜ (ਦੱਖਣ) ਦਾ ਝਗੜਾ ਵੀ ਭਾਈ ਕਾਨ੍ਹ ਸਿੰਘ ਦੇ ਜੀਵਨ ਵਿਚ ਬੜੀ ਅਹਿਮੀਅਤ ਰੱਖਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਮਾਲ ਟੇਕੜੀ ਦੇ ਸਥਾਨ 'ਤੇ ਖਜ਼ਾਨੇ ਦੱਬੇ ਸਨ। ਕੁਝ ਲੋਕ ਇਸ ਥਾਂ 'ਤੇ ਇਹ ਕਹਿ ਕੇ ਕਬਜ਼ਾ ਜਮਾਉਣ ਲੱਗੇ ਕਿ ਇਹ ਉਨ੍ਹਾਂ ਦਾ ਕਦੀਮੀ ਕਬਰਸਤਾਨ ਹੈ। ਸਿੱਖਾਂ ਨੇ ਇਸ ਬੇਇਨਸਾਫੀ ਵਿਰੁੱਧ ਸਰਕਾਰੀ ਤੌਰ 'ਤੇ ਚਾਰਾਜੋਈ ਕੀਤੀ। ਚੀਫ ਖਾਲਸਾ ਦੀਵਾਨ ਵੱਲੋਂ ਭਾਈ ਕਾਨ੍ਹ ਸਿੰਘ ਬਤੌਰ ਗਵਾਹ ਭੇਜੇ ਗਏ। ਆਪ ਨੇ ਇਤਿਹਾਸਕ ਹਵਾਲੇ ਤੇ ਸ੍ਰੀ ਹਜ਼ੂਰ ਸਾਹਿਬ ਦੀ ਪੈਦਲ ਯਾਤਰਾ ਸਮੇਂ ਲਿਖੀ ਡਾਇਰੀ ਦੇ ਆਧਾਰ 'ਤੇ ਸਾਬਤ ਕੀਤਾ ਕਿ ਇਹ ਸਥਾਨ ਸਿੱਖਾਂ ਦਾ ਹੈ। ਇਸੇ ਬਿਆਨ 'ਤੇ ਕੇਸ ਦਾ ਫੈਸਲਾ ਸਿੱਖਾਂ ਦੇ ਹੱਕ ਵਿਚ ਹੋ ਗਿਆ। ਪ੍ਰਸਿੱਧ ਵਿਦਵਾਨ ਤੇ ਖੋਜੀ ਲੇਖਕ ਭਾਈ ਕਾਨ੍ਹ ਸਿੰਘ 77 ਸਾਲ ਦੀ ਉਮਰ ਭੋਗ ਕੇ 23 ਨਵੰਬਰ 1938 ਨੂੰ ਬਿਨਾਂ ਕਿਸੇ ਬਿਮਾਰੀ ਦੇ ਨਾਭਾ ਵਿਖੇ ਸਦੀਵੀ ਵਿਛੋੜਾ ਦੇ ਗਏ।

# ਵਖਤਾਂ ਮਾਰੇ

**ਸ਼ਾਮ ਤੱਕ ਦੰਗਿਆਂ ਦੀਆਂ ਖਬਰਾਂ ਆਉਣ ਲੱਗ ਪਈਆਂ। ਖਬਰ ਆਈ ਕਿ ਤਿਰਲੋਕਪੁਰੀ ਦਾ ਇਲਾਕਾ ਤਾਂ ਦੰਗਾਕਾਰੀਆਂ ਨੇ ਤਬਾਹ ਕਰ ਦਿੱਤਾ ਸੀ। ਭੀਰੇ ਦੇ ਪਰੀਵਾਰ ਨੂੰ ਇਕ ਪਾਸੇ ਸੁੱਖ ਮਹਿਸੂਸ ਹੋਇਆ ਤੇ ਦੂਜੇ ਪਾਸੇ ਦੁੱਖ--- ਸੁੱਖ ਸਹੀ ਸਲਾਮਤ ਦਿੱਲੀ ਤੋਂ ਬਾਹਰ ਚਲੇ ਜਾਣ ਦਾ ਤੇ ਦੁੱਖ ਤਿਰਲੋਕਪੁਰੀ ਦੇ ਤਬਾਹ ਹੋ ਜਾਣ ਦਾ। ਜਦ 4-5 ਦਿਨ ਬਾਦ ਦਿੱਲੀ ਵਿਚ ਨਸਲਕੁਸ਼ੀ ਬੰਦ ਹੋਈ ਤਾਂ ਕਿਤੇ ਜਾ ਕੇ ਭੀਰੇ ਦੇ ਮਾਂ ਪਿਓ ਨੇ ਤਿਰਲੋਕਪੁਰੀ ਜਾ ਕੇ ਦੇਖਿਆ ਕਿ ਭੀਰੇ ਦਾ ਘਰ ਵੀ ਜਲ ਕੇ ਸੁਆਹ ਹੋਇਆ ਪਿਆ ਸੀ। ਮਾਪਿਆਂ ਨੇ ਸੁੱਖ ਦਾ ਸਾਹ ਲਿਆ ਕਿ ਲੜਕਾ ਪਰੀਵਾਰ ਸਮੇਤ ਬਚ ਗਿਆ ਸੀ। ਜਲੀ ਹੋਈ ਥੇਹ ਨੂੰ ਮਾੜੀ ਮੋਟੀ ਚਾਰ ਦਿਵਾਰੀ ਕਰਕੇ ਜਿੰਦਰਾ ਲਗਾ ਦਿੱਤਾ ਗਿਆ ਤੇ ਇਸ ਪ੍ਰਕਾਰ ਇਸ ਥੇਹ ਨੂੰ ਸੰਭਾਲ ਲਿਆ ਗਿਆ।**





ਅਵਤਾਰ ਐਸ.ਸੰਘਾ
(ਸਿਡਨੀ)
Avtar S. Sangha
ਮੋਬਾ:0437641033

ਮੈਂ ਉਸ ਦਿਨ ਕੇ ਮਾਰਟ ਦੀ ਪਾਰਕਿੰਗ ਵਿਚ ਗੱਡੀ ਲਗਾਈ ਹੀ ਸੀ ਕਿ ਮੈਨੂੰ ਮੇਰੇ ਇਕ ਵਾਕਫ ਦਾ ਫੋਨ ਆ ਗਿਆ।

"ਕੀ ਹਾਲ ਏ ? ਕਿੱਥੇ ਹੋ ?"

"ਮੈਂ ਇਸ ਸਮੇਂ ਕੇ ਮਾਰਟ ਦੇ ਪਾਰਕਿੰਗ ਏਰੀਏ ਵਿਚ ਗੱਡੀ ਲਗਾਈ ਏ। ਮੈਂ ਸੋਚਿਆ ਕਿ ਗੱਡੀ ਇਥੇ ਖੜ੍ਹੀ ਕਰਕੇ ਨੇੜੇ ਲਾਇਬਰੇਰੀ ਵਿਚ ਕੁਝ ਸਮਾਂ ਬਿਤਾਇਆ ਜਾਵੇ।"

"ਅਸੀਂ ਵਰਕਰਜ਼ ਕਲੱਬ ਵਿਚ ਹਾਂ। ਨਾਲ ਹੀ ਤਾਂ ਪੈਂਦਾ ਏ। ਲਾਇਬ੍ਰੇਰੀ ਦਾ ਕੰਮ ਫਿਰ ਕਰ ਲਿਓ, ਪਹਿਲਾਂ ਇਧਰ ਨੂੰ ਹੀ ਆ ਜਾਓ।"

ਇਹ ਫੋਨ ਸ. ਮੀਹਾਂ ਸਿੰਘ ਦਾ ਸੀ। ਉਹਨਾਂ ਦੇ ਨਾਲ ਸ. ਪਾਖਰ ਸਿੰਘ ਜੀ ਸਨ। ਇਹ ਦੋਨੋਂ ਪੰਜਾਬ ਤੋਂ ਆਪਣੇ ਬੱਚਿਆਂ ਨੂੰ ਮਿਲਣ ਲਈ 3-3 ਮਹੀਨੇ ਲਈ ਆਏ ਸਨ। ਇਹ ਵੀਜ਼ਾ ਖਤਮ ਹੋਣ ਤੇ ਵੀ ਵਾਪਸ ਨਹੀਂ ਜਾ ਸਕੇ ਸਨ ਕਿਉਂ ਕਿ ਕਰੋਨਾ ਵਾਇਰਸ ਦੇ ਫੈਲਾਅ ਨੇ ਦੁਨੀਆਂ ਤੇ ਗਲਬਾ ਪਾ ਲਿਆ ਸੀ। ਬਹੁਤ ਸਾਰੀਆਂ ਹਵਾਈ ਉਡਾਨਾਂ ਰੱਦ ਹੋ ਗਈਆਂ ਸਨ। ਚਾਰਟਡ ਤੇ ਕੁਝ ਮਹਿੰਗੀਆਂ ਉਡਾਨਾਂ ਹੀ ਚੱਲ ਰਹੀਆਂ ਸਨ। ਹੁਣ ਇਕ ਤਾਂ ਇਹ ਆਪਣੇ ਆਪ ਨੂੰ ਆਪਣੇ ਬੱਚਿਆਂ ਤੇ ਭਾਰ ਮਹਿਸੂਸ ਕਰ ਰਹੇ ਸਨ। ਦੂਜੇ ਆਪਣੀ ਮਰਜ਼ੀ ਨਾਲ ਘੁੰਮਣ ਫਿਰਨ ਤੋਂ ਵੀ ਦੁਖੀ ਸਨ। ਕਾਰਾਂ ਇਹ ਚਲਾ ਹੀ ਨਹੀਂ ਸਨ ਸਕਦੇ। ਇਹ ਇਕ ਦੂਜੇ ਦੇ ਵਾਕਫ ਵੀ ਇਥੇ ਆ ਕੇ ਹੀ ਹੋਏ ਸਨ। ਵਾਕਫ ਹੋਣ ਦਾ ਸਬੱਬ ਇੰਝ ਬਣਿਆ ਕਿ ਇਹਨਾਂ ਨੇ ਇਕ ਦਿਨ ਘੁੰਮਦੇ ਘੁੰਮਦੇ ਸ਼ੋਅ ਗਰਾਊਂਰ ਤੇ ਸਿਰੇ ਤੇ ਇਕ ਪਾਰਕ ਦੇ ਬੈਂਚਾਂ ਤੇ 8-9 ਬੰਦੇ ਬੈਠੇ ਦੇਖੇ। 4-5 ਇਹਨਾਂ ਵਿਚੋਂ ਪਗੜੀਧਾਰੀ ਸਨ। ਇਹ ਸਮਝ ਗਏ ਕਿ ਸਾਰੇ ਪੰਜਾਬੀ ਹਨ। ਇਸਲਈ ਇਹਨਾਂ ਨੇ ਜਾ ਕੇ ਉਹਨਾਂ ਨੂੰ ਫਤਿਹ ਬੁਲਾ ਦਿੱਤੀ। ਫਤਿਹ ਬੁਲਾਉਣ ਨਾਲ ਪੰਜਾਬੀ ਇਕ ਦੂਜੇ ਦੇ ਬੜ੍ਹੀ ਜਲਦੀ ਨੇੜੇ ਆਉਣ ਲਗ ਪੈਂਦੇ ਹਨ। ਜਿਹਨਾਂ ਦੇ ਦਿਲ ਵੱਧ ਮਿਲ ਜਾਣ ਉਹ ਇਕ ਦੂਜੇ ਦੇ ਮਿੱਤਰ ਬਣ ਜਾਂਦੇ ਹਨ। ਇਹਨਾਂ ਸਭ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦਾ ਇਕ ਸਾਂਝਾ ਕਾਰਨ ਇਸ ਦੇਸ ਵਿਚ ਥੋੜ੍ਹੇ ਸਮੇਂ ਲਈ ਡੱਕ ਹੋ ਜਾਣਾ ਵੀ ਸੀ। ਇਹ ਇਕੱਠੇ ਬੈਠ ਕੇ ਵੀਜ਼ੇ ਦੀਆਂ ਕਿਸਮਾਂ ਬਾਰੇ ਵੀ ਵਿਚਾਰ ਵਟਾਂਦਰਾ ਕਰਿਆ ਕਰਦੇ ਸਨ। ਇਹਨਾਂ ਨੂੰ ਇਕ ਦੂਜੇ ਤੋਂ ਇਮੀਗਰੇਸ਼ਨ ਏਜੰਟਾਂ ਬਾਰੇ ਵੀ ਪਤਾ ਲੱਗਦਾ ਰਹਿੰਦਾ ਸੀ। ਇਹਨਾਂ ਵਿਚੋਂ ਕਈ ਏਥੇ ਲੰਬੇ ਸਮੇਂ ਲਈ ਟਿਕਣ ਦੀਆਂ ਸਕੀਮਾਂ ਵੀ ਸੋਚਦੇ ਰਹਿੰਦੇ ਸਨ ਭਾਵੇਂ ਇਹ ਕੰਮ ਅਸੰਭਵ ਸੀ। ਬਾਕੀ ਕਈ ਘਰ ਆ ਰਹੀਆਂ ਪਰੇਸ਼ਾਨੀਆਂ ਬਾਰੇ ਵੀ ਵਿਚਾਰ ਸਾਂਝੇ ਕਰਦੇ ਰਹਿੰਦੇ ਸਨ। ਖਾਸ ਕਰਕੇ ਉਹ ਵੱਧ ਚਿੰਤਤ ਸਨ ਜਿਹੜੇ ਨਹੁੰਆਂ ਦੇ ਵਸ ਪਏ ਹੋਏ ਸਨ। ਨਹੁੰਆਂ ਹਰ ਰੋਜ਼ ਅਕਸਰ ਇਹ ਅਰਦਾਸ ਕਰਦੀਆਂ ਸਨ ਕਿ ਕਰੋਨਾ ਖਤਮ ਹੋਵੇ ਤੇ ਸੱਸ ਸੁਹਰਾ ਵਾਪਸ ਘਰ ਜਾਣ। ਜਿਹੜੇ ਧੀਆਂ ਕੋਲ ਆਏ ਹੋਏ ਸਨ ਉਹ ਕੁਝ ਘੱਟ ਚਿੰਤਤ ਸਨ। ਜਿਹੜੇ ਜਿਆਦਾ ਹੀ ਦੁਖੀ ਸਨ ਉਹ ਮੁੱਛਾਂ ਦੇ ਕੁੰਡ ਅੱਖਾਂ ਨਾਲ ਲਾਈ ਬੈਠੇ ਹੋਇਆ ਕਰਦੇ ਸਨ। ਜਿਹੜੇ ਕੁਝ ਜਿਆਦਾ ਤੇਜ਼ ਸਨ ਉਹ ਦੂਜੇ ਦਾ ਤਾਪਮਾਨ ਘਟਣ ਨਹੀਂ ਸਨ ਦਿੰਦੇ। ਭਾਵ ਕਿ ਥੋੜ੍ਹੇ ਬਹੁਤੇ ਸ਼ੁਗਲ ਵੀ ਹੁੰਦੇ ਹੀ ਰਹਿੰਦੇ ਸਨ।

ਸ. ਮੀਹਾਂ ਸਿੰਘ ਹੁਸ਼ਿਆਰਪੁਰ ਜਿਲ੍ਹੇ ਦਾ ਸੀ ਤੇ ਸ. ਪਾਖਰ ਸਿੰਘ ਅੰਮ੍ਰਿਤਸਰ ਦਾ। ਜਦ ਕੁ ਲਾਕਡਾਊਨ ਖਤਮ ਹੋਇਆ ਸੀ ਉਦੋਂ ਇਹ ਇਕ ਦੂਜੇ ਨੂੰ ਅਕਸਰ ਮਿਲਣ ਲੱਗ ਪਏ ਸਨ। ਫਿਰ ਇਹ ਵਰਕਰਜ਼ ਕਲੱਬ ਦੇ ਮੈਂਬਰ ਵੀ ਬਣ ਗਏ ਸਨ। ਮਕਸਦ ਹੁੰਦਾ ਸੀ ਕਿ ਕਲੱਬ ਅੰਦਰ ਆਓ, ਉੱਥੇ ਬੈਠ ਕੇ ਗੱਲਾਂ ਬਾਤਾਂ ਕਰੋ ਤੇ ਆਪਣਾ ਸਮਾਂ ਬਿਤਾ ਲਓ। ਕੁਝ ਸਮੇਂ ਤੋਂ ਇਹ ਮੇਰੇ ਵਾਕਫ ਵੀ ਹੋ ਗਏ ਸਨ, ਖਾਸ ਕਰਕੇ ਉਦੋਂ ਤੋਂ ਜਦ ਮੈਂ ਇਹਨਾਂ ਨੂੰ ਸ਼ੋਅ ਗਰਾਊਂਡ ਵਿਚ ਗੱਲਾਂ ਮਾਰਦਿਆਂ ਨੂੰ ਮਿਲਣ ਗਿਆ ਸਾਂ। ਮੈਂ ਕੇ-ਮਾਰਟ ਦੇ ਪਾਰਕਿੰਗ ਏਰੀਏ ਤੋਂ ਕਲੱਬ ਵਲ ਨੂੰ ਤੁਰ ਪਿਆ। ਜਦ ਮੈਂ ਕਲੱਬ ਮੂਹਰੇ ਪਹੁੰਚਿਆ ਤਾਂ ਦੇਖਿਆ ਕਿ ਮੀਹਾਂ ਸਿੰਘ ਹੋਰੀਂ ਕਲੱਬ ਦੇ ਮੂਹਰੇ ਖੜ੍ਹੇ ਮੈਨੂੰ ਉਡੀਕ ਰਹੇ ਸਨ। ਪਾਖਰ ਸਿੰਘ ਹੋਰੀਂ ਕਲੱਬ ਦੇ ਅੰਦਰ ਸਨ। ਮੇਰੇ ਪਹੁੰਚਣ ਤੇ ਅਸੀਂ ਦੋਨੋਂ ਵੀ ਕਲੱਬ ਦੇ ਅੰਦਰ ਚਲੇ ਗਏ। ਕਲੱਬ ਅੰਦਰੋਂ ਬੜ੍ਹਾ ਹੀ ਖੁੱਲਾ ਡੁੱਲ੍ਹਾ ਏ। ਕੁਰਸੀਆਂ ਮੇਜ਼ ਪਏ ਸਨ। ਲੋਕ ਪੋਕਰ ਮਸ਼ੀਨਾਂ ਤੇ ਖੇਡਾਂ ਖੇਡ ਰਹੇ ਸਨ। ਟੀ.ਵੀ. ਚਲ ਰਹੇ ਸਨ। ਮੇਰੇ ਇਹਨਾਂ ਮੇਜ਼ਵਾਨਾਂ ਨੇ ਕੌਫ਼ੀ ਮੰਗਵਾ ਲਈ। ਘੰਟਾ ਕੁ ਚੰਗੀ ਮਹਿਫਲ ਜੰਮੀ।

"ਤੁਸੀਂ ਅਕਸਰ ਘਟਨਾਵਾਂ ਲੱਭਦੇ ਰਹਿੰਦੇ ਹੋ। ਲੱਭ ਕੇ ਤੁਸੀਂ ਇਹਨਾਂ ਘਟਨਾਵਾਂ ਦੀਆਂ ਕਹਾਣੀਆਂ ਬਣਾ ਦਿੰਦੇ ਹੋ। ਜੇਕਰ ਮੈਂ ਤੁਹਾਨੂੰ ਇਕ ਘਟਨਾ ਦੱਸਾਂ ਤਾਂ ਕੀ ਤੁਸੀਂ ਉਸਤੋਂ ਵੀ ਕਹਾਣੀ ਬਣਾਓਗੇ ?" ਪਾਖਰ ਸਿੰਘ ਨੇ ਮੈਨੂੰ ਮੁਖ਼ਾਤਿਬ ਹੋ ਕੇ ਕਿਹਾ।

"ਇਹ ਘਟਨਾ ਕਿਸ ਪ੍ਰਕਾਰ ਦੀ ਏ ?" ਮੈਂ ਪੁੱਛਿਆ।

"ਸਿੱਖਾਂ ਨਾਲ ਸੰਬੰਧਤ ਏ। ਮੂਹਰੇ ਨਵੰਬਰ ਦਾ ਮਹੀਨਾ ਆ ਰਿਹਾ ਏ।"

"ਕੀ ਇਹ ਨਵੰਬਰ 84 ਦੀ ਸਿੱਖ ਨਸਲਕੁਸ਼ੀ ਬਾਰੇ ਏ ?"

"ਜੀ ਹਾਂ, ਵਾਪਰੀ ਵੀ ਮੇਰੇ ਦਿੱਲੀ ਰਹਿੰਦੇ ਰਿਸ਼ਤੇਦਾਰਾਂ ਨਾਲ ਹੀ ਸੀ।"

"ਚਲੋ ਸੁਣਾਓ," ਮੈਂ ਉਤਸੁਕਤਾ ਜ਼ਾਹਰ ਕੀਤੀ।

"ਮੇਰੇ ਦੂਰ ਦੇ ਇਕ ਰਿਸ਼ਤੇਦਾਰ ਦਿੱਲੀ ਦੇਵਨਗਰ ਰਹਿੰਦੇ ਸਨ। ਉਹਨਾਂ ਦਾ ਲ਼ੜਕਾ ਆਪਣੇ ਪਰੀਵਾਰ ਸਮੇਤ ਤਿਰਲੋਕਪੁਰੀ ਰਹਿੰਦਾ ਸੀ। ਇਸ ਲੜਕੇ ਦਾ ਪੂਰਾ ਨਾਲ ਭੀਰਾ ਸੀ। ਇਹ ਦਿੱਲੀ ਵਿਚ ਆਟੋ ਚਲਾ ਕੇ ਆਪਣਾ ਗੁਜ਼ਾਰਾ ਕਰਦਾ ਸੀ। ਉਸਦੀ ਪਤਨੀ ਘਰੇਲੂ ਔਰਤ ਸੀ। ਇਹਨਾਂ ਦੀਆਂ ਦੋ ਬੇਟੀਆਂ ਸਨ ਜਿਹੜੀਆਂ ਅਜੇ ਮਸਾਂ ਪੰਜ ਅਤੇ ਅੱਠ ਸਾਲ ਦੀਆਂ ਸਨ। ਭੀਰੇ ਦੇ ਮਨ ਵਿਚ ਪਤਾ ਨਹੀਂ ਕੀ ਆਇਆ ਕਿ ਉਹ 31 ਅਕਤੂਬਰ ਦੀ ਅੱਧੀ ਰਾਤ ਨੂੰ ਆਟੋ ਚਲਾ ਕੇ ਘਰ ਪਹੁੰਚਿਆ। ਉਹਨੂੰ ਇਧਰੋਂ ਉੱਧਰੋਂ ਅੱਧੀ ਰਾਤ ਤੱਕ ਭਿਣਕ ਪੈ ਗਈ ਸੀ ਕਿ ਸਵੇਰੇ ਦਿੱਲੀ ਵਿਚ ਸਿੱਖਾਂ ਦੇ ਖਿਲਾਫ ਕੁਝ ਹੋਣ ਵਾਲਾ ਏ। ਉਸਨੇ ਘਰ ਆ ਕੇ ਆਪਣੀ ਪਤਨੀ ਨੂੰ ਸਮਝਾਇਆ ਕਿ ਉਹਨਾਂ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਦਿੱਲੀ ਤੋਂ ਬਾਹਰ ਨਿਕਲ ਜਾਣਾ ਚਾਹੀਦਾ ਏ। ਪ੍ਰੋਗਰਾਮ ਤਾਂ ਇਹਨਾਂ ਦਾ ਪਹਿਲਾਂ ਹੀ ਨਵੰਬਰ ਦੇ ਪਹਿਲੇ ਹਫਤੇ ਪੰਜਾਬ ਆਉਣ ਦਾ ਬਣਿਆ ਹੋਇਆ ਸੀ ਕਿਉਂਕਿ ਇਸਤਰੀ ਦੇ ਰਿਸ਼ਤੇਦਾਰਾਂ ਦੇ ਲੁਧਿਆਣੇ ਇਕ ਵਿਆਹ ਸੀ। ਜੇ ਇਹ ਵਿਆਹ ਨਾ ਹੁੰਦਾ ਤਾਂ ਇਸਤਰੀ ਨੇ ਦਿੱਲੀ ਛੱਡਣ ਲਈ ਮੰਨਣਾ ਹੀ ਨਹੀਂ ਸੀ। ਵਿਆਹ ਤੇ ਪਹੁੰਚਣ ਦਾ ਉਹਨੂੰ ਚਾਅ ਸੀ। ਦੋ ਦਿਨ ਪਹਿਲਾਂ ਪਹੁੰਚਣ ਲਈ ਉਸਦਾ ਚਾਅ ਹੋਰ ਵਧ ਗਿਆ। ਭੀਰੇ ਨੂੰ ਐਸੀ ਭਿਣਕ ਪਈ ਸੀ ਕਿ ਦਿੱਲੀ ਜਲਦੀ ਤੋਂ ਜਲਦੀ ਛੱਡੀ ਜਾਵੇ। ਇੰਜ ਕਰਨ ਲਈ ਉਸਨੇ ਆਪਣੀ ਘਰਵਾਲੀ ਨੂੰ ਆਟੋ ਉੱਤੇ ਸੋਨੀਪਤ ਜਾਣ ਲਈ ਮਨਾ ਲਿਆ। ਪਰੀਵਾਰ ਦੇ ਚਾਰੇ ਮੈਂਬਰ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਸੋਨੀਪਤ ਪਹੁੰਚ ਗਏ। ਉੱਥੇ ਭੀਰੇ ਨੇ ਆਪਣੇ ਇਕ ਵਾਕਫ਼ ਪਾਸ ਆਪਣਾ ਆਟੋ ਖੜ੍ਹਾ ਕਰ ਦਿੱਤਾ ਤੇ ਆਪ ਪਰੀਵਾਰ ਸਮੇਤ ਲੁਧਿਆਣੇ ਲਈ ਬੱਸ ਫੜ੍ਹ ਲਈ। ਕੁਝ ਘੰਟਿਆਂ ਵਿਚ ਉਹ ਲੁਧਿਅਣੇ ਆ ਗਏ। ਸ਼ਾਮ ਤੱਕ ਦੰਗਿਆਂ ਦੀਆਂ ਖਬਰਾਂ ਆਉਣ ਲੱਗ ਪਈਆਂ। ਖਬਰ ਆਈ ਕਿ ਤਿਰਲੋਕਪੁਰੀ ਦਾ ਇਲਾਕਾ ਤਾਂ ਦੰਗਾਕਾਰੀਆਂ ਨੇ ਤਬਾਹ ਕਰ ਦਿੱਤਾ ਸੀ। ਭੀਰੇ ਦੇ ਪਰੀਵਾਰ ਨੂੰ ਇਕ ਪਾਸੇ ਸੁੱਖ ਮਹਿਸੂਸ ਹੋਇਆ ਤੇ ਦੂਜੇ ਪਾਸੇ ਦੁੱਖ--- ਸੁੱਖ ਸਹੀ ਸਲਾਮਤ ਦਿੱਲੀ ਤੋਂ ਬਾਹਰ ਚਲੇ ਜਾਣ ਦਾ ਤੇ ਦੁੱਖ ਤਿਰਲੋਕਪੁਰੀ ਦੇ ਤਬਾਹ ਹੋ ਜਾਣ ਦਾ। ਜਦ ੪-੫ ਦਿਨ ਬਾਦ ਦਿੱਲੀ ਵਿਚ ਨਸਲਕੁਸ਼ੀ ਬੰਦ ਹੋਈ ਤਾਂ ਕਿਤੇ ਜਾ ਕੇ ਭੀਰੇ ਦੇ ਮਾਂ ਪਿਓ ਨੇ ਤਿਰਲੋਕਪੁਰੀ ਜਾ ਕੇ ਦੇਖਿਆ ਕਿ ਭੀਰੇ ਦਾ ਘਰ ਵੀ ਜਲ ਕੇ ਸੁਆਹ ਹੋਇਆ ਪਿਆ ਸੀ। ਮਾਪਿਆਂ ਨੇ ਸੁੱਖ ਦਾ ਸਾਹ ਲਿਆ ਕਿ ਲੜਕਾ ਪਰੀਵਾਰ ਸਮੇਤ ਬਚ ਗਿਆ ਸੀ। ਜਲੀ ਹੋਈ ਥੇਹ ਨੂੰ ਮਾੜੀ ਮੋਟੀ ਚਾਰ ਦਿਵਾਰੀ ਕਰਕੇ ਜਿੰਦਰਾ ਲਗਾ ਦਿੱਤਾ ਗਿਆ ਤੇ ਇਸ ਪ੍ਰਕਾਰ ਇਸ ਥੇਹ ਨੂੰ ਸੰਭਾਲ ਲਿਆ ਗਿਆ।

"ਪਾਖਰ ਸਿਹਾਂ, ਇੰਝ ਉਦੋਂ ਬਹੁਤ ਸਾਰੇ ਸਿੱਖਾਂ ਨਾਲ ਹੋਇਆ ਸੀ। ਸਰਕਾਰੀ ਅੰਕੜਿਆਂ ਮੁਤਾਬਕ ਤਿੰਨ ਹਜ਼ਾਰ ਤੋਂ ਵੱਧ ਸਿੱਖ ਮਾਰੇ ਗਏ ਸਨ। ਗੈਰ ਸਰਕਾਰੀ ਅੰਕੜੇ ਇਹ ਗਿਣਤੀ ਵੱਧ ਦੱਸਦੇ ਹਨ। ਸਾਡੇ ਇਕ ਰਿਸ਼ਤੇਦਾਰ ਨਾਲ ਵੀ ਇਵੇਂ ਹੀ ਹੋਇਆ ਸੀ। ਉਹ ਆਪ ਸਰਦਾਰ ਸੀ ਤੇ ਉਸਨੇ ਹਿੰਦੂ ਇਸਤਰੀ ਨਾਲ ਵਿਆਹ ਕਰਵਾਇਆ ਹੋਇਆ ਸੀ। ਦੰਗਾਕਾਰੀ ਉਸਨੂੰ ਮਾਰ ਗਏ ਸੀ ਪਰ ਉਸਦੇ ਪਰੀਵਾਰ ਨੂੰ ਛੱਡ ਗਏ ਸਨ। ਬਹੁਤ ਸਾਰੇ ਸਿੱਖਾਂ ਦੇ ਗਲਾਂ ਵਿਚ ਰਬੜ ਦੇ ਟਾਇਰ ਪਾ ਕੇ ਉਹਨਾਂ ਨੂੰ ਅੱਗ ਲਗਾ ਦਿੱਤੀ ਗਈ ਸੀ। ਪੁਲਿਸ ਮੂਕ ਦਰਸ਼ਕ ਬਣੀ ਰਹੀ ਸੀ। ਪੁਲਿਸ ਨੇ ਤਿੰਨ ਦਿਨ ਦਿੱਲੀ ਵਿਚ ਕੋਈ ਕਾਰਵਾਈ ਨਹੀਂ ਕੀਤੀ ਸੀ। ਇਹ ਸਭ ਕੁਝ ਕਾਂਗਰਸੀ ਲੀਡਰਾਂ ਦੀ ਸ਼ਹਿ ਤੇ ਹੋਇਆ ਸੀ।"

"ਤੁਸੀਂ ਸੱਚ ਕਹਿ ਰਹੇ ਹੋ, ਵੀਰ ਜੀ! ਭੀਰੇ ਦੀ ਘਟਨਾ ਅਜੇ ਹੋਰ ਵੀ ਏ।"

"ਉਹ ਵੀ ਦੱਸੋ।"

"ਭੀਰੇ ਦਾ ਪਰੀਵਾਰ ਦੋ ਮਹੀਨੇ ਆਪਣੇ ਰਿਸ਼ਤੇਦਾਰਾਂ ਨਾਲ ਲੁਧਿਆਣੇ ਰਿਹਾ। ਭੀਰਾ ਆਪ ਮਜ਼ਦੂਰੀ ਕਰਨ ਲੱਗ ਪਿਆ ਸੀ। ਮਹੀਨੇ ਕੁ ਬਾਦ ਉਹ ਸੋਨੀਪਤ ਜਾ ਕੇ ਆਪਣਾ ਆਟੋ ਉਥੋਂ ਲੁਧਿਆਣੇ ਲੈ ਆਇਆ। ਇੰਝ ਉਸਨੇ ਲੁਧਿਆਣੇ ਵਿਚ ਵੀ ਫਿਰ ਆਟੋ ਦਾ ਕੰਮ ਹੀ ਸ਼ੁਰੂ ਕਰ ਦਿੱਤਾ। ਲੜਕੀਆਂ ਨੂੰ ਸਰਕਾਰੀ ਸਕੂਲ ਵਿਚ ਪੜ੍ਹਨਾ ਪੁਆਇਆ। ਘਰਵਾਲੀ ਇਕ ਹੌਜਰੀ ਵਿਚ ਥੋੜ੍ਹੇ ਸਮੇਂ ਲਈ ਕੰਮ ਲਗ ਪਈ। ਇੰਜ ਦੋ ਕੁ ਸਾਲ ਬੀਤ ਗਏ। ਫਿਰ ਭੀਰੇ ਨੇ ਆਪਣੇ ਰਿਸ਼ਤੇਦਾਰਾਂ ਦੀ ਮਦਦ ਨਾਲ ਇਕ ਤਿੰਨ ਕੁ ਮਰਲੇ ਵਿਚ ਬਣਿਆ ਛੋਟਾ ਜਿਹਾ ਪੁਰਾਣਾ ਘਰ ਖਰੀਦ ਲਿਆ। ਇਹ ਘਰ ਇਕ ਕਮਰਾ ਹੇਠਾਂ, ਇਕ ਛੋਟਾ ਜਿਹਾ ਉੱਪਰ ਤੇ ਇਕ ਨਿੱਕੀ ਜਿਹੀ ਰਸੋਈ ਤੇ ਨਿੱਕਾ ਬਾਥਰੂਮ ਸਨ। ਜਗਾਹ ਬੜੀ ਨੀਵੀਂ ਜਿਹੀ ਸੀ। ਚਾਰ ਜਾਣਿਆਂ ਦਾ ਇਹ ਪਰੀਵਾਰ ਇਸ ਜਗਾਹ ਰਹਿਣ ਲੱਗ ਪਿਆ। ਹੌਲੀ ਹੌਲੀ ਜ਼ਿੰਦਗੀ ਸੁਖਾਵੀਂ ਅੰਗੜਾਈ ਲੈਣ ਲੱਗ ਪਈ। ਤੀਵੀਂ ਮਨੁੱਖ ਦੋਹਾਂ ਦੀ ਆਮਦਨ ਇਕ ਛੋਟਾ ਪਰੀਵਾਰ ਚਲਾਉਣ ਲਈ ਠੀਕ ਸੀ। ਇੰਝ ਚਾਰ ਸਾਲ ਬੀਤ ਗਏ।

ਫਿਰ ਸੰਨ 88 ਆਇਆ। 88 ਵਿਚ ਉੱਤਰੀ ਭਾਰਤ ਵਿਚ ਬਹੁਤ ਭਾਰੇ ਹੜ੍ਹ ਆਏ ਸਨ। ਇਕ ਰਾਤ ਜਦ ਇਹ ਪਰੀਵਾਰ ਰਾਤ ਨੂੰ ਸੁੱਤਾ ਪਿਆ ਸੀ ਤਾਂ ਪਾਣੀ ਇਹਨਾਂ ਦੇ ਮੰਜਿਆਂ ਨੂੰ ਛੂੰਹਦਾ ਮਹਿਸੂਸ ਹੋਇਆ। ਫੁਰਤੀ ਕਰਕੇ ਚਾਰੇ ਜਾਣੇ ਛੱਤ ਪਰ ਚੜ੍ਹ ਗਏ ਜਿੱਥੇ ਇਕ ਛੋਟਾ ਜਿਹਾ ਕਮਰਾ ਸੀ। ਬਾਰਸ਼ ਇੰਨੀ ਜਿਆਦਾ ਹੋਈ ਕਿ ਪਾਣੀ ਠਲ੍ਹਣ ਦਾ ਨਾਮ ਨਾ ਲਵੇ। ਇਹ ਤਿੰਨ ਦਿਨ ਛੱਤ ਉੱਪਰ ਹੀ ਬੈਠੇ ਰਹੇ। ਘਰ ਕਾਫੀ ਨੀਵੇਂ ਥਾਂ ਤੇ ਸੀ। ਇਸੇ ਕਰਕੇ ਇਹ ਇਹਨਾਂ ਨੂੰ ਕੁਝ ਸਸਤਾ ਮਿਲ ਗਿਆ ਸੀ। ਜਦ ਪਾਣੀ ਥੋੜ੍ਹਾ ਘਟਿਆ ਤਾਂ ਇਕ ਸਮਾਜ ਸੇਵੀ ਜਥੇਬੰਦੀ ਨੇ ਇਹਨਾਂ ਨੂੰ ਇਸ ਘਰ ਵਿਚੋਂ ਕੱਢਿਆ ਤੇ ਇਹਨਾਂ ਨੂੰ ਇਕ ਗੁਰੂਦੁਆਰੇ ਲੈ ਗਏ ਜਿੱਥੇ ਸ਼ਰਨਾਰਥੀਆਂ ਅਤੇ ਬੇਘਰੇ ਬੰਦਿਆਂ ਲਈ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਕੁਝ ਸਮਾਂ ਗੁਰੂਘਰ ਵਿਚ ਬਿਤਾਉਣ ਤੋਂ ਬਾਦ ਇਹ ਸਮਝ ਨਾ ਆਵੇ ਕਿ ਕਿਥੇ ਜਾਇਆ ਜਾਵੇ। ਘਰ ਦੇ ਆਲੇ ਦੁਆਲੇ ਤਾਂ ਅਜੇ ਕਈ ਦਿਨ ਪਾਣੀ ਖੜ੍ਹਾ ਰਹਿਣਾ ਸੀ। ਭੀਰੇ ਨੇ ਸੋਚਿਆ ਕਿ ਮਾਪਿਆਂ ਨਾਲ ਦਿੱਲੀ ਸਲਾਹ ਕੀਤੀ ਜਾਵੇ। ਮਾਪਿਆਂ ਨੇ ਜ਼ੋਰ ਪਾਇਆ ਕਿ ਪਰੀਵਾਰ ਦਿੱਲੀ ਵਾਪਸ ਆ ਜਾਵੇ। ਉਹਨਾਂ ਨੇ ਤਿਰਲੋਕਪੁਰੀ ਵਾਲੇ ਜਲੇ ਹੋਏ ਘਰ ਨੂੰ ਕੁਝ ਠੀਕ ਕਰਵਾਇਆ ਮਾੜੀ ਮੋਟੀ ਮਦਦ ਸਰਕਾਰ ਵੀ ਕਰ ਰਹੀ ਸੀ। ਭੀਰਾ ਤੇ ਉਸਦਾ ਪਰੀਵਾਰ ਫਿਰ ਵਾਪਸ ਤਿਰਲੋਕਪੁਰੀ ਚਲੇ ਗਏ। ਆਟੋ ਵੀ ਉਹ ਦਿੱਲੀ ਵਾਪਸ ਲੈ ਗਿਆ। ਲੁਧਿਆਣੇ ਵਾਲੇ ਘਰ ਨੂੰ ਬੜੀ ਮੁਸ਼ਕਿਲ ਨਾਲ ਸਸਤੇ ਭਾਅ ਤੇ ਵੇਚਿਆ। ਇਹ ਪੈਸੇ ਵੀ ਤਿਰਲੋਕਪੁਰੀ ਵਾਲੇ ਘਰ ਤੇ ਲਗਾਏ। ਹਾਰਿਆ ਹੋਇਆ ਜੀਵਨ ਫਿਰ ਅੰਗੜਾਈ ਲੈਣ ਲੱਗਾ । ਜਨਾਨੀ ਨੂੰ ਹੌਜਰੀ ਵਿਚ ਕੀਤੀ ਹੋਈ ਨੌਕਰੀ ਵਾਰ ਵਾਰ ਸਤਾਇਆ ਕਰੇ। ਉੱਥੋਂ ਉਸਨੂੰ ਚੰਗੇ ਪੈਸੇ ਮਿਲਣ ਲੱਗ ਪਏ ਸਨ। ਦਿੱਲੀ ਉਹ ਕੰਮ ਲੱਭਣ ਦੀ ਕੋਸ਼ਿਸ਼ ਕਰੇ ਪਰ ਕੰਮ ਮਿਲੇ ਹੀ ਨਾ। ਲੜਕੀਆਂ ਭਾਵੇਂ ਸਾਦੇ ਸਰਕਾਰੀ ਸਕੂਲਾਂ ਵਿਚ ਪੜ੍ਹ ਰਹੀਆਂ ਸਨ ਫਿਰ ਵੀ ਦਿੱਲੀ ਦਾ ਖਰਚਾ ਸੀ। ਲੜਕੀਆਂ ਹੁਣ ਜਵਾਨੀ ਵਲ ਨੂੰ ਵੀ ਵਧ ਰਹੀਆ ਸਨ। ਮਾਂ ਕੰਮ ਕਰਨ ਜਾਵੇ ਜਾਂ ਘਰ ਰਹਿ ਕੇ ਉਹਨਾਂ ਦੀ ਪਾਲਣਾ ਪੋਸ਼ਣਾ ਤੇ ਪੜ੍ਹਾਈ ਕਰਵਾਵੇ ? ਸਵਾਲ ਇਹ ਵੀ ਸੀ। ਆਖਰ ਕਮਾਈ ਹੁਣ ਫਿਰ ਆਟੋ ਦੀ ਹੀ ਰਹਿ ਗਈ ਸੀ। ਪਰੀਵਾਰ ਡੱਕੇ ਡੋਲੇ ਖਾਂਦਾ ਦੁਆਰਾ ਦਿੱਲੀ ਵਿਚ ਕਿਵੇਂ ਸੈੱਟ ਹੋਇਆ ਕੋਈ ਪਤਾ ਨਹੀਂ।"

ਗੱਲ ਚਲ ਹੀ ਰਹੀ ਸੀ ਕਿ ਮੇਰੇ ਮੋਬਾਇਲ ਫੋਨ ਦੀ ਟਿਕ ਵੱਜੀ। ਮੈਂ ਫੋਨ ਖੋਲ੍ਹ ਕੇ ਦੇਖਿਆ ਤਾਂ ਉਸ ਵਿਚ ਸੋਸ਼ਲ ਮੀਡੀਆ ਤੇ ਇਕ ਨਵਾਂ ਵੀਡੀਓ ਕਿਸੇ ਨੇ ਭੇਜਿਆ ਸੀ। ਅਸੀਂ ਤਿੰਨਾਂ ਨੇ ਸੋਚਿਆ ਕਿ ਪਹਿਲਾਂ ਵੀਡੀਓ ਹੀ ਦੇਖ ਲਿਆ ਜਾਵੇ। ਜਦ ਦੇਖਿਆ ਤਾਂ ਉਸ ਵਿਚ ਕਰੋਨਾ ਦੇ ਟੀਕੇ ਦੀ ਖੋਜ ਬਾਰੇ ਕਈ ਕੁਝ ਲਿਖਿਆ ਹੋਇਆ ਸੀ। ਨਾਲ ਉਸ ਦਿਨ ਦਾ ਦੁਨੀਆਂ ਭਰ ਦਾ ਕਰੋਨਾ ਅੰਕੜਾ ਵੀ ਲਿਖਿਆ ਹੋਇਆ ਸੀ:–

**ਦੁਨੀਆ ਭਰ ਦੀ ਸਥਿਤੀ ਕੋਵਿਡ-19**

ਕੁੱਲ ਮਾਮਲੇ: 2,06,03,871
ਠੀਕ ਹੋਏ: 1,35,04,986
ਮੌਤਾਂ: 7,47,577

**ਪੰਜਾਬ**

ਕੁੱਲ ਮਾਮਲੇ: 37,889
ਨਵੇਂ ਮਾਮਲੇ: 1255
ਠੀਕ ਹੋਏ: 19,212
ਮੌਤਾਂ: 872
24 ਘੰਟਿਆਂ ਦੌਰਾਨ ਮੌਤਾਂ: 65

ਫਿਰ ਅਸੀਂ ਉੱਠ ਕੇ ਕਲੱਬ ਤੋਂ ਬਾਹਰ ਆ ਗਏ। ਮੀਹਾਂ ਸਿੰਘ ਤੇ ਪਾਖਰ ਸਿੰਘ ਦੋਨੋਂ ਪੰਜਾਬ ਵਿਚ ਵਧ ਰਹੇ ਕਰੋਨਾ ਪੀੜਤਾਂ ਦੇ ਕੇਸਾਂ ਤੋਂ ਬਹੁਤ ਪਰੇਸ਼ਾਨ ਸਨ। ਸਿਡਨੀ ਵਿਚੋਂ ਇਕ ਦਿਨ ਉਹਨਾਂ ਨੂੰ ਜਾਣਾ ਹੀ ਪੈਣਾ ਸੀ। ਭਾਵੇਂ ਇਥੇ ਰਹਿ ਕੇ ਉਹ ਬੜੇ ਖੁਸ਼ ਸਨ ਪਰ ਇੱਥੇ ਉਹ ਪੱਕੇ ਨਹੀਂ ਸਨ। ਉਹ ਇਥੇ ਆਪਣੇ ਬਚਿਆਂ ਤੇ ਭਾਰ ਵੀ ਸਨ। ਸੰਸਾਰ ਦੀ ਆਵਾਜਾਈ ਅਜੇ ਖੁੱਲ੍ਹ ਨਹੀਂ ਸੀ ਰਹੀ। ਹਵਾਈ ਉਡਾਨਾਂ ਤਕਰੀਬਨ ਬੰਦ ਸਨ ਅਤੀ ਜਰੂਰੀ ਕੇਸ ਹੀ ਸਫਰ ਕਰ ਸਕਦੇ ਸਨ। ਇਹਨਾਂ ਨੂੰ ਵੀ ਯਾਤਰਾ ਖਤਮ ਹੋਣ ਤੇ ਦੋ ਹਫਤੇ ਇਕਾਂਤਵਾਸ ਵਿਚ ਰੱਖਿਆ ਜਾਂਦਾ ਸੀ। ਫਿਰ ਕਿਤੇ ਉਹ ਆਪਣੇ ਪਰੀਵਾਰਾਂ ਨੂੰ ਮਿਲ ਸਕਦੇ ਸਨ। ਕਰੋਨਾ ਦਾ ਪਰਕੋਪ ਕਦੋਂ ਖਤਮ ਹੋਵੇਗਾ— ਇਹ ਸਮਝ ਨਹੀਂ ਸੀ ਆ ਰਿਹਾ। ਮੀਹਾਂ ਸਿੰਘ ਤੇ ਪਾਖਰ ਸਿੰਘ ਹਰ ਰੋਜ਼ ਸੋਚਾਂ ਵਿਚ ਹੀ ਡੁੱਬੇ ਰਹਿੰਦੇ ਸਨ। ਕਿਸੇ ਵੇਲੇ ਗੁਰੁ ਘਰ ਜਾ ਕੇ ਉਹਨਾਂ ਨੂੰ ਬਹੁਤ ਸੁੱਖ ਮਹਿਸੂਸ ਹੋਇਆ ਕਰਦਾ ਸੀ। ਹੁਣ ਗੁਰੁਘਰ ਵੀ ਸੀਮਤ ਹੀ ਖੁੱਲ੍ਹਦੇ ਸਨ। ਗੁਰੂਘਰਾਂ ਵਿਚ ਲੰਗਰ ਬੰਦ ਹੀ ਸੀ। ਵੱਡੀ ਸੋਚ ਇਹ ਸੀ—ਜੇ ਸਰਕਾਰ ਸਿਡਨੀ ਤੋਂ ਜਾਣ ਦੀ ਆਗਿਆ ਦੇ ਵੀ ਦੇਊ ਤਾਂ ਉਹ ਮੂਹਰੇ ਆਪਣੇ ਦੇਸ ਵਿਚ ਪਹੁੰਚ ਕੇ ਇਸ ਪ੍ਰਸਥਿਤੀ ਵਿਚੋਂ ਕਿਵੇਂ ਵਿਚਰਨਗੇ ? ਆਸਟਰੇਲੀਆ ਦੀ ਤਾਂ ਅਬਾਦੀ ਬੜੀ ਘੱਟ ਏ...... ਸਿਹਤ ਸਹੂਲਤਾਂ ਵੀ ਅੰਤਾਂ ਦੀਆਂ ਹਨ..... ਸਫਾਈ ਵੀ ਅੰਤਾਂ ਦੀ ਏ..... ਸਿਹਤ ਕਰਮਚਾਰੀ ਵੀ ਈਮਾਨਦਾਰ ਹਨ....... ਹਸਪਤਾਲਾਂ ਵਿਚ ਅੰਤਾਂ ਦਾ ਅਤਿਆਧੁਨਿਕ ਅਖਰਾਜਾਤ ਏ..... ਮੂਹਰੇ ਦਿੱਲੀ ਉੱਤਰ ਕੇ ਕੀ ਬਣੂ ?... ਉੱਥੇ ਨਾ ਸਿਹਤ ਸਹੂਲਤਾਂ, ਨਾ ਸਫਾਈ, ਨਾ ਸ਼ੁੱਧ ਖਾਣਾ ਪੀਣਾ..... ਝੂਠੇ ਕਰੋਨਾ ਕੇਸ ਬਣਾ ਕੇ ਵਿਚੋਂ ਦੋ ਨੰਬਰ ਦੀ ਕਮਾਈ!... ਵਧ ਰਹੇ ਕੇਸਾਂ ਦਾ ਡਰ, ਸਹਿਮ!! ਇੱਥੇ ਰਹਿ ਨਹੀਂ ਸਕਦੇ, ਉੱਧਰ ਜਾਣ ਨੂੰ ਜੀਅ ਨਹੀਂ ਕਰਦਾ....... ਕੀ ਕੀਤਾ ਜਾਵੇ ? ਚੰਗਾ ਹੁੰਦਾ ਜੇ ਅਸੀਂ ਇੱਧਰ ਹੀ ਪੱਕੇ ਹੁੰਦੇ...........!!!

ਇਹ ਸਵਾਲ ਅਤੇ ਦੋਚਿੱਤੀਆਂ ਉਹਨਾਂ ਦੇ ਚਿਹਰੇ ਤੇ ਵੱਡੇ ਪ੍ਰਸ਼ਨ ਚਿੰਨ੍ਹ ਬਣ ਕੇ ਉੱਭਰ ਰਹੇ ਸਨ।

# ਰੁੱਖ ਮੇਰੇ ਅਜ਼ੀਜ਼

ਮੇਰੇ ਅਜ਼ੀਜ਼ ਨੇ ਕਿਹਾ ਸੀ, "ਕੀ ਤੂੰ ਅਕਸਰ ਖੜ੍ਹ ਕੇ ਆਹ ਸੁੱਕੇ ਜਿਹੇ ਦਰੱਖ਼ਤਾਂ ਨੂੰ ਦੇਖਣ ਲੱਗ ਜਾਂਦੀ ਐਂ...! ਤਾਹੀਉਂ ਤਾਂ ਤੇਰੀ ਜ਼ਿੰਦਗੀ 'ਚ ਏਨੀਆਂ ਸੋਚਾਂ ਨੇ। ਇਹ ਤੈਨੂੰ ਕੀ ਹਾਂ-ਪੱਖੀ ਹੁੰਗਾਰਾ ਦੇਣਗੇ ? ਹਰੇ ਦਰੱਖ਼ਤ ਦੇਖਿਆ ਕਰ ਕੁਝ ਚੰਗਾ ਸੋਚੇਂ ਤੂੰ...।" ਮੈਂ ਉਸ ਦੇ ਇਹ ਲਫ਼ਜ਼ ਸੁਣ ਕੇ ਅਵਾਕ ਰਹਿ ਜਾਣਾ। ਇਹ ਤਕਰਾਰ ਅਕਸਰ ਸਾਡੇ ਵਿਚਕਾਰ ਚੱਲਦੀ ਰਹਿੰਦੀ ਸੀ। ਮੈਂ ਉਸ ਨੂੰ ਅਕਸਰ ਇਹੋ ਜਵਾਬ ਦਿੱਤਾ, "ਇਹ ਮੈਨੂੰ ਬਹੁਤ ਪਿਆਰੇ ਲੱਗਦੇ ਨੇ, ਵੇਖ ਕਿਵੇਂ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਬਿਆਨ ਕਰਦੇ ਨੇ, ਕਿੰਨੇ ਝੱਖੜਾਂ, ਹਨੇਰੀਆਂ, ਤੂਫ਼ਾਨਾਂ, ਧੁੱਪਾਂ-ਛਾਵਾਂ ਨੂੰ ਸਹਿ ਕੇ ਖੜ੍ਹੇ ਨੇ... ਕੀ ਪਤਾ ਕਿਹੜੇ ਦਿਨ ਕਿਸੇ ਗ਼ਰੀਬ ਦੇ ਬੱਚਿਆਂ ਦਾ ਢਿੱਡ ਭਰਨ ਲਈ ਖ਼ੁਦ ਹੀ ਜ਼ਰੀਆ ਬਣ ਜਾਣਗੇ ? ਵੇਖ ਕਿੰਨਾ ਸੋਹਣਾ ਜ਼ਿੰਦਗੀ ਦਾ ਰੰਗ ਦਿਖਾ ਰਹੇ ਨੇ। ਕਿਸੇ ਨੂੰ ਕੋਈ ਸ਼ਿਕਾਇਤ ਨਹੀਂ ਕਰਦੇ। ਇਹ ਮੈਨੂੰ ਬਹੁਤ ਮੁਤਾਸਰ ਕਰਦੇ ਨੇ। ਜਦੋਂ ਕਦੇ ਇਨ੍ਹਾਂ ਸੁੱਕੇ ਤੇ ਝੜ ਚੁੱਕੇ ਦਰੱਖ਼ਤਾਂ 'ਤੇ ਨਵੀਆਂ ਕਰੂੰਬਲਾਂ ਫ਼ੁੱਟਦੀਆਂ ਨੇ, ਜਦੋਂ ਇਨ੍ਹਾਂ ਨੂੰ ਨਵੀਆਂ ਲਗਰਾਂ ਆਉਂਦੀਆਂ ਨੇ... ਮੈਨੂੰ ਆਪਣੇ ਅੰਦਰੋਂ ਲੂੰ-ਲੂੰ 'ਚੋਂ ਉਮੀਦ ਫੁੱਟਦੀ ਨਜ਼ਰ ਆਉਂਦੀ ਹੈ। ਕਿੰਨੀ ਵਾਰ ਤਾਂ ਮੇਰੇ ਕਦਮ ਅਜਿਹੇ ਰੁੱਖਾਂ ਨੂੰ ਵੇਖਦਿਆਂ ਹੀ ਰੁਕੇ ਨੇ...। ਇਨ੍ਹਾਂ ਨੂੰ ਦੇਖ ਕੇ ਲੱਗਦਾ ਹੈ ਜਿਵੇਂ ਚਿਰਾਂ ਤੋਂ ਬਾਂਝ ਕੁੱਖ ਨੂੰ ਕੁਦਰਤ ਨੇ ਔਲਾਦ ਦਾ ਸੁੱਖ ਬਖ਼ਸ਼ ਦਿੱਤਾ ਹੋਵੇ। ਜਿਵੇਂ ਇਕ ਔਰਤ ਮਾਂ ਬਣ ਕੇ ਆਪਣੀ ਔਲਾਦ ਤੋਂ ਆਪਾ ਵਾਰਦੀ ਹੈ, ਓਵੇਂ ਹੀ ਇਹ ਕਿੰਨੀਆਂ ਹੀ ਜ਼ਿੰਦਗੀਆਂ ਨੂੰ ਬੇਨਿਆਜ਼ ਨਿਆਮਤਾਂ ਬਖ਼ਸ਼ਦੇ ਹਨ। ਇਨ੍ਹਾਂ ਦੇ ਪੱਤਿਆਂ 'ਤੇ ਮੀਂਹ ਦੀਆਂ ਬੂੰਦਾਂ ਡਿੱਗਦੀਆਂ ਨੇ ਤਾਂ ਇਹ ਕਿੰਨਾ ਮੁਸਕੁਰਾਉਂਦੇ ਨੇ, ਕਿੰਨੀਆਂ ਅਠਖੇਲੀਆਂ ਕਰਦੇ ਨੇ ਜਿਵੇਂ ਚਿਰਾਂ ਤੋਂ ਤ੍ਰਿਹਾਏ ਰੇਗਿਸਤਾਨ



ਨੂੰ ਮੀਂਹ ਦੀਆਂ ਬੂੰਦਾਂ ਨੇ ਜ਼ਿੰਦਗੀ ਬਖ਼ਸ਼ ਦਿੱਤੀ ਹੋਵੇ। ਕਿਵੇਂ ਨਿਰਮਾਣਤਾ ਨਾਲ ਝੁਕ ਜਾਂਦੇ ਨੇ ਕੁਦਰਤ ਦੇ ਹਰ ਰੰਗ/ਮੌਸਮ ਅੱਗੇ ਤੇ ਅਡੋਲ ਖੜ੍ਹੇ ਰਹਿੰਦੇ ਨੇ। ਕਦੇ ਵੀ ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਕਰਦੇ। ਕੁਦਰਤ ਦੀਆਂ ਬਖ਼ਸ਼ੀਆਂ ਅਨਮੋਲ ਦਾਤਾਂ ਸਭਨਾਂ ਨੂੰ ਮਜ਼ਹਬਾਂ, ਰੰਗਾਂ ਤੋਂ ਪਾਰ ਜਾ ਕੇ ਵੰਡਦੇ ਰਹਿੰਦੇ ਨੇ।" ਕਿੰਨੀ ਵਾਰ ਇਨ੍ਹਾਂ ਨੇ ਮੈਨੂੰ ਰੋਂਦਿਆਂ ਸੁਣਿਆ, ਵਰਾਇਆ। ਸਮਝਾਇਆ। ਮੈਨੂੰ ਖੁੱਲ੍ਹ ਕੇ ਹੱਸਣਾ, ਰੋਣਾ, ਸੁਣਨਾ, ਜ਼ਿੰਦਗੀ ਮਾਨਣਾ ਸਿਖਾਇਆ। ਇਹ ਬੇਸ਼ਕੀਮਤੀ ਨੇ, ਸਕੂਨ ਦਿੰਦੇ ਨੇ।

ਮੈਂ ਅਕਸਰ ਆਪਣੇ ਅਜ਼ੀਜ਼ ਨੂੰ ਆਖਦੀ, "ਇਹ ਮੈਨੂੰ ਪਿਆਰੇ ਲੱਗਦੇ ਨੇ। ਰੂਹ ਨੂੰ ਸਕੂਨ ਦਿੰਦੇ ਨੇ।" ਉਸ ਨੇ ਅਕਸਰ ਮੁਸਕੁਰਾ ਪੈਣਾ ਅਤੇ ਆਪਣੇ ਹੱਥ ਨੂੰ ਨਾਂਹ ਦੀ ਮੁਦਰਾ ਦਾ ਨਚਾਉਂਦਿਆਂ ਕਹਿਣਾ, "ਇਹ ਸਿਰਫ਼ ਕਿਤਾਬੀ ਗੱਲਾਂ ਨੇ ਅਮੀਨਾ... ਇਨ੍ਹਾਂ ਨਾਲ ਜ਼ਿੰਦਗੀ ਨਹੀਂ ਚੱਲਦੀ ਹੁੰਦੀ।" ਮੈਂ ਭਿੱਜੀਆਂ ਅੱਖਾਂ ਨਾਲ ਕਹਿਣਾ, "ਮੇਰੇ ਕੋਲ ਤਾਂ ਇਹੋ ਹੀ ਨੇ... ਮੇਰੇ ਕੋਲ ਹੋਰ ਕੋਈ ਰਾਸਤਾ ਨਹੀਂ।" ਸਮਾਂ ਬੀਤਿਆ ਜ਼ਿੰਦਗੀ ਨੇ ਜ਼ਿੰਦਗੀ ਹੋਣ ਦਾ ਅਹਿਸਾਸ ਕਰਵਾਇਆ। ਤਲਖ਼ ਹਕੀਕਤਾਂ ਨਾਲ ਵਾਹ ਪਿਆ। ਪਤਾ ਲੱਗਾ ਕਿ ਜ਼ਿੰਦਗੀ ਮਹਿਜ਼ ਕਿਸੇ ਪ੍ਰਤੀ ਇਮਾਨ, ਸਪੁਰਦਤਾ, ਅਕੀਦਤ ਦਿਖਾਉਣ ਨਾਲ ਨਹੀਂ ਗੁਜ਼ਰਦੀ, ਖ਼ਾਸਕਰ ਓਦੋਂ ਜਦੋਂ ਅਜ਼ੀਜ਼ ਆਖੇ, "ਇਹ ਮਹਿਜ਼ ਕਿਤਾਬੀ ਗੱਲਾਂ ਨੇ।" ਮੈਨੂੰ ਇਹ ਅਹਿਸਾਸ ਵੀ ਹੋਣ ਲੱਗਾ ਕਿ ਕਿਸੇ ਪ੍ਰਤੀ ਜਿੰਨੇ ਇਮਾਨ ਨਾਲ ਲਿਫ਼ ਕੇ ਨਿਭਦੇ ਹੋ ਓਨਾ ਹੀ ਆਪਣੀਆਂ ਨਜ਼ਰਾਂ ਤੋਂ ਡਿੱਗਦੇ ਜਾਂਦੇ ਹੋ, ਪਰ ਮੇਰੇ ਵਰਗਾ ਇਨਸਾਨ ਇਸ ਵਿੱਚੋਂ ਵੀ ਰਿਸ਼ਤਿਆਂ 'ਚ ਠਹਿਰਾਅ ਦਾ ਰਾਸਤਾ ਲੱਭਣ ਲੱਗਦਾ ਹੈ। ਮੈਂ ਮੇਰੇ ਅਜ਼ੀਜ਼ ਨੂੰ ਸਮਝਾ ਨਾ ਸਕਣਾ ਕਿ ਕਿੰਝ ਸਮਝਾਵਾਂ, ਅਹਿਸਾਸ ਨਾਲ ਹੀ ਜ਼ਿੰਦਗੀ ਜਿਊਈਂ ਜਾਂਦੀ ਐ...। ਟੋਟਿਆਂ 'ਚ ਵੰਡ ਕੇ ਮਹਿਜ਼ ਭੀੜ ਇਕੱਠੀ ਹੋ ਸਕਦੀ ਐ ਤਾਂਹੀਓ ਤਾਂ ਮੈਨੂੰ ਇਹ ਸੁੱਕੇ ਦਰੱਖ਼ਤ ਇੰਨੇ ਸੋਹਣੇ ਲੱਗਦੇ ਨੇ। ਇਹ ਭੀੜ 'ਚੋਂ ਇਕੱਲੇ ਦਿਸਦੇ ਨੇ... ਹਰੇ-ਭਰੇ ਹੋਣ ਦੀ ਉਮੀਦ ਨਾਲ ਲਬਰੇਜ਼।" ਖ਼ੈਰ! ਹਰ ਇਕ ਦਾ ਆਪੋ ਆਪਣਾ ਨਜ਼ਰੀਆ ਹੁੰਦਾ ਏ। ਆਪਣੇ ਅਜ਼ੀਜ਼ ਦੀ ਗੱਲ ਮੈਂ ਅੱਜ ਤੱਕ ਸਮਝਣ ਦੀ ਕੋਸ਼ਿਸ਼ ਕਰ ਰਹੀ ਹਾਂ। "ਇਹ ਮਹਿਜ਼ ਕਿਤਾਬੀ ਗੱਲਾਂ ਨੇ" ਦੇ ਸੰਤਾਪ 'ਚੋਂ ਨਿਕਲਣ ਲਈ ਕਈ ਵਾਰ ਸ਼ਾਂਤ ਪਾਰਕ 'ਚ ਜਾ ਕੇ ਦਰੱਖ਼ਤਾਂ ਦੇ ਆਗੋਸ਼ 'ਚ ਬੈਠ ਜਾਣਾ ਜਿੱਥੇ ਇਹ ਕਈ ਰੂਪਾਂ ਹਰੇ-ਭਰੇ, ਰੁੰਡ-ਮਰੁੰਡ ਹੋਏ ਖੜ੍ਹੇ ਵੀ ਮੁਸਕੁਰਾਉਂਦੇ... ਇਨ੍ਹਾਂ ਨੂੰ ਜਾ ਕੇ ਦੱਸਣਾ ਕਿ ਹੁਣ ਜ਼ਿੰਦਗੀ ਇਹ ਰੰਗ ਦਿਖਾ ਰਹੀ ਹੈ, ਇਨ੍ਹਾਂ ਅਡੋਲ ਸ਼ਾਂਤ ਚਿੱਤ ਰਹਿਣ ਦੇ ਸਬਕ ਸਿਖਾ ਦੇਣੇ। ਰੁੱਖਾਂ ਦੀਆਂ ਟਹਿਣੀਆਂ 'ਚੋਂ ਝਰ ਕੇ ਆਉਂਦੀਆਂ ਚੰਨ ਦੀਆਂ ਰਿਸ਼ਮਾਂ ਨੇ ਇਕ ਨਵਾਂ ਰਾਹ ਦਿਖਾ ਦੇਣਾ। ਇਨ੍ਹਾਂ ਦੇ ਪਰਛਾਵਿਆਂ ਦੇ ਆਕਾਰਾਂ ਨੇ ਕੋਈ ਨਾ ਕੋਈ ਸੁਨੇਹਾ ਦੇ ਦੇਣਾ। ਜਦੋਂ ਕਿਤੇ ਬਹੁਤ ਉਦਾਸ ਹੋਣਾ ਤਾਂ ਅਕਸਰ ਫ਼ੋਨ ਤੋਂ ਬਿਨਾਂ ਸਵੇਰ ਦੀ ਸੈਰ 'ਤੇ ਨਿਕਲ ਪੈਣਾ ਕਿਉਂਕਿ ਫ਼ੋਨ ਨਾਲ ਇਨ੍ਹਾਂ ਦੀ ਸੰਗਤ ਨੂੰ ਚੰਗੀ ਤਰ੍ਹਾਂ ਮਾਣਿਆ ਨਹੀਂ ਜਾ ਸਕਦਾ। ਕਦੇ ਕਦੇ ਜੀਅ ਵੀ ਕਰਨਾ ਕਿ ਇਸ ਪਲ ਨੂੰ ਕੈਦ ਕਰਕੇ ਸਾਂਭ ਲਵਾਂ ਤਾ-ਉਮਰ ਲਈ...।

ਫਿਰ ਇਕ ਦਿਨ ਸਮਾਂ ਕੁਝ ਪਲਾਂ ਲਈ ਰੁਕਿਆ। ਮੈਂ ਬੜੀ ਸ਼ਿੱਦਤ ਨਾਲ ਇਕ ਰੁੱਖ ਨੂੰ ਰੂਹ ਦਾ ਰਾਜ਼ਦਾਰ ਬਣਾਇਆ ਤੇ ਉਸ ਅਜ਼ੀਜ਼ ਨੂੰ ਉਸ ਦੇ ਜਨਮ ਦਿਨ ਦੇ ਮੁਬਾਰਕ ਮੌਕੇ ਉਸ ਨੂੰ ਤੋਹਫ਼ੇ ਵਜੋਂ ਦਿੱਤਾ। ਇਸ ਉਮੀਦ ਨਾਲ ਕਿ ਕਿਧਰੇ ਉਹ ਇਸ ਖ਼ੂਬਸੂਰਤ ਅਹਿਸਾਸ ਤੋਂ ਵਿਰਵਾ ਨਾ ਰਹਿ ਜਾਵੇ। ਰੁੱਖ ਮਹਿਜ਼ ਤੋਹਫ਼ਾ ਨਹੀਂ ਰਹਿ ਜਾਂਦੇ। ਇਹ ਆਪਣੇ ਨਾਲ ਕਿੰਨੀਆਂ ਹੀ ਮੁਬਾਰਕ ਯਾਦਾਂ ਜੋੜ ਲੈਂਦੇ ਨੇ। ਇਹ ਵਧਦੇ ਫੁੱਲਦੇ ਆਪਣੇ ਮੁਕਾਮ ਵੱਲ ਜਾਂਦੇ ਕਿੰਨੇ ਹੀ ਸਬਕ ਸਿਖਾਉਂਦੇ ਨੇ। ਅਸੀਂ ਇਨ੍ਹਾਂ ਦੇ ਅਹਿਸਾਸਾਂ ਨਾਲ ਜਿਊਣਾ ਸ਼ੁਰੂ ਕਰ ਦਿੰਦੇ ਹਾਂ।

ਖ਼ੈਰ! ਮੈਨੂੰ ਬਾਰਸ਼ ਦਾ ਮੌਸਮ ਵੀ ਬਹੁਤ ਮੁਤਾਸਰ ਕਰਦਾ ਏ। ਮੈਨੂੰ ਇੰਝ ਲੱਗਦਾ ਹੈ ਜਿਵੇਂ ਇਹ ਮੇਰੇ ਅੰਦਰਲੇ ਦੀ ਬਾਤ ਪਾਉਂਦਾ ਹੋਵੇ। ਇਹ ਮੇਰੇ ਉਦਰੇਵੇਂ ਅਤੇ ਉਦਾਸੀ ਨੂੰ ਪਨਾਹ ਦਿੰਦਾ ਏ। ਅੱਖਾਂ ਦਾ ਉਦਾਸ ਮੌਸਮ ਇਹਦੇ ਅੰਦਰ ਸ਼ਾਂਤ ਹੋ ਜਾਂਦਾ ਏ।

ਅੱਜਕੱਲ੍ਹ ਦੇ ਦਿਨਾਂ ਵਿਚ ਯੂਨੀਵਰਸਿਟੀ ਦੇ ਵਿਹੜੇ ਵਿਚ ਅਮਲਤਾਸ ਦੀ ਆਮਦ ਹੋ ਜਾਂਦੀ ਹੈ। ਇਹ ਅਮਲਤਾਸ ਸੁਨਹਿਰੀ ਭਾਹ ਮਾਰਦਾ ਹੈ। ਇਸ ਦਾ ਸੋਹਣਾ ਰੰਗ-ਰੂਪ ਮੇਰੀ ਬੇਰੰਗ ਹੋ ਚੁੱਕੀ ਰੂਹ ਨੂੰ ਆਪਣੇ ਰੰਗ ਵਿਚ ਰੰਗ ਲੈਂਦਾ ਏ। ਇਸ ਦੀ ਆਮਦ "ਮੈਨੂੰ ਨਿੱਜੀ ਤੌਰ 'ਤੇ ਬਹੁਤ ਸਕੂਨ ਦਿੰਦੀ ਐ...।" ਮੈਂ ਸੜਦੀਆਂ-ਬਲ਼ਦੀਆਂ ਧੁੱਪਾਂ ਵਿਚ ਅਮਲਤਾਸ ਦੇ ਦਰੱਖ਼ਤਾਂ ਥੱਲਿਓਂ ਅਕਸਰ ਅਜਾਈਂ ਹੀ ਲੰਘਦੀ ਰਹਿੰਦੀ ਹਾਂ ਕੁਦਰਤ ਨੂੰ ਸਜਦਾ ਕਰਨ, ਸਕੂਨ ਪਾਉਣ ਤੇ ਸ਼ੁਕਰਾਨਾ ਕਰਨ ਲਈ।

**ਅਮੀਨਾ**

# ਬੌਲੀਵੁੱਡ ਨੂੰ ਖਤਮ ਨਹੀਂ ਹੋਣ ਦੇਵਾਂਗੇ: ਠਾਕਰੇ



ਮੁੰਬਈ: ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੇ ਅੱਜ ਕਿਹਾ ਕਿ ਹਿੰਦੀ ਫਿਲਮ ਸਨਅਤ ਨੂੰ ਬਦਨਾਮ ਤੇ ਖਤਮ ਕਰਨ ਜਾਂ ਇਸ ਨੂੰ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਊਧਵ ਠਾਕਰੇ ਦੀ ਇਹ ਟਿੱਪਣੀ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਮਾਮਲੇ 'ਚ ਵੱਖ ਵੱਖ ਏਜੰਸੀਆਂ ਵੱਲੋਂ ਕੀਤੀ ਗਈ ਜਾਂਚ ਤੇ ਇਸ ਮਾਮਲੇ 'ਚ ਮੀਡੀਆ ਕਵਰੇਜ ਦੌਰਾਨ ਬੌਲੀਵੁੱਡ ਨੂੰ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ ਸਾਹਮਣੇ ਆਈ ਹੈ। ਮੁੱਖ ਮੰਤਰੀ ਨੇ ਮਲਟੀਪਲੈਕਸ ਤੇ ਸਿਨੇਮਾਘਰਾਂ ਦੇ ਮਾਲਕਾਂ ਨਾਲ ਅੱਜ ਕੀਤੀ ਮੀਟਿੰਗ ਦੌਰਾਨ ਕਿਹਾ, 'ਫਿਲਮ ਸਨਅਤ ਨੂੰ ਖਤਮ ਕਰਨ ਜਾਂ ਇਸ ਨੂੰ ਇੱਥੋਂ ਕਿਸੇ ਹੋਰ ਥਾਂ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।' ਉਨ੍ਹਾਂ ਕਿਹਾ ਕਿ ਮੁੰਬਈ ਸਿਰਫ਼ ਦੇਸ਼ ਦੀ ਵਿੱਤੀ ਰਾਜਧਾਨੀ ਨਹੀਂ ਬਲਕਿ ਇਹ ਦੇਸ਼ ਦੀ ਮਨੋਰੰਜਨ ਰਾਜਧਾਨੀ ਵੀ ਹੈ। ਉਨ੍ਹਾਂ ਕਿਹਾ, 'ਬੌਲੀਵੁੱਡ ਨੂੰ ਸਾਰੀ ਦੁਨੀਆ 'ਚ ਪਸੰਦ ਕੀਤਾ ਜਾਂਦਾ ਹੈ। ਫਿਲਮ ਸਨਅਤ ਵੱਡੇ ਪੱਧਰ 'ਤੇ ਰੁਜ਼ਗਾਰ ਦਿੰਦੀ ਹੈ। ਪਿਛਲੇ ਕੁਝ ਦਿਨਾਂ ਤੋਂ ਫਿਲਮ ਸਨਅਤ ਦੇ ਅਕਸ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਕਿ ਦੁੱਖ ਵਾਲੀ ਗੱਲ ਹੈ।'

# ਕਾਂਗਰਸ ਸੱਤਾਧਾਰੀ ਭਾਜਪਾ ਦੀਆਂ ਧਮਕੀਆਂ ਤੋਂ ਡਰਨ ਵਾਲੀ ਨਹੀਂ: ਸ਼ਿਵਕੁਮਾਰ

ਬੰਗਲੂਰੂ: ਕਾਂਗਰਸ ਨੇ ਕਰਨਾਟਕ ਵਿੱਚ ਸੱਤਾਧਾਰੀ ਭਾਜਪਾ 'ਤੇ 'ਡਰੂਪੁਣੇ ਤੇ ਨਫ਼ਰਤ' ਦੀ ਸਿਆਸਤ ਵਿੱਚ ਪੈਣ ਅਤੇ ਜ਼ਿਮਨੀ ਚੋਣ ਵਿੱਚ ਖੜ੍ਹੇ ਕਾਂਗਰਸੀ ਉਮੀਦਵਾਰ ਤੇ ਪਾਰਟੀ ਵਰਕਰਾਂ ਨੂੰ ਡਰਾਉਣ ਧਮਕਾਉਣ ਲਈ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਨ ਦਾ ਦੋਸ਼ ਲਾਇਆ ਹੈ। ਕਰਨਾਟਕ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਡੀ.ਕੇ.ਸ਼ਿਵਕੁਮਾਰ ਨੇ ਕਿਹਾ ਕਿ ਰਾਜਾਰਾਜੇਸ਼ਵਰੀ ਨਗਰ ਹਲਕੇ ਤੋਂ ਜ਼ਿਮਨੀ ਚੋਣ ਲਈ ਪਾਰਟੀ ਉਮੀਦਵਾਰ ਖ਼ਿਲਾਫ਼ ਚੋਣ ਨੇਮਾਂ ਦੀ ਕਥਿਤ ਉਲੰਘਣਾ ਲਈ ਦਰਜ ਕੇਸ ਤੋਂ ਸੱਤਾਧਾਰੀ ਭਾਜਪਾ ਦਾ ਅਸਲ ਚਿਹਰਾ ਸਾਹਮਣੇ ਆ ਗਿਆ ਹੈ। ਸ਼ਿਵਕੁਮਾਰ ਨੇ ਕਿਹਾ ਕਿ ਪਾਰਟੀ ਅਜਿਹੀਆਂ ਧਮਕੀਆਂ ਤੋਂ ਡਰਨ ਵਾਲੀ ਨਹੀਂ ਹੈ। ਉਨ੍ਹਾਂ ਭਾਜਪਾ ਉਮੀਦਵਾਰ ਐੱਨ.ਮੁਨੀਰਤਨਾ ਦਾ ਨਾਮ ਲਏ ਬਗੈਰ ਕਿਹਾ ਕਿ ਕਾਂਗਰਸ ਉਮੀਦਵਾਰ ਕੁਸੁਮ ਐੱਚ ਤੇ ਪਾਰਟੀ ਵਰਕਰਾਂ ਨੂੰ ਕਥਿਤ ਸਰਕਾਰ ਦੀ ਸਹਾਇਤਾ ਨਾਲ ਐੱਫਆਈਆਰ ਦਰਜ ਕਰਕੇ ਡਰਾਇਆ ਧਮਕਾਇਆ ਜਾ ਰਿਹਾ ਹੈ।

# ਮੋਦੀ ਤੇ ਸ਼ਾਹ ਮਹਾਰਾਸ਼ਟਰ ਦੇ ਰਾਜਪਾਲ ਨੂੰ ਵਾਪਸ ਸੱਦਣ: ਸ਼ਿਵ ਸੈਨਾ



ਮੁੰਬਈ : ਸ਼ਿਵ ਸੈਨਾ ਨੇ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਕਿਹਾ ਕਿ ਉਹ ਰਾਜ ਭਵਨ ਦੇ 'ਗੌਰਵ' ਨੂੰ ਬਣਾਈ ਰੱਖਣ ਲਈ ਮਹਾਰਾਸ਼ਟਰ ਦੇ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਨੂੰ ਵਾਪਸ ਬੁਲਾ ਲੈਣ। ਪਾਰਟੀ ਦੇ ਅਖ਼ਬਾਰ ਸਾਮਨਾ ਦੀ ਸੰਪਾਦਕੀ 'ਚ ਰਾਜਪਾਲ ਕੋਸ਼ਿਆਰੀ 'ਤੇ ਤਿੱਖਾ ਹਮਲਾ ਕੀਤਾ ਗਿਆ ਹੈ। ਸ੍ਰੀ ਕੋਸ਼ਿਆਰੀ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਨੂੰ ਪੱਤਰ ਲਿਖ ਕੇ ਸੂਬੇ 'ਚ ਮੰਦਰ ਨਾ ਖੋਲ੍ਹੇ ਜਾਣ ਨੂੰ ਲੈ ਕੇ ਤਨਜ਼ ਕੀਤਾ ਸੀ। ਸੰਪਾਦਕੀ 'ਚ ਕਿਹਾ ਗਿਆ ਕਿ ਭਾਜਪਾ ਇਸ ਮੁੱਦੇ 'ਤੇ ਨੰਗੀ ਹੋ ਚੁੱਕੀ ਹੈ। ਇਹ ਵੀ ਕਿਹਾ ਗਿਆ ਕਿ ਰਾਜਪਾਲ ਦਫ਼ਤਰ ਦੀ ਵਰਤੋਂ ਕਰਕੇ ਸੂਬਾ ਸਰਕਾਰ 'ਤੇ ਹਮਲਾ ਕਰਨਾ ਵਿਰੋਧੀ ਪਾਰਟੀ ਨੂੰ ਮਹਿੰਗਾ ਪਿਆ ਹੈ। ਰਾਜਪਾਲ ਕੋਸ਼ਿਆਰੀ ਨੂੰ ਮੁੱਖ ਮੰਤਰੀ ਵੱਲੋਂ ਦਿੱਤੇ ਜਵਾਬ ਨੂੰ ਸੰਪਾਦਕੀ 'ਚ ਵਾਜਬ ਠਹਿਰਾਇਆ ਗਿਆ ਹੈ। ਇਹ ਕਿਹਾ ਗਿਆ, 'ਇੱਥੋਂ ਤੱਕ ਕਿ ਭਗਵਾਨ ਵੀ ਖੁਸ਼ੀ 'ਚ ਮੰਦਰ ਦੀਆਂ ਘੰਟੀਆਂ ਵਜਾ ਰਹੇ ਹੋਣਗੇ।' ਜੇਕਰ ਘੰਟੀਆਂ ਵੱਜਣ ਦੀ ਆਵਾਜ਼ ਮੋਦੀ ਅਤੇ ਸ਼ਾਹ ਤੱਕ ਪਹੁੰਚ ਗਈ ਤਾਂ ਉਹ ਰਾਜ ਭਵਨ ਦੇ ਗੌਰਵ ਨੂੰ ਬਣਾਈ ਰੱਖਣ ਲਈ ਰਾਜਪਾਲ ਨੂੰ ਵਾਪਸ ਬੁਲਾ ਲੈਣਗੇ।'

# ਐੱਮਐੱਸਪੀ ਤੇ ਸਰਕਾਰੀ ਖ਼ਰੀਦ ਦੇਸ਼ ਦੀ ਖੁਰਾਕ ਸੁਰੱਖਿਆ ਦਾ ਅਹਿਮ ਹਿੱਸਾ: ਮੋਦੀ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਰਕਾਰ ਫ਼ਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਤੇ ਖ਼ਰੀਦ ਪ੍ਰਤੀ ਵਚਨਬੱਧ ਹੈ ਕਿਉਂਕਿ ਇਹ ਦੇਸ਼ ਦੀ ਖੁਰਾਕ ਸੁਰੱਖਿਆ ਦਾ ਅਹਿਮ ਹਿੱਸਾ ਹੈ। ਉਨ੍ਹਾਂ ਕਿਹਾ ਕਿ ਮੰਡੀ ਢਾਂਚੇ ਵਿੱਚ ਸੁਧਾਰ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਵਿਗਿਆਨਕ ਢੰਗ ਨਾਲ ਐੱਮਐੱਸਪੀ ਖ਼ਰੀਦ ਜਾਰੀ ਰੱਖੀ ਜਾ ਸਕੇ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿੱਚ ਤਾਜ਼ਾ ਸੁਧਾਰ ਭਾਰਤ ਦੀ ਆਲਮੀ ਖ਼ੁਰਾਕ ਸੁਰੱਖਿਆ ਪ੍ਰਤੀ ਵੱਚਨਬੱਧਤਾ ਦਾ ਝਲਕਾਰਾ ਦਿੰਦੇ ਹਨ। ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ (ਐੱਫਏਓ) ਦੀ 75ਵੀਂ ਵਰ੍ਹੇਗੰਢ ਮੌਕੇ 75 ਰੁਪਏ ਕੀਮਤ ਦਾ ਯਾਦਗਾਰੀ ਸਿੱਕਾ ਜਾਰੀ ਕਰਨ ਮਗਰੋਂ ਸੰਬੋਧਨ ਕਰਦਿਆਂ






ਮੋਦੀ ਨੇ ਕਿਹਾ, "ਐੱਮਐੱਸਪੀ ਅਤੇ ਸਰਕਾਰੀ ਖ਼ਰੀਦ ਦੇਸ਼ ਦੀ ਖੁਰਾਕ ਸੁਰੱਖਿਆ ਦਾ ਅਹਿਮ ਹਿੱਸਾ ਹਨ। ਇਹ ਜ਼ਰੂਰੀ ਹੈ ਕਿ ਇਹ ਬਿਹਤਰ ਸਹੂਲਤਾਂ ਅਤੇ ਵਿਗਿਆਨਕ ਢੰਗ ਨਾਲ ਲਗਾਤਾਰ ਜਾਰੀ ਰਹੇ। ਅਸੀਂ ਇਸ ਪ੍ਰਤੀ ਵਚਨਬੱਧ ਹਾਂ।" ਥੋਕ ਮੰਡੀਆਂ ਜਾਂ ਖੇਤੀਬਾੜੀ ਉਪਜ ਮਾਰਕੀਟਿੰਗ ਕਮੇਟੀਆਂ ਦੀ ਆਪਣੀ ਪਛਾਣ ਅਤੇ ਤਾਕਤ ਦੀ ਗੱਲ ਕਰਦਿਆਂ ਮੋਦੀ ਨੇ ਕਿਹਾ ਕਿ ਇਹ ਮੰਡੀਆਂ ਕਈ ਵਰ੍ਹਿਆਂ ਤੋਂ ਦੇਸ਼ ਵਿੱਚ ਚੱਲ ਰਹੀਆਂ ਹਨ ਅਤੇ ਇਨ੍ਹਾਂ ਦੇ ਢਾਂਚੇ ਨੂੰ ਬਿਹਤਰ ਬਣਾਇਆ ਜਾ ਰਿਹਾ ਹੈ। ਊਨ੍ਹਾਂ ਕਿਹਾ ਕਿ ਪਿਛਲੇ ਛੇ ਸਾਲਾਂ ਵਿੱਚ ਮੰਡੀ ਢਾਂਚੇ ਦੀ ਬਿਹਤਰੀ ਲਈ 2,500 ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ। ਇੱਥੋਂ ਤੱਕ ਕਿ ਮੰਡੀਆਂ ਨੂੰ ਇਲੈਕਟ੍ਰਾਨਿਕ ਕੌਮੀ ਮਾਰਕੀਟ ਨਾਲ ਜੋੜਨ ਲਈ ਆਈਟੀ ਢਾਂਚਾ ਸਥਾਪਤ ਕੀਤਾ ਜਾ ਰਿਹਾ ਹੈ। ਊਨ੍ਹਾਂ ਕਿਹਾ, "ਸੱਜਰੇ ਤਿੰਨ ਵੱਡੇ ਖੇਤੀਬਾੜੀ ਸੁਧਾਰ ਕਿਸਾਨਾਂ ਦੀ ਆਮਦਨ ਵਧਾਊਣ ਅਤੇ ਖੇਤੀਬਾੜੀ ਪ੍ਰਫੁੱਲਿਤ ਕਰਨ ਵੱਲ ਅਹਿਮ ਕਦਮ ਹਨ।" ਊਨ੍ਹਾਂ ਕਿਹਾ ਕਿ ਜ਼ਰੂਰੀ ਵਸਤਾਂ ਐਕਟ ਵਿਚ ਸੁਧਾਰਾਂ ਨਾਲ ਮੰਡੀਆਂ ਵਿੱਚ ਮੁਕਾਬਲੇਬਾਜ਼ੀ ਵਧੇਗੀ, ਕਿਸਾਨਾਂ ਦੀ ਆਮਦਨ ਵਧੇਗੀ ਅਤੇ ਅੰਨ ਵਿਅਰਥ ਜਾਣ ਦੀ ਸਮੱਸਿਆ ਹੱਲ ਹੋਵੇਗੀ। ਊਨ੍ਹਾਂ ਕਿਹਾ ਕਿ ਪਹਿਲਾਂ ਕਿਸਾਨਾਂ ਦੀ ਮੰਡੀਆਂ ਤੱਕ ਪਹੁੰਚ ਨਹੀਂ ਹੁੰਦੀ ਸੀ ਅਤੇ ਊਹ ਆਪਣੀ ਫ਼ਸਲ ਵਿਚੋਲੇ ਨੂੰ ਵੇਚਣ ਲਈ ਮਜਬੂਰ ਹੁੰਦੇ ਸਨ ਜਦਕਿ ਹੁਣ ਮੰਡੀਆਂ ਛੋਟੇ ਕਿਸਾਨਾਂ ਦੇ ਦਰਾਂ 'ਤੇ ਪੁੱਜਣਗੀਆਂ ਅਤੇ ਊੱਚੇ ਭਾਅ ਯਕੀਨੀ ਬਣਾਊਣਗੀਆਂ। ਪ੍ਰਧਾਨ ਮੰਤਰੀ ਨੇ ਕੋਵਿਡ-19 ਮਹਾਮਾਰੀ ਦੌਰਾਨ ਕਿਸਾਨਾਂ ਵਲੋਂ ਦੇਸ਼ ਦੀ ਕੁਪੋਸ਼ਣ ਦੀ ਸਮੱਸਿਆ ਹੱਲ ਕਰਨ ਲਈ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸੇ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਵਲੋਂ ਜਲਦੀ ਹੀ ਲੜਕੀਆਂ ਦੇ ਵਿਆਹ ਦੀ ਘੱਟੋ-ਘੱਟ ਊਮਰ 'ਤੇ ਨਜ਼ਰਸਾਨੀ ਲਈ ਸਥਾਪਤ ਕਮੇਟੀ ਤੋਂ ਰਿਪੋਰਟ ਪ੍ਰਾਪਤ ਹੋਣ ਮਗਰੋਂ ਇਸ ਬਾਰੇ ਫ਼ੈਸਲਾ ਲਿਆ ਜਾਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਮਹਾਨ ਸਿੱਖ ਯੋਧਾ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੇ 350ਵੇਂ ਜਨਮ ਦਿਹਾੜੇ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਹ ਕਰੋੜਾਂ ਦਿਲਾਂ ਵਿਚ ਵਸਦੇ ਹਨ ਤੇ ਨਿਆਂ ਦਾ ਮੁੱਲ ਪਛਾਣਨ ਲਈ ਜਾਂਦੇ ਹਨ।

# ਯਾਦ-ਸ਼ਕਤੀ ਤੋਂ ਬਿਨਾ ਸਾਡੀ ਜ਼ਿੰਦਗੀ ਕਿਹੋ ਜਿਹੀ...

ਵਿਜੈ ਗਰਗ

ਸਮੇਂ ਦੀ ਤੋਰ ਤੋਂ ਹਰ ਕੋਈ ਪ੍ਰਭਾਵਿਤ ਹੁੰਦਾ ਹੈ। ਹਰ ਸੰਸਥਾ, ਹਰ ਸਮਾਜ ਅਤੇ ਹਰ ਵਸਤੂ ਇਸ ਤੋਂ ਪ੍ਰਭਾਵਿਤ ਹੁੰਦਿਆਂ ਆਪਣਾ ਰੰਗ, ਢੰਗ ਅਤੇ ਰੂਪ ਬਦਲਦੇ ਰਹਿੰਦੇ ਹਨ। ਪੁਰਾਣੇ ਰੰਗ-ਢੰਗ ਫਿੱਕੇ ਪੈ ਜਾਂਦੇ ਹਨ। ਪੁਰਾਣੀ ਵਿਚਾਰਧਾਰਾ ਨਵੇਂ ਮਾਪਦੰਡਾਂ ਅਤੇ ਸਿਧਾਂਤਾਂ ਵਿਚ ਪਰਿਵਰਤਿਤ ਹੁੰਦੀ ਰਹਿੰਦੀ ਹੈ।

ਅੱਜ ਇੱਕੀਵੀਂ ਸਦੀ ਵਿਚ ਪੁੱਜ ਕੇ ਪੰਜਾਬ ਦੇ ਪਿੰਡ ਅਤੇ ਪਿੰਡਾਂ ਦਾ ਜੀਵਨ ਢੰਗ ਵੀ ਉਹ ਨਹੀਂ ਰਿਹਾ ਜੋ ਅੱਜ ਤੋਂ ਚਾਰ ਪੰਜ ਦਹਾਕੇ ਪਹਿਲਾਂ ਸੀ। ਸਾਡੇ ਪਿੰਡਾਂ ਦੀ ਦਿੱਖ, ਕਾਰ-ਵਿਹਾਰ, ਰਹਿਣ-ਸਹਿਣ ਢੰਗ, ਵਰਤੋਂ ਵਿਵਹਾਰ ਅਤੇ ਭਾਈਚਾਰਾ ਹੋਰ ਦਾ ਹੋਰ ਹੋ ਗਿਆ ਹੈ। ਕੁਝ ਕੁ ਅਤਿ ਗ਼ਰੀਬ ਅਤੇ ਆਰਥਿਕ ਤੰਗੀ-ਤੁਰਸ਼ੀ ਦਾ ਸ਼ਿਕਾਰ ਘਰਾਂ ਦਾ ਰਹਿਣ-ਸਹਿਣ ਭਾਵੇਂ ਪੁਰਾਣੇ ਢੰਗ ਦਾ ਹੋਵੇ, ਪਰ ਸਮੁੱਚੇ ਰੂਪ ਵਿਚ ਪੰਜਾਬ ਦੇ ਪਿੰਡਾਂ ਵਿਚ ਵਿਕਾਸ, ਨਵੀਨਤਾ ਅਤੇ ਖ਼ੁਸ਼ਹਾਲ ਜੀਵਨ ਦੀ ਝਲਕ ਦਿਸਦੀ ਹੈ।

ਦੋ-ਤਿੰਨ ਦਹਾਕੇ ਪਹਿਲਾਂ ਪਰਦੇਸ ਗਿਆ ਕੋਈ ਵਿਅਕਤੀ, ਜਿਸ ਨੇ ਪਿੰਡੋਂ ਤੁਰਨ ਵੇਲੇ ਦਾ ਆਪਣੇ ਪਿੰਡ, ਪਿੰਡ ਦੀਆਂ ਸੱਥਾਂ, ਪਿੰਡ ਵਸਦੇ ਮਿੱਤਰਾਂ, ਗੁਆਂਢੀਆਂ, ਹਾਲੀਆਂ, ਪਾਲੀਆਂ ਅਤੇ ਬਜ਼ੁਰਗਾਂ ਦਾ ਪੁਰਾਣਾ ਤੇ ਰੁਮਾਨੀ ਬਿੰਬ ਅਜੇ ਵੀ ਆਪਣੇ ਦਿਲ ਵਿਚ ਸਾਂਭ-ਸਾਂਭ ਰੱਖਿਆ ਹੋਵੇ, ਜਦੋਂ ਕਦੇ ਵਾਪਸ ਆਪਣੇ ਦੇਸ਼ ਅਤੇ ਆਪਣੇ ਪਿੰਡ ਪਰਤਦਾ ਹੈ ਤਾਂ ਹੈਰਾਨ ਰਹਿ ਜਾਂਦਾ ਹੈ। ਹੈਰਾਨ ਹੀ ਨਹੀਂ ਹੁੰਦਾ, ਉਦਾਸ ਹੋ ਜਾਂਦਾ ਹੈ।

ਵਰ੍ਹਿਆਂ ਪਿੱਛੋਂ ਆਪਣੇ ਪਿੰਡ ਪਰਤੇ ਉਸ ਪਰਵਾਸ ਨੂੰ ਆਪਣੇ ਪਿੰਡ ਦੀ ਸਿਆਣ ਨਹੀਂ ਆਉਂਦੀ। ਪਿੰਡ ਦਾ ਸਮੁੱਚਾ ਰੰਗ-ਢੰਗ ਬਦਲਿਆ ਅਤੇ ਓਪਰਾ ਜਾਪਦਾ ਹੈ। ਸਾਫ਼-ਸੁਥਰਾ, ਸੁੰਦਰ, ਨਵਾਂ-ਨਵਾਂ, ਪਰ ਨੀਰਸ ਜਿਹਾ ਤੇ ਫਿੱਕਾ-ਫਿੱਕਾ। ਕਾਗਜ਼ੀ ਫੁੱਲਾਂ ਵਰਗਾ। ਨਾ ਜਿੰਦ ਨਾ ਜਾਨ। ਨਾ ਕੋਈ ਸੁਗੰਧ ਨਾ ਸਮੀਰ। ਪਿੰਡ ਦੇ ਲੋਕ ਵੀ ਬੇਪਛਾਣੇ, ਓਪਰੇ-ਓਪਰੇ। ਪਛਾਣ ਵੀ ਲਵੇ ਤਾਂ ਕਿਸੇ ਵਿਚ ਉਹ ਪੁਰਾਣਾ ਪਿਆਰ, ਉਹ ਮੋਹ, ਉਹ ਖਿੱਚ, ਉਹ ਅਪਣੱਤ ਨਹੀਂ ਹੈ। ਨਵੀਂ ਪੀੜ੍ਹੀ ਦੀ ਤਾਂ ਗੱਲ ਹੀ ਕੀ ਕਰਨੀ! ਆਪਣੇ ਦੇਸ਼, ਆਪਣੇ ਪਿੰਡ, ਆਪਣੀ ਮਿੱਟੀ ਦਾ ਮੋਹ ਕਰਕੇ ਬਾਹਰੋਂ ਆਏ ਪਰਵਾਸੀ ਦਾ ਸੁਪਨਾ ਚਕਨਾਚੂਰ ਹੋ ਜਾਂਦਾ ਹੈ। ਵਰ੍ਹਿਆਂਬੱਧੀ ਮਨ ਵਿਚ ਪਾਲਿਆ, ਜਿਉਂਦਾ ਰੱਖਿਆ ਯਾਦਾਂ ਦਾ ਰੰਗਲਾ



ਬਿੰਬ ਟੁਕੜੇ-ਟੁਕੜੇ ਹੋ ਜਾਂਦਾ ਹੈ। ਨਿਰਾਸ਼ਾ ਤੇ ਪਛਤਾਵੇ ਦੇ ਤਿੱਖੇ ਕੰਕਰ ਮਨ ਵਿਚ ਚੁਭਣ ਲੱਗਦੇ ਹਨ।

ਇਹ ਦੁਖਾਂਤ ਕਿਸੇ ਪਰਵਾਸੀ ਪੰਜਾਬੀ ਦਾ ਹੀ ਨਹੀਂ ਸਗੋਂ ਹਰ ਸੰਵੇਦਨਸ਼ੀਲ ਪੰਜਾਬੀ ਦੀ ਕਹਾਣੀ ਹੈ। ਇਕ ਕੌੜਾ-ਕੁਸੈਲਾ ਸੱਚ ਹੈ। ਪੰਜਾਬ ਦੇ ਪਿੰਡ "ਉਹ ਨਹੀਂ ਰਹਿਗੇ ਜੀ... ਹੋਰ ਕੁਛ ਹੋ ਗੇ...।"

ਅਜੋਕੇ ਪੰਜਾਬ ਦੇ ਪਿੰਡਾਂ ਦੇ ਜ਼ਿਆਦਾਤਰ ਵਾਸੀਆਂ ਵਿਚ ਨਾ ਪਹਿਲਾਂ ਵਾਂਗ ਮੋਹ, ਪਿਆਰ ਤੇ ਸਾਂਝ ਦੀਆਂ ਤੰਦਾਂ ਹਨ, ਨਾ ਭਾਵੁਕ ਤੇ ਜਜ਼ਬਾਤੀ ਰਿਸ਼ਤੇ-ਨਾਤੇ ਅਤੇ ਨਾ ਕੋਈ ਦਰਦ ਦਾ ਰਿਸ਼ਤਾ। 'ਭਾਈਚਾਰਾ' ਸ਼ਬਦ ਅਜੋਕੇ ਪੰਜਾਬ ਦੇ ਸ਼ਬਦਕੋਸ਼ ਵਿਚੋਂ ਗਾਇਬ ਹੈ ਅਤੇ ਭਾਈਚਾਰਕ ਸਬੰਧਾਂ ਦੀ ਤਾਂ ਹੋਂਦ ਹੀ ਗਵਾਚ ਗਈ ਹੈ। ਪਿੰਡ, ਪੰਚਾਇਤ ਜਾਂ ਸਮਾਜ ਤਾਂ ਦੂਰ ਦੀ ਗੱਲ ਹੈ, ਇਕੋ-ਇਕ ਪਿੰਡ ਵਿਚ ਵਸਦੇ ਲੋਕਾਂ ਦੀਆਂ ਪਰਸਪਰ ਪਰਿਵਾਰਕ ਸਾਂਝਾਂ ਵੀ ਮਰ-ਮੁੱਕ ਰਹੀਆਂ ਹਨ।

ਕਈ ਪਰਿਵਾਰ ਤਾਂ ਅਜਿਹੇ ਹਨ ਕਿ ਇਕ ਹੀ ਘਰ ਵਿਚ, ਇਕੋ ਛੱਤ ਹੇਠ ਰਹਿੰਦਿਆਂ ਵੀ ਇਕ ਹੀ ਪਰਿਵਾਰ ਦਾ ਹਰ ਇਕ ਜੀਵ ਜਾਂ ਵਿਅਕਤੀ ਇਕ ਵਿਅਕਤੀ ਹੈ। ਇਕੱਲਾ, ਸਵੈ-ਕੇਂਦਰਿਤ ਤੇ ਆਪਣੇ ਆਪ ਵਿਚ ਮਗਨ।

ਸਮਾਜਿਕ ਦ੍ਰਿਸ਼ਟੀ ਤੋਂ ਵੀ ਬਹੁਤ ਕੁਝ ਬਦਲ ਚੁੱਕਾ ਹੈ। ਪੁਰਾਣੇ ਪੰਜਾਬ ਦੇ ਪਿੰਡਾਂ ਦੇ ਬੱਚੇ ਸਕੂਲ ਜਾਂਦੇ, ਸਬਕ ਪੜ੍ਹਦੇ, ਉੱਚੀ-ਉੱਚੀ ਗਾ ਕੇ ਸੁਣਾਉਂਦੇ ਸਨ: ਸੱਸਾ ਸਾਦਾ, ਸੱਸਾ ਸਾਫ਼, ਸੱਸਾ ਸੱਚ, ਸੱਸਾ ਸਮਾਜ ਆਦਿ। ਅਜੋਕੇ ਸਕੂਲਾਂ ਵਿਚ ਬੱਚੇ ਆਪਣਾ ਸਬਕ ਜਾਂ ਪਾਠ ਰਲ ਕੇ ਗਾਉਂਦੇ ਨਹੀਂ। ਅੱਜਕੱਲ੍ਹ ਕੇਵਲ ਪੜ੍ਹਦੇ ਹਨ: ਸੱਸਾ ਸਾਡਾ, ਸੱਸਾ ਸਾੜਾ, ਸੱਸਾ ਸਵਾਰਥ ਆਦਿ।

ਪਿੰਡਾਂ ਦੀਆਂ ਸੱਥਾਂ ਦੀ ਦਿੱਖ ਅਤੇ ਵਰਤਾਰਾ ਵੀ ਬਦਲ ਗਿਆ ਹੈ। ਬਹੁਗਿਣਤੀ ਪਿੰਡਾਂ ਵਿਚ ਸੱਥ ਨੂੰ ਬਣਾ ਸੰਵਾਰ ਕੇ ਨਵਾਂ ਰੂਪ ਬਖ਼ਸ਼ਿਆ ਗਿਆ ਹੈ। ਰੁੱਖਾਂ ਦੇ ਤਣਿਆਂ ਤੋਂ ਬਣੇ ਮੁੰਢਾਂ ਦੀ ਥਾਂ ਸੀਮਿੰਟ ਦੇ ਪੱਕੇ ਬੈਂਚ ਜਾਂ ਆਧੁਨਿਕ ਕੁਰਸੀਆਂ ਜਾਂ ਲੋਹੇ ਦੇ ਬੈਂਚ ਸਜ ਗਏ ਹਨ।

ਪੁਰਾਣੇ ਪੇਂਡੂ ਸਮਾਜ ਵਿਚ ਇਕਾ-ਦੁੱਕਾ ਬੁੜ੍ਹੇ ਤਾਂ ਸਦਾ ਹੀ ਸੱਥ ਦੀ ਰੌਣਕ ਬਣੇ ਰਹਿੰਦੇ ਸਨ। ਆਥਣ ਵੇਲੇ ਸੱਥ 'ਤੇ ਜੋਬਨ ਆ ਜਾਂਦਾ ਸੀ। ਸੱਥ ਪਿੰਡ ਦੀ ਸੰਸਦ ਹੁੰਦੀ ਸੀ। ਕੋਈ ਵੀ ਵਿਅਕਤੀ, ਜਿਸ ਨੂੰ ਚਾਰ ਬੰਦਿਆਂ 'ਚ ਬੈਠ ਕੇ ਗੱਲ ਕਰਨ ਦੀ ਜਾਚ ਹੁੰਦੀ, ਇਸ ਸੰਸਦ ਦਾ ਮੈਂਬਰ ਹੋਣ ਦਾ ਹੱਕਦਾਰ ਸੀ। ਪਰ ਅੱਜਕੱਲ੍ਹ ਪਿੰਡਾਂ ਦੀਆਂ ਸੱਥਾਂ ਵਿਚ ਸੁੰਨ ਵਰਤੀ ਹੁੰਦੀ ਹੈ। ਸੱਥਾਂ ਵਿਚ ਉੱਲੂ ਬੋਲਦੇ ਹਨ। ਕਿਤੇ ਕੋਈ ਟਾਂਵਾ ਟੱਲਾ 'ਕੱਲਾ ਵਿਅਕਤੀ ਬੈਠਾ ਵੀ ਦਿਸਦਾ ਹੈ ਤਾਂ ਉਹ ਕੋਈ ਉਦਾਸ, ਉਪਰਾਮ, ਨਿਕੰਮਾ, ਵਿਹਲਾ ਅਤੇ ਘਰੋਂ ਬਾਹਰ ਧੱਕਿਆ ਤ੍ਰਿਸਕਾਰਿਆ ਹੀ ਜਾਪਦਾ ਹੈ ਜਾਂ ਕੋਈ ਅਮਲੀ ਜਾਂ ਆਦਿ ਛੜਾ ਜਿਹੜਾ ਰਾਹ ਜਾਂਦੀ ਆਉਂਦੀ, ਲੰਘਦੀ ਕਿਸੇ ਮੁਟਿਆਰ ਜਾਂ ਆਪਣੇ ਹਾਣ ਦੀ ਕਿਸੇ ਤੀਵੀਂ ਦੇ ਦਰਸ਼ਨਾਂ ਦੀ ਆਸ ਵਿਚ ਬੁੱਤ ਬਣਿਆ ਬੈਠਾ ਹੋਵੇ।

ਪਿੰਡਾਂ ਵਿਚ ਵੀ ਹੁਣ ਬਹੁਗਿਣਤੀ ਲੋਕ ਕੰਮਾਂ-ਕਾਰਾਂ ਤੋਂ ਵਾਪਸ ਘਰ ਆ ਕੇ ਚਾਹ ਦਾ ਪਿਆਲਾ ਲੈ ਕੇ, ਟੈਲੀਵਿਜ਼ਨ ਅੱਗੇ ਬੈਠ ਜਾਂਦੇ ਤੇ ਆਪਣੇ ਮਨਭਾਉਂਦੇ ਪ੍ਰੋਗਰਾਮ ਦੇਖਦੇ-ਸੁਣਦੇ ਹਨ। ਬਿਜਲੀ ਜਵਾਬ ਦੇ ਜਾਵੇ ਤਾਂ ਉੱਠ ਕੇ ਵਿਹੜੇ ਜਾਂ ਵੀਹੀ ਵਿਚ ਚੱਕਰ ਲਾਉਣ ਲੱਗਦੇ ਹਨ।

ਗਰਮੀਆਂ ਦੀਆਂ ਰਾਤਾਂ ਨੂੰ ਬਾਹਰ ਖੜ੍ਹ ਕੇ ਜਾਂ ਕੋਠੇ ਚੜ੍ਹ ਕੇ ਗੁਆਂਢੀਆਂ ਨਾਲ ਗੱਪ-ਸ਼ੱਪ ਮਾਰਨ ਦਾ ਹੁਣ ਰਿਵਾਜ ਨਹੀਂ ਰਿਹਾ। ਪਹਿਲਾਂ ਗੁਆਂਢੀਆਂ ਜਾਂ ਕਹੋ ਉਨ੍ਹਾਂ ਗੁਆਂਢੀਆਂ, ਜਿਨ੍ਹਾਂ ਵਿਚ ਪਰਸਪਰ ਮੋਹ ਜਾਂ ਸਾਂਝ ਹੁੰਦੀ ਸੀ, ਦਾ ਇਕ-ਦੂਜੇ ਨਾਲ ਨਿੱਤ ਵਰਤੋਂ ਦੀਆਂ ਚੀਜ਼ਾਂ ਜਾਂ ਖਾਣ-ਪੀਣ ਸਮੱਗਰੀ ਦਾ ਅਦਾਨ-ਪ੍ਰਦਾਨ ਨਿਰੰਤਰ ਚਲਦਾ ਰਹਿੰਦਾ ਸੀ। ਵੇਲੇ-ਕੁਵੇਲੇ ਦਾਲ, ਸਾਗ, ਖੀਰ, ਸੇਵੀਆਂ ਜਾਂ ਕੜਾਹ ਦੀ ਬਾਟੀ ਜਾਂ ਕਟੋਰਾ ਦੇਣਾ ਲੈਣਾ ਚਲਦਾ ਸੀ ਜਾਂ ਕਿਸੇ ਹੋਰ ਵਸਤੂ ਵਿਸ਼ੇਸ਼ ਦਾ ਆਦਾਨ-ਪ੍ਰਦਾਨ ਹੁੰਦਾ ਸੀ। ਲੋੜ ਪੈਣ 'ਤੇ ਦੁੱਧ ਦਾ ਗਿਲਾਸ ਜਾਂ ਗੜਵੀ ਲੈ ਲੈਣੀ। ਦੁੱਧ ਨੂੰ ਜਾਗ ਲਾਉਣ ਵਾਸਤੇ ਲੱਸੀ ਜਾਂ ਦਹੀਂ ਦੀ ਛਿੱਟ ਲੈਣਾ-ਦੇਣਾ ਤਾਂ ਆਮ ਹੀ ਸੀ। ਇਕ ਨੇ ਕਹਿਣਾ, "ਨੀ ਚਾਚੀ ਥੋੜ੍ਹੀ ਦਾਲ ਹੈਗੀ ਤਾਂ ਦੇ ਦੇ! ਆਹ ਹੁਣੇ ਦੋ ਪ੍ਰਾਹੁਣੇ ਆਗੇ...।"

ਹੁਣ ਘਰ-ਘਰ ਫਰਿੱਜ ਪਏ ਨੇ। ਇਕ-ਦੂਜੇ 'ਤੇ ਨਿਰਭਰਤਾ ਘਟੀ ਹੈ। ਉਂਜ ਵੀ ਆਧੁਨਿਕ ਜੀਵ ਦ੍ਰਿਸ਼ਟੀ ਅਨੁਸਾਰ ਇਸ ਨੂੰ ਵਕਾਰ ਦਾ ਸਵਾਲ ਸਮਝਿਆ ਜਾਂਦਾ ਹੈ। ਅਜਿਹਾ ਕੋਈ ਮੌਕਾ ਆ ਵੀ ਜਾਵੇ ਤਾਂ ਘਰ ਦੀ ਸੁਆਣੀ ਗੁਆਂਢ ਮੱਥੇ ਕੁੰਡਾ ਖੜਕਾਉਣ ਤੋਂ ਝਿਜਕਦੀ ਹੈ ਅਤੇ ਪਿੰਡ ਵਿਚ ਦੂਜੀ ਪੱਤੀ ਜਾਂ ਦੂਰ ਵਸਦੇ ਕਿਸੇ ਨੇੜਲੇ ਜਾਂ ਸਹਿਕਰਮੀ ਜਾਂ ਸਹੇਲੀ ਨੂੰ ਟੈਲੀਫੋਨ ਕਰਦੀ ਹੈ, "ਹੈਲੋ ਗੁਰਮੀਤ! ਸੌਂ ਤਾਂ ਨਹੀਂ ਸੀ ਗਏ ਕਿਤੇ? ਨੀ ਕੀ ਦੱਸਾਂ ਹੁਣ ਦੇਖਿਆ ਦਹੀਂ ਜਮਾਉਣ ਵਾਸਤੇ ਖੱਟਾ ਹੈ ਨੀ।" ਅਤੇ ਅਗਲੀ ਵੱਲੋਂ 'ਹਾਂ' ਕਹਿਣ 'ਤੇ 11ਵੀਂ 'ਚ ਪੜ੍ਹਦਾ ਪੁੱਤਰ ਸਕੂਟਰ ਜਾਂ ਸਾਈਕਲ 'ਤੇ ਜਾਂਦਾ ਅਤੇ ਕਟੋਰੀ ਵਿਚ ਚਮਚ ਦਹੀਂ ਦਾ ਲੈ ਕੇ ਆਉਂਦਾ ਹੈ। ਗੁਆਂਢਣ ਤੋਂ ਦਹੀਂ ਮੰਗਣਾ ਵੀ ਵਕਾਰ ਦਾ ਬਿੰਦੂ ਹੈ। ਉਹ ਸਮੇਂ ਬੀਤ ਗਏ ਜਦੋਂ ਸਿਆਲ ਦੀ ਅੱਧੀ ਰਾਤ ਸਮੇਂ ਗੁਆਂਢੀਆਂ ਨੂੰ ਜਗਾ ਕੇ ਕਹਿ ਦਿੰਦੇ ਸੀ, "ਬਾਈ ਸੁਖਦੇਵ ਸਿੰਹਾਂ! ਇਕ ਖੇਚਲ ਕਰਨੀ ਪਊ। ਆਹ ਪੰਜ ਪ੍ਰਾਹੁਣੇ ਆ ਗਏ। ਦੋ ਬੰਦੇ ਤੁਹਾਡੀ ਬੈਠਕ ਵਿਚ ਸੌਣਗੇ। ਦੋ ਬਿਸਤਰੇ ਲਾ ਦਿਓ।"

ਅਜਿਹੀਆਂ ਸਾਂਝਾਂ ਹੁਣ ਮਰ-ਮੁੱਕ ਗਈਆਂ ਜਾਂ ਮਰ ਰਹੀਆਂ ਹਨ।



# ਬੰਦੀ ਛੋੜ ਦਿਵਸ/ ਦੀਵਾਲੀ ਦਾ ਇਤਿਹਾਸਕ ਪ੍ਰਸੰਗ

***ਬਾਣੀ ਦੇ ਬੋਹਿਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਜਣਹਾਰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬੇਮਿਸਾਲ ਤੇ ਸ਼ਾਂਤਮਈ ਸ਼ਹਾਦਤ ਨੇ ਸਿੱਖ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਮੋੜ ਲੈ ਆਂਦਾ। ਸਤਿਗੁਰਾਂ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਜ਼ਾਲਮਾਂ ਦੇ ਜ਼ੁਲਮ ਨੂੰ ਠੱਲ ਪਾਉਣ ਲਈ ਹਥਿਆਰ ਚੁੱਕਣੇ ਹੀ ਪੈਣਗੇ। ਇਸ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ ਦੀ ਪਰੰਪਰਾਗਤ ਰਸਮ ਨੂੰ ਸਮੇਂ ਦੀ ਲੋੜ ਅਨੁਸਾਰ ਬਦਲਦਿਆਂ ਗੁਰਿਆਈ ਧਾਰਨ ਕਰਦੇ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ, ਜਿਥੇ ਦੀਵਾਨ ਸਜਦੇ ਅਤੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ-ਰਸੀ ਵਾਰਾਂ ਵੀ ਗਾਈਆਂ ਜਾਣ ਲੱਗੀਆਂ..............***

ਦੀਵਾਲੀ ਦਾ ਤਿਉਹਾਰ ਭਾਵੇਂ ਪੁਰਾਤਨ ਸਮਿਆਂ ਤੋਂ ਸਮੁੱਚੇ ਭਾਰਤ ਵਿਚ ਬੜੀ ਸਜ-ਧਜ ਨਾਲ ਮਨਾਇਆ ਜਾਂਦਾ ਹੈ, ਪਰ ਸਿੱਖ ਧਰਮ 'ਚ ਇਸ ਦਾ ਇਤਿਹਾਸਕ ਤੇ ਵਿਲੱਖਣ ਪਿਛੋਕੜ ਹੈ। ਮੁੱਖ ਰੂਪ ਵਿਚ ਸਿੱਖ ਇਤਿਹਾਸ ਨਾਲ ਇਸ ਤਿਉਹਾਰ ਦਾ ਸੰਬੰਧ ਉਸ ਸਮੇਂ ਤੋਂ ਜੁੜਿਆ ਹੋਇਐ, ਜਦੋਂ ਮੀਰੀ-ਪੀਰੀ ਦੇ ਮਾਲਕ 6ਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਸਮੇਤ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ। ਛੇਵੇਂ ਸਤਿਗੁਰਾਂ ਨੂੰ ਜਿਨ੍ਹਾਂ ਕਾਰਨਾਂ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਤੇ ਫਿਰ ਰਿਹਾਅ ਕਰ ਦਿੱਤਾ ਗਿਆ, ਦੀ ਜਾਣਕਾਰੀ ਬਿਨਾਂ ਬੰਦੀ-ਛੋੜ ਦਿਵਸ ਦੀ ਅਹਿਮੀਅਤ ਨੂੰ ਸਮਝਣਾ ਔਖਾ ਹੈ।

ਬਾਣੀ ਦੇ ਬੋਹਿਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਜਣਹਾਰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬੇਮਿਸਾਲ ਤੇ ਸ਼ਾਂਤਮਈ ਸ਼ਹਾਦਤ ਨੇ ਸਿੱਖ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਮੋੜ ਲੈ ਆਂਦਾ। ਸਤਿਗੁਰਾਂ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਜ਼ਾਲਮਾਂ ਦੇ ਜ਼ੁਲਮ ਨੂੰ ਠੱਲ ਪਾਉਣ ਲਈ ਹਥਿਆਰ ਚੁੱਕਣੇ ਹੀ ਪੈਣਗੇ। ਇਸ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ ਦੀ ਪਰੰਪਰਾਗਤ ਰਸਮ ਨੂੰ ਸਮੇਂ ਦੀ ਲੋੜ ਅਨੁਸਾਰ ਬਦਲਦਿਆਂ ਗੁਰਿਆਈ ਧਾਰਨ ਕਰਦੇ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ, ਜਿਥੇ ਦੀਵਾਨ ਸਜਦੇ ਅਤੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ-ਰਸੀ ਵਾਰਾਂ ਵੀ ਗਾਈਆਂ ਜਾਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਦਰਸ਼ਨਾਂ ਲਈ ਆਉਂਦੇ ਸਮੇਂ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆਉਣ ਦੇ ਆਦੇਸ਼ ਜਾਰੀ ਕੀਤੇ ਅਤੇ ਅਣਖੀਲੇ ਗੱਭਰੂਆਂ ਦੀ ਫੌਜ ਤਿਆਰ ਕਰਕੇ ਉਨ੍ਹਾਂ ਨੂੰ ਜੰਗੀ ਟ੍ਰੇਨਿੰਗ ਦਿੱਤੀ ਜਾਣ ਲੱਗੀ। ਗੁਰੂ-ਘਰ ਦੇ ਵਿਰੋਧੀਆਂ ਨੇ ਗੁਰੂ ਸਾਹਿਬ ਵਿਰੁੱਧ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ, ਜਿਸ ਦੇ ਫ਼ਲਸਰੂਪ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਗਾਵਤ ਦੇ ਝੂਠੇ ਦੋਸ਼ ਵਿਚ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ।

ਗੁਰੂ ਸਾਹਿਬ ਦੀ ਨਜ਼ਰਬੰਦੀ ਕੋਈ ਸਾਧਾਰਨ ਗੱਲ ਨਹੀਂ ਸੀ। ਸਿੱਖ ਸੰਗਤਾਂ ਲਈ ਇਹ ਖਬਰ ਬੜੀ ਹਿਰਦੇ ਵੇਦਕ ਸੀ। ਪਰ ਗੁਰੂ ਸਾਹਿਬ ਦੇ ਪਹੁੰਚਣ ਨਾਲ ਗਵਾਲੀਅਰ ਦੇ ਕਿਲ੍ਹੇ ਦਾ ਮਾਹੌਲ ਹੀ ਬਦਲ ਗਿਆ ਜਿਥੇ ਦੋਵੇਂ ਵੇਲੇ ਕੀਰਤਨ ਅਤੇ ਸਤਿਸੰਗ ਹੋਣ ਲੱਗਾ ਅਤੇ ਕਾਲ-ਕੋਠੜੀਆਂ ਵਿਚੋਂ ਪ੍ਰਭੂ-ਸਿਮਰਨ ਦੀਆਂ ਮਿੱਠੀਆਂ ਧੁਨਾਂ ਉੱਠਣ ਲੱਗੀਆਂ। ਗੁਰੂ ਸਾਹਿਬ ਦੀ ਸੰਗਤ ਅਤੇ ਉਪਦੇਸ਼ਾਂ ਨੇ ਸਭ ਬੰਦੀਆਂ ਨੂੰ ਚੜ੍ਹਦੀ ਕਲਾ ਵਿਚ ਲੈ ਆਂਦਾ। ਓਧਰ ਗੁਰੂ ਸਾਹਿਬ ਦੀ ਨਜ਼ਰਬੰਦੀ ਲੰਬੀ ਹੋ ਜਾਣ ਕਾਰਨ ਸਿੱਖਾਂ ਵਿਚ ਬੇਚੈਨੀ ਵਧਣ ਲੱਗੀ। ਬਾਬਾ ਬੁੱਢਾ ਜੀ ਦੀ ਅਗਵਾਈ 'ਚ ਸਿੱਖ ਸੰਗਤਾਂ ਦਾ ਇਕ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਗਵਾਲੀਅਰ ਲਈ ਰਵਾਨਾ ਹੋਇਆ। ਜਿਥੋਂ-ਜਿਥੋਂ ਇਹ ਜਥਾ ਕੀਰਤਨ ਕਰਦਾ ਹੋਇਆ ਗੁਜ਼ਰਦਾ, ਸਿੱਖ ਸੰਗਤਾਂ ਇਸ ਦਾ ਭਾਰੀ ਸਵਾਗਤ ਕਰਦੀਆਂ। ਜਦੋਂ ਇਹ ਜਥਾ ਗਵਾਲੀਅਰ ਦੇ ਕਿਲ੍ਹੇ ਪਹੁੰਚਿਆ ਤਾਂ ਸੰਗਤਾਂ ਨੂੰ ਗੁਰੂ ਸਾਹਿਬ ਨਾਲ ਮੁਲਾਕਾਤ ਜਾਂ ਦਰਸ਼ਨ ਕਰਨ ਦੀ ਇਜ਼ਾਜ਼ਤ ਨਾ ਮਿਲ ਸਕੀ। ਪਰ ਇਹ ਜਥਾ ਕੀਰਤਨ ਕਰਦਿਆਂ, ਗਵਾਲੀਅਰ ਦੇ ਕਿਲ੍ਹੇ ਦੀਆਂ ਪ੍ਰਕਰਮਾ ਕਰਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਂਟ ਕਰ ਵਾਪਸ ਮੁੜ ਆਇਆ। ਮੁਸਲਿਮ ਸੂਫੀ ਸੰਤ ਸਾਈਂ ਮੀਆਂ ਮੀਰ ਜੀ ਵੱਲੋਂ ਬਾਦਸ਼ਾਹ ਜਹਾਂਗੀਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਬੰਧੀ ਜਾਣਕਾਰੀ ਦਿੱਤੇ ਜਾਣ 'ਤੇ ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਫੁਰਮਾਨ ਜਾਰੀ ਕਰ ਦਿੱਤਾ। ਪ੍ਰੰਤੂ ਗੁਰੂ ਹਰਿਗੋਬਿੰਦ ਸਾਹਿਬ ਨੇ ਇਕੱਲਿਆਂ ਕਿਲ੍ਹੇ ਵਿਚੋਂ ਰਿਹਾਅ ਹੋਣਾ ਸਵੀਕਾਰ ਨਾ ਕੀਤਾ। ਗੁਰੂ ਸਾਹਿਬ ਦੀ ਰਹਿਮਤ ਸਦਕਾ ਕਿਲ੍ਹੇ ਵਿਚ ਨਜ਼ਰਬੰਦ 52 ਰਾਜਪੂਤ ਰਾਜਿਆਂ ਨੂੰ ਵੀ ਬੰਦੀਖਾਨੇ ਤੋਂ ਮੁਕਤੀ ਮਿਲੀ। ਇਸ ਦਿਨ ਤੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ 'ਬੰਦੀ-ਛੋੜ' ਦਾਤਾ ਦੇ ਨਾਮ ਨਾਲ ਵੀ ਜਾਣਿਆ ਜਾਣ ਲੱਗਾ।

ਰਿਹਾਈ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭਾਰੀ ਗਿਣਤੀ ਵਿਚ ਜਿਸ ਦਿਨ ਸਿੱਖ ਸੰਗਤਾਂ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਪੁੱਜੇ ਤਾਂ ਉਸ ਦਿਨ ਦੀਵਾਲੀ ਦਾ ਦਿਨ ਸੀ। ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜਣ 'ਤੇ ਘਰਾਂ ਵਿਚ ਘਿਓ ਦੇ ਦੀਵੇ ਜਗਾਏ ਅਤੇ ਅਥਾਹ ਖੁਸ਼ੀਆਂ ਮਨਾਈਆਂ। ਸ੍ਰੀ ਦਰਬਾਰ ਸਾਹਿਬ ਵਿਖੇ ਵੀ ਖੁਸ਼ੀ ਵਿਚ ਦੀਪਮਾਲਾ ਕੀਤੀ ਗਈ। ਇਸ ਦਿਨ ਤੋਂ ਸਿੱਖਾਂ ਵਾਸਤੇ ਦੀਵਾਲੀ ਇਕ ਪਵਿੱਤਰ ਦਿਹਾੜਾ ਬਣ ਗਿਆ ਅਤੇ ਸਿੱਖ ਜਗਤ ਹਰ ਸਾਲ ਸ੍ਰੀ ਅੰਮ੍ਰਿਤਸਰ ਵਿਖੇ ਇਕੱਤਰ ਹੋ ਕੇ ਬੰਦੀ-ਛੋੜ ਦਿਹਾੜਾ ਮਨਾਉਣ ਲੱਗਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਉਪਰੰਤ ਬੰਦੀਛੋੜ ਦਿਵਸ (ਦੀਵਾਲੀ) ਅਤੇ ਵਿਸਾਖੀ ਦੇ ਦਿਨ 'ਸਰਬੱਤ ਖ਼ਾਲਸਾ' ਅੰਮ੍ਰਿਤਸਰ ਵਿਖੇ ਇਕੱਤਰ ਹੁੰਦਾ, ਇਸ ਸਮੇਂ ਦਰਪੇਸ਼ ਮਸਲਿਆਂ ਸਬੰਧੀ ਪੰਥਕ ਫ਼ੈਸਲੇ ਤੇ ਗੁਰਮਤੇ ਕੀਤੇ ਜਾਂਦੇ। 1733 ਈਸਵੀ ਦੀ ਦੀਵਾਲੀ ਦੇ ਅਵਸਰ 'ਤੇ ਵੀ ਭਾਈ ਮਨੀ ਸਿੰਘ ਜੀ ਨੇ ਇੰਜ ਹੀ ਇਕੱਤਰ ਹੋਣ ਲਈ ਸੰਗਤਾਂ ਨੂੰ ਸ੍ਰੀ ਅੰਮ੍ਰਿਤਸਰ ਪੁੱਜਣ ਦੇ ਸੱਦੇ ਭੇਜੇ। ਕਿਉਂਕਿ ਉਸ ਸਮੇਂ ਹਕੂਮਤ ਵਲੋਂ ਅਜਿਹੀ ਇਕੱਤਰਤਾ ਕਰਨ ਦੀ ਮਨਾਹੀ ਸੀ, ਇਸ ਲਈ ਭਾਈ ਮਨੀ ਸਿੰਘ ਨੇ ਵਿਸ਼ੇਸ਼ ਟੈਕਸ ਦੇਣਾ ਮੰਨ ਕੇ ਇਕੱਤਰਤਾ ਕਰਨ ਦੀ ਇਜ਼ਾਜ਼ਤ ਲੈ ਲਈ। ਓਧਰ ਨਵਾਬ ਜ਼ਕਰੀਆਂ ਖਾਨ ਨੇ ਇਸ ਇਕੱਠ ਉੱਤੇ ਹਮਲਾ ਕਰਕੇ ਇਕੱਤਰ ਹੋਏ ਸਿੰਘਾਂ ਨੂੰ ਮਾਰ ਮੁਕਾਣ ਦੀ ਯੋਜਨਾ ਬਣਾ ਲਈ, ਜਿਸ ਦੀ ਸੂਹ ਭਾਈ ਸਾਹਿਬ ਨੂੰ ਵੀ ਮਿਲ ਗਈ ਅਤੇ ਉਨ੍ਹਾਂ ਨੇ ਸਿੱਖਾਂ ਨੂੰ ਅੰਮ੍ਰਿਤਸਰ ਆਉਣ ਤੋਂ ਰੋਕ ਦਿੱਤਾ। ਟੈਕਸ ਨਾ ਭਰਨ ਦਾ ਬਹਾਨਾ ਲਗਾ ਕੇ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਲਾਹੌਰ ਸੱਦ ਭੇਜਿਆ ਅਤੇ ਟੈਕਸ ਨਾ ਅਦਾ ਕਰਨ ਦੀ ਸੂਰਤ 'ਚ ਸਿੱਖ ਧਰਮ ਛੱਡ ਕੇ ਇਸਲਾਮ ਧਾਰਨ ਕਰਨ ਜਾਂ ਫਿਰ ਮੌਤ ਲਈ ਤਿਆਰ ਹੋਣ ਦਾ ਫ਼ੁਰਮਾਨ ਸੁਣਾ ਦਿੱਤਾ। ਭਾਈ ਸਾਹਿਬ ਨੇ ਹਕੂਮਤ ਨੂੰ ਆਪਣੇ ਇਕਰਾਰ ਤੋਂ ਫਿਰ ਜਾਣ ਕਾਰਨ ਟੈਕਸ ਭਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ 'ਸਿੱਖ ਲਈ ਧਰਮ ਪਿਆਰਾ ਹੈ, ਜਾਨ ਪਿਆਰੀ ਨਹੀਂ', ਆਖ ਕੇ ਸ਼ਹਾਦਤ ਦਾ ਜਾਮ ਪੀਣਾ ਮਨਜ਼ੂਰ ਕੀਤਾ। ਕਾਜ਼ੀ ਵਲੋਂ ਦਿੱਤੇ ਫ਼ਤਵੇ ਅਨੁਸਾਰ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਦੀਵਾਲੀ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਕਰਕੇ ਇਹ ਦਿਨ ਸਿੱਖ ਕੌਮ ਲਈ ਖ਼ਾਸ ਅਹਿਮੀਅਤ ਰੱਖਦਾ ਹੈ।

ਇਸ ਇਤਿਹਾਸਕ ਅਵਸਰ 'ਤੇ ਮੈਂ ਸਮੂਹ/ਸਿੱਖ ਸੰਗਤਾਂ ਨੂੰ ਮੁਬਾਰਕਬਾਦ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਅੱਜ ਜਿਥੇ ਸਮੁੱਚੇ ਸਿੱਖ ਜਗਤ ਵਲੋਂ ਘਰਾਂ 'ਚ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵੇ ਬਾਲ ਕੇ ਹਨੇਰੇ ਨੂੰ ਦੂਰ ਕੀਤਾ ਜਾ ਰਿਹਾ ਹੈ ਉਥੇ ਲੋੜ ਹੈ ਭਾਈ ਮਨੀ ਸਿੰਘ ਤੇ ਹੋਰ ਸੂਰਬੀਰ ਯੋਧਿਆਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਂਦਿਆਂ ਜਾਨ ਤੋਂ ਪਿਆਰੇ ਗੁਰੂ-ਘਰਾਂ ਦੀ ਮਾਣ-ਮਰਿਯਾਦਾ ਤੇ ਸਤਿਕਾਰ ਨੂੰ ਬਹਾਲ ਰੱਖਣ ਦੀ। ਆਓ! ਅੱਜ ਬੰਦੀ ਛੋੜ ਦਿਵਸ (ਦੀਵਾਲੀ) ਦੇ ਇਤਿਹਾਸਕ ਦਿਹਾੜੇ 'ਤੇ ਪੰਥ ਦੀ ਚੜ੍ਹਦੀ ਕਲਾ, ਆਪਸੀ ਏਕਤਾ ਤੇ ਸਦ-ਭਾਵਨਾ ਕਾਇਮ ਕਰਨ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਦਿਆਂ ਗੁਰੂ ਸਾਹਿਬ ਵਲੋਂ ਦਰਸਾਏ ਗੁਰਮਤਿ ਗਾਡੀ ਰਾਹ ਦੇ ਧਾਰਨੀ ਹੋ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ਿਸ਼ ਖੰਡੇ-ਬਾਟੇ ਦੀ ਪਾਹੁਲ ਛਕ ਸਤਿਗੁਰਾਂ ਦੀਆਂ ਬਖਸ਼ਿਸ਼ਾਂ ਦੇ ਪਾਤਰ ਬਣੀਏ।

***-ਅਵਤਾਰ ਸਿੰਘ ਮੱਕੜ***

# ਗੁਰੂਦੁਆਰਾ ਸਾਹਿਬ ਗਲੈਨਵੁੱਡ ਦੇ ਨਿਸ਼ਾਨ ਸਾਹਿਬ ਦੇ ਚੋਲਾ ਬਦਲਣ ਦੀ ਸੇਵਾ

ਸਿਡਨੀ : ਗੁਰਦੁਆਰਾ ਸਾਹਿਬ ਗਲੈਨਵੁੱਡ ਵਿਖੇ ਅੱਜ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦਾ ਚੋਲ਼ਾ ਬਦਲਣ ਦੀ ਸੇਵਾ, ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ਼ ਬੜੀ ਸ਼ਰਧਾ ਅਤੇ ਉਤਸ਼ਾਹ ਸਹਿਤ ਕੀਤੀ ਗਈ।

ਸਭ ਤੋਂ ਪਹਿਲਾਂ ਸੰਗਤ ਸਮੇਤ ਤਿਆਰ ਬਰ ਤਿਆਰ ਪੰਜ ਸਿੰਘਾਂ ਨੇ, ਪੰਜ ਪਿਆਰਿਆਂ ਦੇ ਰੂਪ ਵਿੱਚ ਸਜ ਕੇ ਗੁਰੂ ਦਰਬਾਰ ਵਿੱਚ ਹਾਜਰ ਹੋ ਕੇ ਸੇਵਾ ਕਰਨ ਦੀ ਆਗਿਆ ਪ੍ਰਾਪਤੀ ਲਈ ਗੁਰੂ ਸਾਹਿਬ ਜੀ ਅੱਗੇ ਬੇਨਤੀ ਕੀਤੀ। ਉਪ੍ਰੰਤ ਸੰਗਤ ਸਮੇਤ ਪੰਜ ਪਿਆਰੇ ਨਿਸ਼ਾਨ ਸਾਹਿਬ ਪਾਸ ਪਹੁੰਚ ਗਏ ਜਿੱਥੇ ਕਿ ਪਹਿਲਾਂ ਹੀ ਰਾਗੀ ਸਿੰਘ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਉਸ ਸਥਾਨ 'ਤੇ ਪੰਜ ਪਿਆਰੇ ਵੀ ਸਜ ਗਏ। ਪ੍ਰਬੰਧਕਾਂ ਨੇ ਸੰਗਤ ਨਾਲ਼ ਸ਼ਾਮਲ ਹੋ ਕੇ, ਨਿਸ਼ਾਨ ਸਾਹਿਬ ਨੂੰ ਥੱਲੇ ਉਤਾਰ ਕੇ, ਪੁਰਾਣਾ ਚੋਲ਼ਾ ਉਤਾਰਿਆ ਅਤੇ ਕੱਚੀ ਲੱਸੀ ਨਾਲ਼ ਨਿਸ਼ਾਨ ਸਾਹਿਬ ਜੀ ਦਾ ਇਸ਼ਨਾਨ ਕਰਵਾਇਆ ਗਿਆ। ਫਿਰ ਨਵਾਂ ਚੋਲ਼ਾ ਸਜਾਇਆ ਗਿਆ। "ਝੂਲਤੇ ਨਿਸ਼ਾਨ ਰਹੇਂ ਪੰਥ ਮਹਾਂਰਾਜ ਕੇ" ਦੀਆਂ ਧੁਨਾਂ ਦੌਰਾਨ ਨਿਸ਼ਾਨ ਸਾਹਿਬ ਜੀ ਨੂੰ ਨਿਜੀ ਸਥਾਨ ਉਪਰ ਸੁਸ਼ੋਭਤ ਕਰਕੇ ਦੁਬਾਰਾ ਲਹਿਰਾਇਆ ਗਿਆ। ਇਹ ਕਾਰਜ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਸੰਗਤਾਂ ਨੇ ਤਕਰੀਬਨ ਦੋ ਘੰਟਿਆਂ ਵਿਚ ਸੰਪੂਰਨ ਕੀਤਾ।

ਇਸ ਸੇਵਾ ਦੌਰਾਨ ਰਾਗੀ ਸਿੰਘਾਂ ਵੱਲੋਂ ਗਾਈ ਜਾ ਰਹੀ ਗੁਰਬਾਣੀ ਦੇ ਕੀਰਤਨ ਦੀਆਂ ਛਹਿਬਰਾਂ ਵਿੱਚ, ਸੰਗਤਾਂ ਭਾਰੀ ਉਤਸ਼ਾਹ ਦਾ ਪ੍ਰਗਟਾਵਾ ਕਰ ਰਹੀਆਂ ਸਨ।

ਇਸ ਸਮੇ ਭਾਈ ਜਸਬੀਰ ਸਿੰਘ ਜੀ ਨੇ ਵੀ ਇਸ ਖ਼ੁਸ਼ੀ ਦੇ ਸਮੇ ਸੰਗਤਾਂ ਨੂੰ ਵਧਾਈ ਦਿਤੀ।

ਅੰਤ ਵਿੱਚ ਦਾਸ, ਗੁਰਦੁਆਰਾ ਸੈਕਟਰੀ ਮੋਹਨ ਸਿੰਘ ਵਿਰਕ, ਨੇ ਸਰਬੱਤ ਸੰਗਤ ਨੂੰ ਵਧਾਈ ਦਿੰਦਿਆਂ ਹੋਇਆਂ ਸੰਗਤ ਅਤੇ ਪੰਜਾਂ ਪਿਆਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਗੁਰੂ ਸਾਹਿਬਾਂ ਦਾ ਸ਼ੁਕਰਾਨਾ ਕਰਦਿਆਂ ਹੋਇਆਂ ਇਸ ਵਡਮੁਲੇ ਕਾਰਜ਼ ਦੀ ਸਮਾਪਤੀ ਕੀਤੀ।

ਉਪ੍ਰੰਤ ਆਈ ਸੰਗਤ ਦੀ ਚਾਹ ਪਾਣੀ ਨਾਲ਼ ਸੇਵਾ ਕੀਤੀ ਗਈ।

ਇਸ ਸੇਵਾ ਦੀ ਸਮਾਪਤੀ ਉਪ੍ਰੰਤ ਗੁਰੂਸਾਹਿਬ ਜੀ ਦਾ ਧੰਨਵਾਦ ਕਰਦੀਆਂ ਹੋਈਆਂ ਸੰਗਤਾਂ ਨੇ ਪ੍ਰਸੰਨਤਾ ਸਹਿਤ ਆਪੋ ਆਪਣੇ ਘਰਾਂ ਨੂੰ ਚਾਲੇ ਪਾਏ।

**ਮੋਹਨ ਸਿੰਘ ਵਿਰਕ**
**ਸਿਡਨੀ (ਆਸਟਰੇਲੀਆ)**
ਫੋਨ: +610409660701

































# ਪਰਤਾਵੇ ਤੇ ਗੁਰਗੱਦੀ

ਮੋਹਨ ਸਿੰਘ ਵਿਰਕ
ਸਿਡਨੀ (ਆਸਟਰੇਲੀਆ)
ਫੋਨ: +610409660701



ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਪਾਤਸ਼ਾਹ, ਅਕਾਲ ਪੁਰਖ ਦੀ ਰਜ਼ਾ ਵਿੱਚ ਰਹਿਣ ਵਾਲੇ ਆਪ ਜਾਣੀ ਜਾਣ ਸਤਗੁਰੂ ਪਾਤਸ਼ਾਹ ਜੀ ਪਹਿਲੇ ਦਿਨ ਦੇ ਮੇਲ ਸਮੇ ਹੀ ਜਾਣ ਗਏ ਸਨ ਕਿ ਸਾਡੇ ਮਗਰੋਂ ਗੁਰਤਾ ਗੱਦੀ ਦੀ ਜਿਮੇਵਾਰੀ ਲਹਿਣਾ ਜੀ ਸੰਭਾਲਣ ਗੇ।ਜਾਮੇ ਤੇ ਚਿਕੜ ਦੇ ਛਿਟੇ ਪੈਣ ਵਾਲੇ ਦਿਨ ਹੀ ਗੁਰੂ ਸਾਹਿਬ ਨੇਂ ਕਹਿ ਦਿਤਾ ਸੀ ਕਿ ਤੂੰ ਲਹਿਣਾਂ ਅਤੇ ਅਸਾਂ ਤੇਰਾ ਦੇਣਾ ਹੈ। ਉਪ੍ਰੰਤ ਆਪਣੇ ਪਰਵਾਰ ਅਤੇ ਪੁਤਰਾਂ ਨੂੰ ਨਿਸਚਾ ਕਰਾਉਣ ਤੇ ਸਮਝਾਉਣ ਲਈ ਕਿ ਗੁਰ- ਗੱਦੀ ਸਿਰਫ ਤੇ ਸਿਰਫ ਯੋਗ ਵਿਅਕਤੀ ਨੂੰ ਹੀ ਦਿਤੀ ਜਾਵੇ ਗੀ। ਇਸ ਲਈ ਨਾਲ ਦੀ ਨਾਲ ਪ੍ਰੀਖਿਆ ਕਰਨੀ ਵੀ ਜਰੂਰੀ ਸੀ। ਪੁਤਰਾਂ ਦੀ, ਸਮੂੰਹ ਸਿਖਾਂ ਦੀ, ਅਤੇ ਲਹਿਣਾ ਜੀ ਦੀ ਵੀ। ਪਰ ਹਰ ਪਰਤਾਵੇ ਵੇਲੇ ਕੇਵਿਲ ਲਹਿਣਾ ਜੀ ਹੀ ਪੂਰੇ ਉਤਰੇ ਬਾਕੀ ਸੱਭ ਅਧੂਰੇ ਸਾਬਤ ਹੋਏ। ਇਹਨਾਂ ਸਾਰੀਆਂ ਗੱਲਾਂ ਦੇ ਵਿਚਾਰਨ ਤੋਂ ਬਾਅਦ ਗੁਰੂ ਸਾਹਿਬ ਨੇ ਚਾਰ ਪੰਜ ਵਾਰੀ ਪ੍ਰੀਖਿਆ ਲਈਆਂ ਜਿਵੇਂ ਕਿ:-

ਗੁਰੂ ਜੀ ਹਰ ਰੋਜ ਅੰਮ੍ਰਿਤ ਵੇਲੇ ਰਾਵੀ ਦਰਿਆ ਤੇ ਇਸ਼ਨਾਨ ਕਰਨ ਜਾਇਆ ਕਰਦੇ ਸਨ। ਗੁਰੂ ਸਾਹਿਬਾਂ ਦੇ ਨਾਲ ਹਰ ਰੋਜ ਲਹਿਣਾ ਜੀ ਸੇਵਾ ਲਈ ਜਾਂਦੇ ਸਨ। ਆਪ ਦੇ ਬਸਤਰਾਂ ਦਾ ਧਿਆਨ ਰਖਦੇ ਅਤੇ ਹੋਰ ਵੀ ਜੋ ਆਗਿਆ ਹੁੰਦੀ ਸਤਿਕਾਰ ਸਹਿਤ ਤਨ ਮਨ ਨਾਲ ਸੇਵਾ ਕਰਦੇ। ਇਹ ਸਭ ਵੇਖ ਕੇ ਹੋਰ ਵੀ ਸਿਖ ਸੰਗਤਾਂ ਲਹਿਣਾ ਜੀ ਦੀ ਤਰ੍ਹਾਂ ਸੇਵਾ ਲਈ ਜਾਣ ਲਗ ਪਏ। ਇਕ ਦਿਨ ਸਿਆਲੇ ਦੀ ਰੁਤੇ ਕੁਝ ਚੋਣਵੇਂ ਸਿੰਘ ਬਾਬਾ ਬੁਢਾ ਜੀ, ਭਾਈ ਅਜਿਤਾ ਜੀ, ਭਾਈ ਭਗੀਰਥ ਜੀ ਅਤੇ ਭਾਈ ਸਧਾਰਨ ਜੀ ਵੀ ਗੁਰੂ ਜੀ ਦੀ ਸੇਵਾ ਹਿਤੂ ਗੁਰੂ ਜੀ ਦੇ ਨਾਲ ਗਏ। ਰੱਬ ਦੀ ਕੁਦਰਤ ਵੱਲੋਂ ਪਲੋ ਪਲੀ ਹੀ ਬਿਜਲੀ ਚਮਕੀ, ਕਾਲੇ ਸ਼ਾਹ ਬੱਦਲ ਚੜ੍ਹ ਆਏ ਅਤੇ ਮੂਹਲੇ ਧਾਰ ਮੀਂਹ ਵਰ੍ਹਨ ਲਗ ਪਿਆ, ਨਾਲੇ ਗੜੇ ਵੀ ਵਰ੍ਹ ਪਏ। ਬੜਾ ਭਾਰੀ ਤੁਫਾਂਨ ਅਰੰਭ ਹੋ ਗਿਆ। ਇਸ ਭਾਰੀ ਤੁਫਾਂਨ ਵਿੱਚ ਉਹ ਚਾਰੇ ਸਿੰਘ ਠੰਡ ਅਤੇ ਠੱਕੇ ਦੇ ਕਾਰਨ ਠਰ ਗਏ ਅਤੇ ਘਬਰਾਹਟ ਵਿੱਚ ਉਹ ਡੇਰੇ ਨੂੰ ਉਠ ਭਜੇ। ਬੜੀ ਮੁਸ਼ਕਲ ਨਾਲ ਡੇਰੇ ਪੁਜੇ। ਪਰ ਸ੍ਰੀ ਲਹਿਣਾ ਜੀ ਗੁਰੂ ਜੀ ਦੇ ਬਸਤਰ ਹਿਕ ਨਾਲ ਲਾਈ ਬੈਠੇ ਰਹੇ। ਗੁਰੂ ਜੀ ਦਰਿਆ ਤੋਂ ਬਾਹਰ ਆਏ ਤੇ ਕਿਹਾ ਪੁਰਖਾ ਸਾਰੇ ਸਿੱਖ ਕਿਥੇ ਹਨ। ਤਦ ਲੈਹਿਣਾ ਜੀ ਨੇ ਸਤਿਕਾਰ ਸਹਿਤ ਉਤਰ ਦਿਤਾ ਦਾਤਿਆ ਸਾਰੇ ਸਿੱਖ ਇਸ ਭਾਰੀ ਤੁਫਾਂਨ ਤੋਂ ਬਚਨ ਵਾਸਤੇ ਡੇਰੇ ਚਲੇ ਗਏ ਹਨ। ਤਦ ਗੁਰੂ ਜੀ ਨੇ ਫੁਰਮਾਇਆ ਪੁਰਖਾ ਤੂੰ ਕਿਓ ਨਹੀ ਗਿਆ ? ਅਗੋਂ ਲਹਿਣਾ ਜੀ ਹੱਥ ਜੋੜ ਕੇ ਬੋਲੇ, ਮਹਿਰਾਂ ਦੇ ਸਾਈਂ ਜਿਓ ਮੈਂ ਤਾਂ ਆਪ ਜੀ ਦਾ ਸੇਵਕ ਹਾਂ ਅਤੇ ਸੇਵਕ ਦਾ ਕੰਮ ਨਹੀਂ ਕਿ ਖਸਮ ਨੂੰ ਛੱਡ ਕੇ ਚਲਿਆ ਜਾਵੇ।

ਇਕ ਵਾਰੀ ਫਿਰ ਸਿਆਲੇ ਦੀ ਰੁਤ ਸੀ ਝੜੀ ਲੱਗੀ ਹੋਈ ਸੀ ਅਧੀ ਰਾਤ ਦਾ ਸਮਾਂ ਹੋਵੇਗਾ ਗੁਰੂ ਜੀ ਨੇ ਤਕਿਆ ਕਿ ਡੇਰੇ ਦੀ ਇਕ ਕੰਧ ਦਾ ਕੁਝ ਹਿਸਾ ਡਿਗ ਪਿਆ ਹੈ। ਗੁਰੂ ਜੀ ਨੇ ਆਪਣੇ ਸਾਹਿਬਜਾਦਿਆਂ ਬਾਬਾ ਸਿਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ ਨੂੰ ਕਿਹਾ ਕਿ ਡੇਰੇ ਦੀ ਕੰਧ ਦਾ ਇਕ ਹਿਸਾ ਡਿਗ ਪਿਆ ਹੈ ਇਸ ਨੂੰ ਹੁਣੇ ਹੀ ਕੰਧ ਦੀ ਉਸਾਰੀ ਕਰਕੇ ਠੀਕ ਕੀਤੀ ਜਾਵੇ। ਅੱਗੋਂ ਸਾਹਿਬਜਾਦਿਆਂ ਨੇ ਕਿਹਾ ਜੀ ਅੱਧੀ ਰਾਤ ਦਾ ਵੇਲਾ ਹੈ ਤੇ ਠੰਡ ਵੀ ਕੜਾਕੇ ਦੀ ਪੈ ਰਹੀ ਹੈ ਹਥ ਪੈਰ ਸੁਨ ਹੋਏ ਪਏ ਹਨ ਇਸ ਲਈ ਦਿਨ ਚੜਨ ਤੇ ਰਾਜ ਮਜ਼ਦੂਰ ਲਗਾ ਕੇ ਕੰਧ ਠੀਕ ਕਰਵਾ ਦਿਆਂ ਗੇ। ਇਸੇ ਤਰ੍ਹਾਂ ਗੁਰੂ ਜੀ ਨੇ ਵਾਰੀ ਵਾਰੀ ਸਾਰੇ ਊਘੇ ਸਿਖਾਂ ਨੂ ਵੀ ਕੰਧ ਠੀਕ ਕਰਨ ਲਈ ਕਿਹਾ ਪਰ ਏਨੀ ਸੀਤ ਭਰੀ ਠੰਡ ਵਿੱਚ ਕਿਸੇ ਦਾ ਵੀ ਹਿਆ ਨਾਂ ਪਿਆ ਕਿ ਕੰਧ ਠੀਕ ਕਰ ਦਿਤੀ ਜਾਵੇ। ਉਪ੍ਰੰਤ ਗੁਰੂ ਸਾਹਿਬ ਨੇ ਲਹਿਣਾ ਜੀ ਨੂੰ ਕੰਧ ਠੀਕ ਕਰਨ ਲਈ ਕਿਹਾ, ਜੋ ਤੁਰੰਤ ਹੀ ਆਗਿਆ ਦਾ ਪਾਲਨ ਕਰਦੇ ਹੋਏ ਕੰਧ ਬਨਾਉਣ ਲਗ ਪਏ। ਅੰਮਿਤ੍ਰ ਵੇਲੇ ਤਕ ਲਹਿਣਾ ਜੀ ਨੇ ਕਾਫੀ ਕੰਧ ਉਸਾਰ ਲਈ। ਗੁਰੂ ਜੀ ਨੇ ਜਾ ਕੇ ਵੇਖਿਆ ਤਾਂ ਲਹਿਣਾ ਜੀ ਨੂੰ ਕਿਹਾ ਕੰਧ ਵਿੰਗੀ ਹੈ ਇਸ ਨੂੰ ਢਾਹ ਕੇ ਫਿਰ ਉਸਾਰੋ। ਲਹਿਣਾ ਜੀ ਨੇ ਸਤਿ ਬਚਨ ਕਹਿ ਕੇ ਕੰਧ ਢਾਹ ਦਿਤੀ ਤੇ ਦੁਬਾਰਾ ਫਿਰ ਬਨਾਣੀ ਸ਼ੁਰੂ ਕਰ ਦਿਤੀ। ਕੁਝ ਦੇਰ ਬਾਅਦ ਗੁਰੂ ਜੀ ਫਿਰ ਗਏ ਤੇ ਕੰਧ ਨੂੰ ਵੇਖਿਆ ਤੇ ਕਿਹਾ ਕਿ ਇਹ ਵੀ ਠੀਕ ਨਹੀਂ ਹੈ ਇਸ ਨੂੰ ਵੀ ਢਾਹ ਦਿਓ ਅਤੇ ਨੀਹ ਜਰਾ ਪਿਛੇ ਹਟ ਕੇ ਬਨਾਓ। ਲਹਿਣਾ ਜੀ ਨੇ ਫਿਰ ਸਤਿ ਬਚਨ ਕਹਿ ਕੇ ਗੁਰੂ ਸਾਹਿਬ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਕੰਧ ਫਿਰ ਢਾਹ ਦਿਤੀ ਤੇ ਦੁਬਾਰਾ ਉਸਾਰੀ ਸ਼ੁਰੂ ਕਰ ਦਿਤੀ। ਪਰ ਗੁਰੂ ਜੀ ਨੇ ਫਿਰ ਕਿਹਾ ਅਜੇ ਵੀ ਠੀਕ ਨਹੀ ਇਸ ਨੂੰ ਢਾਹ ਕੇ ਫਿਰ ਉਸਾਰੋ। ਇਹ ਸੁਣ ਕੇ ਗੁਰੂ ਜੀ ਦੇ ਸਾਹਿਬਜਾਦਿਆਂ ਨੇ ਲਹਿਣਾ ਜੀ ਨੂੰ ਕਿਹਾ ਤੁਸੀਂ ਤਾਂ ਮੂਰਖ ਹੋ ਜੋ ਅਜਿਹੇ ਅਯੋਗ ਹੁਕਮ ਮੰਨ ਰਹੇ ਹੋ। ਲਹਿਣਾ ਜੀ ਨੇ ਹੱਥ ਜੋੜ ਕੇ ਕਿਹਾ ਮੈਂ ਤਾਂ ਸੇਵਕ ਹਾਂ ਤੇ ਸੇਵਕ ਦਾ ਕੰਮ ਹੈ ਹੁਕਮ ਮੰਨ ਕੇ ਕਾਰ ਕਰੀ ਜਾਵੇ ਹੁਕਮ ਦੀ ਫੋਲਾ ਫਾਲੀ ਕਰਨੀ ਮੇਰਾ ਕੰਮ ਨਹੀਂ।

ਇਕ ਦਿਨ ਫਿਰ ਅੱਧੀ ਰਾਤ ਗਏ ਗੁਰੂ ਜੀ ਨੇ ਆਪਣੇ ਪੁਤਰਾਂ ਨੂੰ ਕਿਹਾ, ਸਾਡੇ ਬਸਤਰ ਮੈਲੇ ਹਨ ਇਨ੍ਹਾਂ ਨੂੰ ਧੋ ਲਿਆਓ। ਅਗੋਂ ਉਨ੍ਹਾਂ ਨੇ ਕਿਹਾ ਅੱਧੀ ਰਾਤ ਦਾ ਵੇਲਾ ਹੈ ਸਵੇਰੇ ਧੋਬੀ ਨੂੰ ਸਦਵਾ ਕੇ ਧਵਾ ਲਵਾਂ ਗੇ। ਪਰ ਗੁਰੂ ਜੀ ਨੇ ਦੁਬਾਰਾ ਫਿਰ ਕਿਹਾ ਨਹੀਂ ਤੁਸੀਂ ਹੁਣੇ ਹੀ ਜਾਓ ਤੇ ਬਸਤਰ ਧੋ ਕੇ ਲਿਆਓ। ਅਗੋਂ ਉਹ ਬੋਲੇ ਨਹੀਂ ਜੀ ਅਸੀਂ ਇਸ ਵੇਲੇ ਇਹ ਕੰਮ ਨਹੀਂ ਕਰ ਸਕਦੇ। ਗੁਰੂ ਜੀ ਨੇ ਹੋਰਨਾਂ ਸਿਖਾਂ ਨੂੰ ਵੀ ਵਾਰੀ ਵਾਰੀ ਕਿਹਾ ਪਰ ਕੋਈ ਵੀ ਇਹ ਸੇਵਾ ਲੈਣ ਲਈ ਤਿਆਰ ਨਾ ਹੋਇਆ। ਉਪ੍ਰੰਤ ਗੁਰੂ ਸਾਹਿਬਾਂ ਨੇ ਲਹਿਣਾ ਜੀ ਨੂੰ ਆਗਿਆ ਕੀਤੀ, ਉਹ ਸਤਿ ਬਚਨ ਕਹਿ ਕੇ ਹੁਕਮ ਦੀ ਪਾਲਣਾ ਕਰਦੇ ਹੋਏ ਉਠੇ ਤੇ ਬਸਤਰ ਲੈ ਕੇ ਰਾਵੀ ਤੇ ਪਹੁੰਚ ਗਏ ਅਤੇ ਬਸਤਰ ਬੜੇ ਪਿਆਰ ਨਾਲ ਧੋ ਕੇ ਲੈ ਆਏ।

ਫਿਰ ਇਕ ਦਿਨ ਅੰਮ੍ਰਿਤ ਵੇਲੇ ਗੁਰੂ ਜੀ ਰਾਵੀ ਤੋਂਕੇਸੀਂ ਇਸ਼ਨਾਂਨ ਕਰ ਕੇ ਆ ਰਹੇ ਸਨ। ਸਾਹਿਬ ਦੇ ਹੱਥ ਵਿੱਚ ਇਕ ਕੈਂਹ ਦਾ ਛੱਨਾਂ ਸੀ ਜੋ ਇਕ ਚਲ੍ਹੇ ਵਿੱਚ ਡਿਗ ਪਿਆ। ਗੁਰੂ ਜੀ ਨੇ ਵਾਰੋ ਵਾਰੀ ਅਪਣੇ ਦੋਹਾਂ ਪੁਤਰਾਂ ਨੂੰ ਛੰਨਾਂ ਕੱਢਣ ਨੂੰ ਕਿਹਾ ਪਰ ਦੋਹਾਂ ਨੇ ਸਿਰ ਫੇਰ ਦਿਤਾ ਤੇ ਕਿਹਾ ਅਸੀਂ ਇਸ ਗੰਦੇ ਚਲ੍ਹੇ ਵਿੱਚ ਨਹੀਂ ਵੜ ਸਕਦੇ। ਫਿਰ ਗੁਰੂ ਜੀ ਨੇ ਲਹਿਣਾ ਜੀ ਵਲ ਧਿਆਂਨ ਕੀਤਾ, ਉਹ ਝਟ ਕਪੜੇ ਸਮੇਤ ਚਲ੍ਹੈ ਵਿੱਚ ਵੜ ਗਏ ਤੇ ਛੰਨਾ ਕੱਢ ਕੇ ਸਾਫ ਸੁਥਰਾ ਕਰਕੇ ਗੁਰੂ ਜੀ ਦੇ ਪੇਸ਼ ਕਰ ਦਿਤਾ।

ਇਕ ਦਿਨ ਫਿਰ ਗੁਰੂ ਜੀ ਨੇ ਇਕ ਬੜਾ ਵੱਡਾ ਕੌਤਕ ਰਚਿਆ ਪਾਟੇ ਪੁਰਾਣੇ ਕਪੜੇ ਪਾਏ ਤੇ ਲਕ ਨਾਲ ਇਕ ਛੁਰਾ ਬੰਨ ਲਿਆ ਤੇ ਆਪਣੇ ਮਗਰ ਕੁਤੇ ਵੀ ਲਾ ਲਏ, ਇਹ ਰੂਪ ਧਾਰ ਕੇ ਜੰਗਲ ਵਲ ਤੁਰ ਪਏ।ਇਓ ਜਾਪੇ ਜਿਵੇਂ ਸ਼ਕਾਰ ਖੇਡਣ ਚੱਲੇ ਹਨ। ਇਹ ਰੂਪ ਦੇਖ ਕੇ ਕਈ ਸਿੱਖ ਤਾਂ ਡਰ ਗਏ ਕੁਝ ਪਿਛੇ ਪਰਤ ਗਏ। ਕਈਆਂ ਨੇ ਤਾਂ ਗੁਰੂ ਜੀ ਨੂੰ ਏਥੋਂ ਤਕ ਕਹਿ ਦਿਤਾ ਕਿ ਗੁਰੂ ਜੀ ਤਾਂ ਮਸਤਾਨੇ ਹੋ ਗਏ ਹਨ। ਪਰ ਕੁਝ ਧਰਮੀ ਸਿੱਖ ਪੱਕੇ ਰਹੇ ਤੇ ਗੁਰੂ ਸਾਹਬਾਂ ਦੇ ਨਾਲ ਤੁਰ ਪਏ। ਹਾਲੀ ਥੋੜੀ ਦੂਰ ਹੀ ਗਏ ਹੋਣ ਗੇ ਕਿ ਕੀ ਦੇਖਦੇ ਹਨ ਕਿ ਰਾਹ ਵਿੱਚ ਪੈਸੇ ਖਿਲਰੇ ਪਏ ਹਨ, ਚੋਖੇ ਸਿੱਖ ਪੈਸਿਆਂ ਨਾਲ ਝੋਲੀਆਂ ਭਰ ਕੇ ਵਾਪਸ ਮੁੜ ਗਏ। ਹੋਰ ਅਗੇ ਗਏ ਤਾਂ ਚਾਂਦੀ ਦੇ ਸਿਕੇ ਖਿਲਰੇ ਪਏ ਡਿਠੇ, ਏਥੇ ਵੀ ਚੋਖੇ ਸਿੱਖ ਸਿਕਿਆਂ ਨਾਲ ਝੋਲੀਆਂ ਭਰ ਕੇ ਵਾਪਸ ਡੇਰੇ ਨੂੰ ਮੁੜ ਗਏ। ਹੁਣ ਗੁਰੂ ਜੀ ਦੇਨਾਲ ਦੋ ਸਿੱਖ ਅਤੇ ਲਹਿਣਾ ਜੀ ਹੀ ਰਹਿ ਗਏ। ਗੁਰੂ ਸਾਹਿਬਾਂ ਵੱਲੋਂ ਇਕ ਹੋਰ ਕੌਤਕ ਪਰੀਖਿਆ ਲੈਣ ਵਾਸਤੇ ਸਾਹਮਣੇ ਨਜ਼ਰ ਆਇਆ। ਕੀ ਦੇਖਦੇ ਹਨ ਕਿ ਇਕ ਮੁਰਦਾ ਪਿਆ ਹੋਇਆ ਹੈ ਜੋ ਕਿ ਚਿਟੀ ਚਾਦਰ ਨਾਲ ਢੱਕਿਆ ਹੋਇਆ ਸੀ। ਜਿਸ ਵਿੱਚੋਂ ਸਖਤ ਬਦਬੂ ਆ ਰਹੀ ਸੀ। ਗੁਰੂ ਜੀ ਮੁਰਦੇ ਪਾਸ ਗਏ ਤੇ ਸਿਖਾਂ ਨੂੰ ਕਿਹਾ ਇਹ ਮੁਰਦਾ ਖਾਓ। ਦੋਵੇਂ ਸਿਖ ਨਕ ਨਪ ਕੇ ਪਿਛਾਂਹ ਹਟ ਗਏ। ਅਤੇ ਨੱਕ ਦੱਬੇ ਪਿਛੇ ਦੇਖੇ ਬਗੈਰ ਵਾਪਸ ਡੇਰੇ ਵਲ ਭਜ ਗਏ। ਗੁਰੂ ਜੀ ਮੁਸਕਰਾਏ ਅਤੇ ਲਹਿਣੇ ਜੀ ਨੂੰ ਆਗਿਆ ਕੀਤੀ ਕਿ ਮੁਰਦਾ ਖਾਓ। ਧੰਨ ਸ੍ਰੀ ਲਹਿਣਾਂ ਜੀ, ਸੀ ਤਕ ਨਹੀਂ ਕੀਤੀ ਝਟ ਮੁਰਦੇ ਪਾਸ ਜਾ ਕੇ ਬੈਠ ਗਏ ਅਤੇ ਚਾਦਰ ਤੇ ਹੱਥ ਰੱਖ ਕੇ ਬੇਨਤੀ ਕੀਤੀ ਸਚੇ ਪਾਤਸ਼ਾਹ ਹੁਕਮ ਕਰੋ ਕੇਹੜੇ ਪਾਸਿਓਂ ਖਾਵਾਂ ਪੈਰਾਂ ਵੱਲੋਂ ਕਿ ਸਿਰ ਵੱਲੋਂ। ਗੁਰੂ ਸਾਹਿਬ ਨੇ ਕਿਹਾ ਵਿਚਕਾਰਿਓ ਲੱਕ ਪਾਸੋਂ। ਲਹਿਣਾ ਜੀ ਨੇ ਸਤਿ ਬਚਨ ਆਖ ਕੇ ਚਾਦਰ ਹਟਾਈ ਤੇ ਕੀ ਵਾਖਦੇ ਹਨ ਕਿ ਚਾਦਰ ਹੇਠ ਤਾਂ ਮੁਰਦਾ ਹੈ ਹੀ ਨਹੀਂ ਸਗੋਂ ਭਾਂਤ ਭਾਂਤ ਦੇ ਖੂਬਸੂਰਤ ਖੁਸ਼ਬੂਦਾਰ ਫੁਲ ਪਏ ਸਨ। ਇਹ ਸਭ ਵੇਖ ਕੇ ਲਹਿਣਾ ਜੀ ਗੁਰੂ ਸਾਹਿਬ ਤੇ ਚਰਨਾਂ ਤੇ ਢਹਿ ਪਿਆ ਤੇ ਭੁਬਾਂ ਨਿਕਲ ਗਇਆਂ ਤੇ ਕਿਹਾ ਦਾਤਿਆ ਮੈਂ ਗਰੀਬ ਤੇ ਏਨੀਆਂ ਰਹਿਮਤਾਂ ਅਤੇ ਅੱਗੋਂ ਉਹ ਕੁਝ ਨਾਂ ਬੋਲ ਸਕਿਆ। ਉਸ ਦੀਆਂ ਨਿਮਾਣੀਆਂ ਅੱਖਾਂ ਵਿੱਚੋਂ ਹੰਝੂ ਇੰਜ ਵਗ ਰਹੇ ਸਨ ਜਿਵੇਂ ਸੌਂਣ ਦੀ ਝੜੀ ਲਗੀ ਹੋਵੇ। ਹੰਝੂਆ ਨਾਲ ਗੁਰੂ ਸਾਹਿਬਾਂ ਦੇ ਚਰਨ ਸਜਿਲ ਹੋ ਗਏ। ਮੇਹਰਾਂ ਦੇ ਸਾਈਂ ਕਿਰਪਾਲੂ ਜੀ, ਸਰਿਸ਼ਟੀ ਦੇ ਮਾਲਕ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਂਰਾਜ਼ ਲਹਿਣੇ ਜੀ ਤੇ ਤਰੁਠੇ ਤੇ ਮੋਢੇ ਤੇ ਹੱਥ ਰੱਖ ਕੇ ਕਿਹਾ ਉਠ ਪੁਰਖਾ ਤੇ ਮੰਗ ਲੈ ਜੋ ਮੰਗਣਾ ਹੈ। ਲਹਿਣਾ ਜੀ ਕੰਬਦੀਆ ਲੱਤਾਂ ਨਾਲ ਅਤੇ ਸੇਜਲ ਨਾਤਰਾਂ ਨਾਲ ਉਠੇ ਤੇ ਬੇਨਤੀ ਕੀਤੀ ਦਾਤਿਆ ਕੁਝ ਨਹੀਂ ਚਾਹੀਦਾ ਬਸ ਤੁਹਾਡੇ ਦੀਦਾਰ ਦੀਆਂ ਰਹਿਮਤਾਂ ਬਣੀਆਂ ਰਹਿਣ ਤੁਹਾਡੇ ਚਰਨਾਂ ਦਾ ਆਸਰਾ ਬਣਿਆਂ ਰਹੇ ਮੈਨੂੰ ਏਹੋ ਹੀ ਸਭ ਕੁਝ ਹੈ। ਗੁਰੂ ਸਾਹਿਬ ਨੇ ਲਹਿਣੇ ਜੀ ਨੂੰ ਘੁਟ ਕੇ ਹਿਕ ਨਾਲ ਲਾ ਲਿਆ ਤੇ ਕਿਹਾ ਲਹਿਣਿਆਂ ਅਸੀ ਅੱਜ ਫਿਰ ਕਹਿੰਦੇ ਹਾਂ "ਤੂੰ ਲਹਿਣਾ ਅਤੇ ਅਸੀਂ ਤੇਰਾ ਦੇਣਾ ਹੈ" ਇਹ ਕਹਿੰਦਿਆਂ ਗੁਰੂ ਸਾਹਿਬ ਅਤੇ ਲਹਿਣਾਂ ਜੀ ਇਕ ਵਾਰੀ ਫਿਰ ਐਸੀ ਗਲਵਕੜੀ ਵਿੱਚ ਬੱਜੇ ਕਿ ਇਕ ਜਾਂਣ ਇਕ ਜੋਤ ਹੋ ਗਏ।

ਇਹਨਾਂ ਪਰਤਾਵਿਆਂ ਅਤੇ ਪ੍ਰੀਖਿਆਵਾਂ ਨੇ ਗੁਰੂ ਸਾਹਿਬ ਦੇ ਦਿਲ ਵਿੱਚ ਸ੍ਰੀ ਲਹਿਣਾ ਜੀ ਦੀ ਨਿਸ਼ਕਾਮ ਸੇਵਾ, ਕਿਰਤ, ਨਾਮ ਬਾਣੀ, ਸੇਵਾ ਭਗਤੀ, ਮਿਠ ਬੋਲੜਾ ਸੁਭਾਵ, ਆਗਿਆ ਪਾਲਣ ਅਤੇ ਹੁਕਮ ਮੰਨਣ ਦੇ ਗੁਣ ਨੇ ਐਸਾ ਪ੍ਰਭਾਵ ਪਾਇਆ ਕਿ ਉਹਨਾਂ ਨੂੰ ਯਕੀਨ ਹੋ ਗਿਆ ਕਿ ਸ੍ਰੀ ਲਹਿਣਾ ਜੀ ਵਿਚ ਹੀ ਗੁਰਗੱਦੀ ਦੀ ਪੂਰਨ ਯੋਗਤਾ ਹੈ।। ਗੁਰੂ ਸਾਹਿਬ ਇਕ ਨਵੀ ਕੌਮ ਸਾਜਣੀ ਅਤੇ ਉਸਾਰਣੀ ਚਾਹੁੰਦੇ ਸਨ ਜਿਸ ਲਈ ਇਕ ਯੋਗ ਪੁਰਖ ਦੀ ਲੋੜ ਸੀ। ਇਸ ਲਈ ਉਹਨਾਂ ਨੇ ਹਰ ਪੱਖੋਂ ਲਹਿਣ ਜੀ ਨੂੰਯੋਗ ਪੁਰਖ ਸਮਜ ਕੇ ਚੋਣ ਬੜੇ ਗਹੁ ਨਾਲ ਕੀਤੀ। ਉਹਨਾ ਦੇ ਪਿਛੋਂ ਕੋਈ ਸ਼ਕ ਸ਼ੁਭੇ ਦੀ ਗੁੰਜਾਇਸ਼ ਨਾ ਰਹੇ, ਗੁਰੂ ਜੀ ਨੇ ਇਸ ਚੁਣੇ ਹੋਏ ਪੁਰਖ ਨੂੰ ਅਪਣੇ ਰੂ- ਬਰੂ ਗੁਰ- ਗੱਦੀ ਤੇ ਬਠਾਉਣ ਅਤੇ ਸਭ ਨੂੰ ਇਸ ਚੁਣੇ ਗਏ ਨੂੰ ਗੁਰੂ ਮੰਨਣ ਦੀ ਪੱਕੀ ਤਾਕੀਦ ਕੀਤੀ।

ਆਪਣੀ ਸੱਚ ਖੰਡ ਵਾਪਸੀ ਦੇ ਸਮੇ ਤੋਂ ਚੋਖਾ ਚਿਰ ਪਹਿਲਾਂ ਆਪ ਜੀ ਨੇ ਲਹਿਣਾ ਜੀ ਨੂੰ ਗੁਰਿਆਈ ਦੇ ਤਿਲਕ ਦੀ ਰਸਮ ਅਦਾ ਕਰਨ ਦਾ ਫੈਸਲਾ ਕਰ ਲਿਆ। ਉਨ੍ਹਾਂ ਨੇ ਹਾੜ ਵਦੀ ੧੩ ( ੧੭ ਹਾੜ ) ਸੰਮਤ ੧੫੯੬, ਮੁਤਾਬਕ ੧੪ ਜੂਨ ੧੫੩੯ ਨੂੰ ਸ੍ਰੀ ਲਹਿਣਾ ਜੀ ਨੂੰ ਗੁਰ- ਗੱਦੀ ਤੇ ਬਿਰਾਜਮਾਨ ਕਰਾਇਆ। ਉਨ੍ਹਾਂ ਦੇ ਅੱਗੇ ਪੰਜ ਪੈਸੇ ਤੇ ਨਰੇਲ ਰੱਖ ਕੇ ਮੱਥਾ ਟੇਕਿਆ। ਬਾਬਾ ਬੁਢਾ ਜੀ ਨੇ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਗਾਣ ਦੀ ਰਸਮ ਸੰਪੂਰਣ ਕੀਤੀ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸ੍ਰੀ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਦੀ ਬਖਸ਼ਸ਼ ਕੀਤੀ।

ਭਾਈ ਗੁਰਦਾਸ ਜੀ ਲਿਖਦੇ ਹਨ:-

*ਥਾਪਿਆ ਲਹਿਣਾ ਜੀਂਵਦੇ, ਗੁਰਿਆਈ ਸਿਰਿ ਛਤ੍ਰ ਫਿਰਾਇਆ।*
*ਜੋਤੀ ਜੋਤਿਮਿਲਾਇ ਕੈ, ਸਤਿਗੁਰ ਨਾਨਕ ਰੂਪ ਵਟਾਇਆ॥*



**ਇਹਨਾਂ ਪਰਤਾਵਿਆਂ ਅਤੇ ਪ੍ਰੀਖਿਆਵਾਂ ਨੇ ਗੁਰੂ ਸਾਹਿਬ ਦੇ ਦਿਲ ਵਿੱਚ ਸ੍ਰੀ ਲਹਿਣਾ ਜੀ ਦੀ ਨਿਸ਼ਕਾਮ ਸੇਵਾ, ਕਿਰਤ, ਨਾਮ ਬਾਣੀ, ਸੇਵਾ ਭਗਤੀ, ਮਿਠ ਬੋਲੜਾ ਸੁਭਾਵ, ਆਗਿਆ ਪਾਲਣ ਅਤੇ ਹੁਕਮ ਮੰਨਣ ਦੇ ਗੁਣ ਨੇ ਐਸਾ ਪ੍ਰਭਾਵ ਪਾਇਆ ਕਿ ਉਹਨਾਂ ਨੂੰ ਯਕੀਨ ਹੋ ਗਿਆ ਕਿ ਸ੍ਰੀ ਲਹਿਣਾ ਜੀ ਵਿਚ ਹੀ ਗੁਰਗੱਦੀ ਦੀ ਪੂਰਨ ਯੋਗਤਾ ਹੈ। ਗੁਰੂ ਸਾਹਿਬ ਇਕ ਨਵੀ ਕੌਮ ਸਾਜਣੀ ਅਤੇ ਉਸਾਰਣੀ ਚਾਹੁੰਦੇ ਸਨ ਜਿਸ ਲਈ ਇਕ ਯੋਗ ਪੁਰਖ ਦੀ ਲੋੜ ਸੀ। ਇਸ ਲਈ ਉਹਨਾਂ ਨੇ ਹਰ ਪੱਖੋਂ ਲਹਿਣਾ ਜੀ ਨੂੰ ਯੋਗ ਪੁਰਖ ਸਮਝ ਕੇ ਚੋਣ ਬੜੇ ਗਹੁ ਨਾਲ ਕੀਤੀ। ਉਹਨਾ ਦੇ ਪਿਛੋਂ ਕੋਈ ਸ਼ਕ ਸ਼ੁਭੇ ਦੀ ਗੁੰਜਾਇਸ਼ ਨਾ ਰਹੇ, ਗੁਰੂ ਜੀ ਨੇ ਇਸ ਚੁਣੇ ਹੋਏ ਪੁਰਖ ਨੂੰ ਅਪਣੇ ਰੁ- ਬਰੂ ਗੁਰ- ਗੱਦੀ ਤੇ ਬਠਾਉਣ ਅਤੇ ਸਭ ਨੂੰ ਇਸ ਚੁਣੇ ਗਏ ਨੂੰ ਗੁਰੂ ਮੰਨਣ ਦੀ ਪੱਕੀ ਤਾਕੀਦ ਕੀਤੀ।**

# ਮੇਰੀ ਸਾਂਝੀ ਦੇ ਮੂੰਹ ਨੂਰ......



ਦੇਸ਼ 'ਚ ਮਨਾਏ ਜਾਂਦੇ ਤਿਓਹਾਰਾਂ 'ਚੋਂ 'ਸਾਂਝੀ ਮਾਈ' ਦਾ ਤਿਓਹਾਰ ਖ਼ਾਸ ਕਰ ਕੁਆਰੀਆਂ ਲੜਕੀਆਂ ਵੱਲੋਂ ਸ਼ਰਧਾ ਤੇ ਚਾਵਾਂ-ਮਲ੍ਹਾਰਾਂ ਨਾਲ ਮਨਾਇਆ ਜਾਂਦਾ ਹੈ। ਇਸ ਤਿਓਹਾਰ ਦੀ ਸ਼ੁਰੂਆਤ ਦੁਸਹਿਰੇ ਤੋਂ ਦਸ ਦਿਨ ਪਹਿਲਾਂ ਸ਼ੁਰੂ ਹੁੰਦੇ ਨਰਾਤਿਆਂ ਦੇ ਪਹਿਲੇ ਦਿਨ ਹੁੰਦੀ ਹੈ ਜਦੋਂਕਿ ਦੁਸਹਿਰੇ ਵਾਲੇ ਦਿਨ ਦੇ ਪਹੁ-ਫੁਟਾਲੇ ਨਾਲ ਇਹ ਤਿਓਹਾਰ ਖ਼ਤਮ ਹੋ ਜਾਂਦਾ ਹੈ। ਦੇਵੀ-ਦੇਵਤਿਆਂ ਨਾਲ ਜੁੜੀਆਂ ਇਤਿਹਾਸਕ/ਮਿਥਿਹਾਸਕ ਮਿੱਥਾਂ ਪੜ੍ਹਨ-ਸੁਣਨ 'ਤੇ 'ਸਾਂਝੀ ਮਾਈ' ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈ ਕਿ ਇਹ ਮਾਈ ਕੁਆਰੀਆਂ ਕੰਨਿਆਵਾਂ ਦੀ 'ਪੂਜਯਾ ਦੇਵੀ' ਸੀ। ਇਹ ਦੇਵੀ ਬਹੁਤ ਜ਼ਿਆਦਾ ਰੂਪਮਾਨ ਤੇ ਬੇਸ਼-ਕੀਮਤੀ ਗਹਿਣਿਆਂ ਨਾਲ ਕੱਜੀ ਰਹਿੰਦੀ ਸੀ। ਕੁਝ-ਕੁ ਥਾਵਾਂ 'ਤੇ ਸਾਂਝੀ ਮਾਈ ਨੂੰ ਮਾਂ ਦੁਰਗਾ ਦੇਵੀ ਦਾ ਹੀ ਇਕ ਕਲਿਆਣਕਾਰੀ ਰੂਪ ਦੱਸਿਆ ਗਿਆ ਹੈ। ਉੱਤਰ ਪ੍ਰਦੇਸ਼ 'ਚ ਪ੍ਰਚੱਲਿਤ ਧਾਰਨਾ ਅਨੁਸਾਰ 'ਸਾਂਝੀ ਮਾਈ' ਦਾ ਪੇਕਾ ਪਿੰਡ ਸਾਂਗਾਨੇਰ ਤੇ ਸਹੁਰਾ ਪਿੰਡ ਅਜਮੇਰ ਸੀ ਜਦੋਂਕਿ ਇਸ ਦੇ ਪਤੀ ਦਾ ਨਾਂ ਕਲਿਆਣ ਜੀ ਦੱਸਿਆ ਗਿਆ ਹੈ। ਰਾਜਸਥਾਨ ਦੀਆਂ ਲੜਕੀਆਂ ਇਸ ਤਿਓਹਾਰ ਨੂੰ 'ਗਰਾਮ ਦੇਵੀ' ਦੇ ਨਾਂ ਹੇਠ ਮਨਾਉਂਦੀਆਂ ਹਨ ਜਦੋਂਕਿ ਕਾਂਗੜਾ 'ਚ ਇਸ ਤਿਓਹਾਰ ਦਾ ਨਾਂ 'ਰਲ਼ੀ ਦਾ ਪੁਰਬ' ਹੈ।

ਪੰਜਾਬ 'ਚ ਸਾਂਝੀ ਮਾਈ ਦਾ ਤਿਓਹਾਰ ਮਨਾਉਣ ਸਮੇਂ ਲੜਕੀਆਂ ਵੱਲੋਂ ਜਿਹੜੇ ਪਰੰਪਰਿਕ ਗੀਤ ਗਾਏ ਜਾਂਦੇ ਹਨ ਉਨ੍ਹਾਂ 'ਚ ਸਾਂਝੀ ਮਾਈ ਦੇ ਵੰਸ਼ ਜਾਂ ਸਥਾਨ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਕਈ ਇਤਿਹਾਸਕਾਰਾਂ ਨੇ ਸਾਂਝੀ ਮਾਈ ਨੂੰ ਸਿੰਧ ਘਾਟੀ ਸੱਭਿਅਤਾ ਦੀ ਮਾਤਾ ਦੇਵੀ ਦਾ ਹੀ ਸਰੂਪ ਦੱਸਿਆ ਹੈ। ਸਾਂਝੀ ਮਾਈ ਤੇ ਉਸ ਨਾਲ ਜੁੜੀਆਂ ਧਾਰਨਾਵਾਂ ਭਾਵੇਂ ਵੱਖਰੀਆਂ-ਵੱਖਰੀਆਂ ਹਨ, ਪਰ ਲੜਕੀਆਂ ਵੱਲੋਂ ਇਹ ਤਿਓਹਾਰ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਣ ਦੀ ਪਰੰਪਰਾ ਸਦੀਆਂ ਤੋਂ ਚੱਲੀ ਆ ਰਹੀ ਹੈ।

ਦੁਸਹਿਰੇ ਤੋਂ ਦਸ ਦਿਨ ਪਹਿਲਾਂ ਅੱਸੂ ਮਹੀਨੇ ਦੀ ਮੱਸਿਆ ਵਾਲੇ ਦਿਨ ਲੜਕੀਆਂ ਦਾ ਸਮੂਹ ਚੀਕਣੀ ਮਿੱਟੀ ਦੇ ਬਣਾਏ ਚੰਦ-ਤਾਰਿਆਂ, ਟਿੱਕੀਆਂ ਨਾਲ ਕੰਧ ਉੱਪਰ ਕਾਲਪਨਿਕ ਔਰਤ ਦੀ ਮੂਰਤੀ ਬਣਾਉਂਦੀਆਂ ਹਨ ਜੋ ਉਨ੍ਹਾਂ ਲਈ 'ਸਾਂਝੀ ਮਾਈ' ਦੀ ਸੰਪੂਰਨ ਤਸਵੀਰ ਹੁੰਦੀ ਹੈ। ਇਸ ਦਿਨ ਨਰਾਤੇ ਵੀ ਸ਼ੁਰੂ ਹੋ ਜਾਂਦੇ ਹਨ ਤੇ ਲੜਕੀਆਂ ਕੋਰੇ ਬਰਤਨਾਂ 'ਚ ਮਿੱਟੀ ਪਾ ਕੇ ਜੌਂਅ ਬੀਜਦੀਆਂ ਹਨ ਜਿਸ ਨੂੰ 'ਖੇਤਰੀ' ਆਖਿਆ ਜਾਂਦਾ ਹੈ। ਕੰਧ ਨੂੰ ਲਿੱਪ-ਪੋਚ ਕੇ ਬਣਾਈ ਗਈ ਸਾਂਝੀ ਮਾਈ ਦੀ ਆਕ੍ਰਿਤੀ ਦੀ ਸਜਾਵਟ ਕਰਨ ਲਈ ਸਿੱਪੀਆਂ-ਘੋਗੇ, ਕੌਡੀਆਂ, ਕੱਚ ਦੀਆਂ ਵੰਗਾਂ ਦੇ ਟੋਟਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹੱਥੀਂ ਬਣਾਏ ਹੋਏ ਫੁੱਲਦਾਰ ਬੂਟੇ, ਜਾਨਵਰਾਂ, ਚਿੜੀ-ਤੋਤਿਆਂ ਨੂੰ ਆਕ੍ਰਿਤੀ ਦੇ ਆਲੇ-ਦੁਆਲੇ ਚਿਪਕਾ ਕੇ ਬੜੀਆਂ ਰੀਝਾਂ ਨਾਲ ਸਜਾਵਟ ਕੀਤੀ ਜਾਂਦੀ ਹੈ। ਕੰਧ 'ਤੇ ਬਣਾਈ ਗਈ ਮਾਤਾ ਦੀ ਆਕ੍ਰਿਤੀ ਸੁੱਕ ਜਾਣ 'ਤੇ ਪੀਲੀ ਮਿੱਟੀ, ਕ੍ਰਿਮਚੀ, ਹਲਦੀ ਤੇ ਸੰਧੂਰ ਆਦਿ ਨਾਲ ਰੰਗ ਕਰਨ ਤੋਂ ਇਲਾਵਾ ਰੰਗ-ਬਿਰੰਗੇ ਕਾਗਜ਼ਾਂ ਦੇ ਟੁਕੜਿਆਂ ਨਾਲ ਦੁਪੱਟਾ, ਘੱਗਰਾ-ਚੋਲੀ ਨਾਲ ਸਾਂਝੀ ਮਾਈ ਦੀ ਆਕ੍ਰਿਤੀ ਨਵ-ਵਿਆਹੁਤਾ ਵਾਂਗ ਸ਼ਿੰਗਾਰੀ ਜਾਂਦੀ ਹੈ। ਲੜਕੀਆਂ ਬੜੀ ਸ਼ਰਧਾ ਤੇ ਰੀਝਾਂ ਨਾਲ ਆਕ੍ਰਿਤੀ ਦੀ ਸਜਾਵਟ ਕਰਦੀਆਂ ਹਨ।

ਜਿਸ ਲੜਕੀ ਦੇ ਘਰ 'ਸਾਂਝੀ ਮਾਈ' ਦੀ ਮੂਰਤੀ ਸਜਾਈ ਹੁੰਦੀ ਹੈ, ਸ਼ਾਮ ਸਮੇਂ ਬਾਕੀ ਲੜਕੀਆਂ ਤੇ ਛੋਟੇ ਬੱਚੇ ਟੋਲੀਆਂ ਦੇ ਰੂਪ 'ਚ ਉਸ ਘਰ ਜਾਂਦੇ ਹਨ। ਖ਼ਾਸ ਕਰ ਕੁਆਰੀਆਂ ਲੜਕੀਆਂ ਬੜੀ ਸ਼ਰਧਾ ਭਾਵਨਾ ਨਾਲ ਮੂਰਤੀ ਮੂਹਰੇ ਬੈਠ ਆਰਤੀ ਉਤਾਰਦੀਆਂ ਹੋਈਆਂ ਜਿੱਥੇ ਮਾਈ ਦਾ ਗੁਣਗਾਨ ਕਰਦੀਆਂ ਹਨ ਉੱਥੇ ਸੁਸ਼ੀਲ, ਸੁਨੱਖੇ, ਚਿਰੰਜੀਵੀ ਤੇ ਹਾਣ ਦੇ ਵਰ ਦੀ ਕਾਮਨਾ ਕਰਦੀਆਂ ਹੋਈਆਂ ਗੀਤ ਗਾਉਂਦੀਆਂ ਹਨ:

***ਡੋਲਾ ਡੋਲੜੀਆਂ ਵੇ,***
***ਡੋਲਾ ਭਰਿਆ ਸੰਧੂਰ***
***ਮੇਰੀ ਸਾਂਝੀ ਦੇ ਮੂੰਹ ਨੂਰ।***
***ਮੇਰੀ ਸਾਂਝੀ ਦੇ ਮਨ ਧੀਰ,***
***ਜਿਉਣ ਸਾਂਝੀ ਦੇ ਵੀਰ।***

ਆਰਤੀ ਲਗਪਗ ਅੱਧਾ ਘੰਟਾ ਕੀਤੀ ਜਾਂਦੀ ਹੈ। ਉਪਰੰਤ ਸਾਂਝੀ ਮਾਈ ਨੂੰ ਉਸ ਪੰਜੀਰੀ, ਖਿੱਲਾਂ-ਪਤਾਸੇ ਜਾਂ ਮਿੱਠੇ-ਪਕਵਾਨਾਂ ਦਾ ਭੋਗ ਲਵਾਇਆ ਜਾਂਦਾ ਹੈ ਜੋ ਵਾਰੀ ਸਿਰ ਹਰ ਲੜਕੀ ਆਪਣੇ ਘਰੋਂ ਤਿਆਰ ਕਰ ਕੇ ਲਿਆਉਂਦੀ ਹੈ। ਪਕਵਾਨ ਪ੍ਰਸ਼ਾਦ ਦੇ ਰੂਪ 'ਚ ਬੱਚਿਆਂ 'ਚ ਵੰਡੇ ਜਾਂਦੇ ਹਨ। ਸਾਂਝੀ ਮਾਈ ਦੀ ਪੂਜਾ ਨੌਂ ਦਿਨ ਹਰ ਸ਼ਾਮ ਨੂੰ ਬੜੀ ਸ਼ਰਧਾ ਨਾਲ ਕੀਤੀ ਜਾਂਦੀ ਹੈ।

ਦੁਸਹਿਰੇ ਤੋਂ ਇਕ ਦਿਨ ਪਹਿਲਾਂ ਭਾਵ ਕਿ ਨੌਵੇਂ ਨਰਾਤੇ ਦੇ ਦਿਨ ਦੀ ਸ਼ਾਮ ਲੜਕੀਆਂ ਲਈ ਸੋਗਮਈ ਸ਼ਾਮ ਹੁੰਦੀ ਹੈ ਕਿਉਂਕਿ ਸਾਂਝੀ ਮਾਈ ਦੀ ਪੂਜਾ ਦਾ ਉਸ ਦਿਨ ਆਖ਼ਰੀ ਦਿਨ ਹੁੰਦਾ ਹੈ। ਇਸ ਦਿਨ ਲੜਕੀਆਂ ਦੇ ਮਨਾਂ ਵਿਚ ਪਹਿਲੇ ਦਿਨਾਂ ਵਰਗਾ ਉਤਸ਼ਾਹ ਨਹੀਂ ਹੁੰਦਾ। ਇਸ ਦਿਨ ਸਮੁੱਚੀਆਂ ਲੜਕੀਆਂ ਆਪੋ-ਆਪਣੇ ਘਰਾਂ ਵਿਚੋਂ ਸ਼ੱਕਰ-ਚਾਵਲ, ਪੰਜੀਰੀ, ਖਿੱਲਾਂ-ਪਤਾਸੇ ਜਾਂ ਹੋਰ ਮਿੱਠੇ ਪਕਵਾਨ ਤਿਆਰ ਕਰਕੇ ਲੈ ਕੇ ਜਾਂਦੀਆਂ ਹਨ। ਸਾਂਝੀ ਮਾਈ ਦੀ ਮਹਿਮਾ ਵਾਲੇ ਗੀਤ, ਆਰਤੀ ਜਾਂ ਪੂਜਾ ਵਗੈਰਾ ਕਰਨ ਉਪਰੰਤ ਮਿੱਠੇ ਪਕਵਾਨਾਂ ਦਾ 'ਮਾਈ' ਨੂੰ ਭੋਗ ਲਗਾਉਣ ਉਪਰੰਤ ਸਾਰੀਆਂ ਲੜਕੀਆਂ ਅਤੇ ਛੋਟੇ ਬੱਚੇ ਮਿਲ-ਬੈਠ ਛਕ ਲੈਂਦੇ ਹਨ। ਇਸ ਉਪਰੰਤ ਲੜਕੀਆਂ ਸਾਂਝੀ ਮਾਈ ਦੀ ਅਕ੍ਰਿਤੀ ਕੰਧ ਉਪਰੋਂ ਲਾਹ ਕੇ ਇਕ ਅਣਲੱਗ ਕੱਪੜੇ 'ਚ ਬੰਨ੍ਹ ਰੱਖ ਦਿੰਦੀਆਂ ਹਨ।

ਦਸਵਾਂ ਨਰਾਤਾ, ਜਿਸ ਦਿਨ ਦੁਸਹਿਰੇ ਦਾ ਤਿਉਹਾਰ ਹੁੰਦਾ ਹੈ, ਲੜਕੀਆਂ ਪਹੁ-ਫੁੱਟਣ ਤੋਂ ਪਹਿਲਾਂ ਸਬੰਧਿਤ ਘਰ ਵਿਚ ਇਕੱਤਰ ਹੁੰਦੀਆਂ ਹਨ ਤੇ ਬੱਚਿਆਂ ਦੀ ਬਹੁਤਾਤ ਕਾਰਨ ਇਕ ਹਜੂਮ ਬਣ ਜਾਂਦਾ ਹੈ। ਸਾਂਝੀ ਮਾਈ ਦੀ ਆਕ੍ਰਿਤੀ ਨੂੰ ਟੋਭੇ ਜਾਂ ਸੂਏ ਦੇ ਪਾਣੀ 'ਚ ਤਾਰਨ ਲਈ ਲਿਜਾਇਆ ਜਾਂਦਾ ਹੈ ਤੇ ਬੱਚੇ ਪਟਾਖੇ ਅਤੇ ਆਤਿਸ਼ਬਾਜ਼ੀ ਵੀ ਚਲਾਉਂਦੇ ਹਨ ਜਦੋਂਕਿ ਲੜਕੀਆਂ ਮਾਈ ਦੇ ਗੁਣਗਾਨ ਵਾਲੇ ਗੀਤ, ਟੱਪੇ ਗਾਉਂਦੀਆਂ ਜਾਂਦੀਆਂ ਹਨ। ਸੂਰਜ ਚੜ੍ਹਨ 'ਤੇ ਲੜਕੀਆਂ ਉਹ ਜੌਂਅ, ਜਿਹੜੇ ਕਿ ਸਾਂਝੀ ਮਾਈ ਦੀ ਆਕ੍ਰਿਤੀ ਬਣਾਉਣ ਵਾਲੇ ਦਿਨ ਕੋਰੇ ਬਰਤਨਾਂ 'ਚ ਬੀਜੇ ਹੁੰਦੇ ਹਨ, ਆਪਣੇ ਭਰਾਵਾਂ ਤੇ ਹੋਰ ਅੰਗਾਂ-ਸਾਕਾਂ ਦੀਆਂ ਪੱਗਾਂ ਵਿਚ ਟੁੰਗਦੀਆਂ ਹਨ ਅਤੇ ਜੌਂਅ ਟੁੰਗਾਈ ਵਜੋਂ ਰੁਪਇਆਂ ਦਾ ਸ਼ਗਨ ਵੀ ਲੈਂਦੀਆਂ ਹਨ। ਇਸ ਤਰ੍ਹਾਂ ਕੁੜੀਆਂ-ਚਿੜੀਆਂ ਦਾ ਸ਼ਰਧਾ ਭਾਵਨਾ ਵਾਲਾ ਸਾਂਝੀ ਮਾਈ ਦਾ ਇਹ ਤਿਉਹਾਰ ਖ਼ਤਮ ਹੋ ਜਾਂਦਾ ਹੈ।

***ਜਰਨੈਲ ਸਿੰਘ ਨੂਰਪੁਰਾ***

# ਨੀਅਤ

ਜਿਹੜੇ ਦੇਸ਼ ਦੀ ਇਹ ਕਹਾਣੀ ਹੈ ਉਹਦੀ ਵਿਸ਼ੇਸ਼ਤਾ ਇਹ ਸੀ ਕਿ ਉਹਦੇ ਸਾਰੇ ਹਿੱਸਿਆਂ ਵਿਚ ਸਦਾ ਉਹੀ ਮੌਸਮ ਰਹਿੰਦਾ ਸੀ ਜਿਹੜਾ ਉਹਦੀ ਰਾਜਧਾਨੀ ਵਿਚ ਹੁੰਦਾ ਸੀ! ਰਾਜਧਾਨੀ ਵਿਚ ਧੁੱਪ ਨਿਕਲ ਰਹੀ ਹੋਵੇ ਤਾਂ ਕੀ ਮਜਾਲ ਕਿ ਦੇਸ਼ ਦੇ ਕਿਸੇ ਕੋਨੇ ਵਿਚ ਆਪਣੀਆਂ ਅੱਖਾਂ ਸਾਹਵੇਂ ਵਰਖਾ ਹੁੰਦੀ ਵੇਖ ਕੇ ਵੀ ਕੋਈ ਇਹ ਕਹਿਣ ਦੀ ਜੁਰੱਅਤ ਕਰੇ ਕਿ ਇੱਥੇ ਧੁੱਪ ਨਹੀਂ ਨਿਕਲੀ ਹੈ।

ਕਹਿਣ ਨੂੰ ਤਾਂ ਇਸ ਦੇਸ਼ ਦੇ ਇਕ ਦੁਰਾਡੇ ਕੋਨੇ ਵਿਚ ਮੌਸਮ ਵਿਗਿਆਨ ਕੇਂਦਰ ਮੌਜੂਦ ਸੀ ਜਿਸ ਵਿਚ ਮੌਸਮ ਦੀ ਖ਼ਬਰ ਸਾਰ ਰੱਖਣ ਵਾਲੇ ਕੁਝ ਯੰਤਰ ਲੱਗੇ ਹੋਏ ਸਨ। ਇਸ ਕੇਂਦਰ ਦੇ ਨੇੜੇ ਹੀ ਉਸ ਦਾ ਮੈਨੇਜਰ ਰਹਿੰਦਾ ਸੀ। ਕੇਂਦਰ ਦੇ ਯੰਤਰਾਂ ਦੀ ਦੇਖਭਾਲ ਤੋਂ ਇਲਾਵਾ ਉਹ ਰੋਜ਼ ਮੌਸਮ ਦੀ ਰਿਪੋਰਟ ਵੀ ਲਿਖਦਾ ਸੀ ਤਾਂ ਕਿ ਸਨਦ ਰਹੇ ਤੇ ਲੋੜ ਪੈਣ 'ਤੇ ਕੰਮ ਆ ਸਕੇ।

ਨਵਾਂ ਮੈਨੇਜਰ ਇਕ ਇਮਾਨਦਾਰ ਨੌਜਵਾਨ ਸੀ! ਬਿਨਾ ਨਾਗਾ ਬੜੀ ਹੀ ਇਮਾਨਦਾਰੀ ਨਾਲ ਜਿਹੋ ਜਿਹਾ ਮੌਸਮ ਹੁੰਦਾ ਠੀਕ ਉਹੋ ਜਿਹੀ ਰਿਪੋਰਟ ਲਿਖ ਕੇ ਉਹ ਉੱਚ ਅਧਿਕਾਰੀਆਂ ਨੂੰ ਭੇਜ ਦਿੰਦਾ।

ਜਦੋਂ ਗਰਮੀ ਦੀ ਰੁੱਤ ਆਈ ਤਾਂ ਹਨੇਰੀ ਅਤੇ ਤੂਫ਼ਾਨ ਦੇ ਨਾਲ ਵਰਖਾ ਵੀ ਸ਼ੁਰੂ ਹੋ ਗਈ। ਮੈਨੇਜਰ ਨੇ ਆਪਣੀ ਰਿਪੋਰਟ ਵਿਚ ਹਨੇਰੀ ਅਤੇ ਤੂਫ਼ਾਨ ਦਾ ਜ਼ਿਕਰ ਵੀ ਕੀਤਾ ਤੇ ਵਰਖਾ ਦਾ ਵੀ।

ਇਕ ਦਿਨ ਉਹਨੂੰ ਉਸ ਤੋਂ ਵੱਡਾ ਅਤੇ ਤਜਰਬੇਕਾਰ ਸਹਿਯੋਗੀ ਮਿਲਣ ਆਇਆ! ਉਹਦੀਆਂ ਰਿਪੋਰਟਾਂ ਪੜ੍ਹਨ ਤੋਂ ਬਾਅਦ ਕਹਿਣ ਲੱਗਾ, "ਤੇਰੀਆਂ ਰਿਪੋਰਟਾਂ ਬੜੀਆਂ ਨਿਰਾਸ਼ਾਜਨਕ ਨੇ। ਸਮਝਿਆ, ਅੱਗੇ ਲਈ ਥੋੜ੍ਹਾ ਸਮਝ ਤੋਂ ਕੰਮ ਲੈ!"

ਨਵੇਂ ਮੈਨੇਜਰ ਦੀ ਸਮਝ ਵਿਚ ਅਜੇ ਵੀ ਕੁਝ ਨਹੀਂ ਸੀ ਪਿਆ। ਉਹ ਪਹਿਲਾਂ ਵਾਂਗ ਹੀ ਜਿਹੋ ਜਿਹਾ ਮੌਸਮ ਹੁੰਦਾ ਸੀ ਉਸੇ ਤਰ੍ਹਾਂ ਦੀ ਰਿਪੋਰਟ ਲਿਖ ਕੇ ਘੱਲ ਦਿੰਦਾ।

ਕੁਝ ਦਿਨਾਂ ਬਾਅਦ ਉਸ ਦੇ ਇਕ ਉੱਚ ਅਧਿਕਾਰੀ ਨੇ ਉਹਨੂੰ ਆਪਣੇ ਕੋਲ ਸੱਦਿਆ। ਜਦੋਂ ਉਹ ਉਸ ਉੱਚ ਅਧਿਕਾਰੀ ਦੇ ਘਰ ਪਹੁੰਚਿਆ ਤਾਂ ਉਹਨੂੰ ਦੇਖ ਕੇ ਅਧਿਕਾਰੀ ਨੇ ਆਖਿਆ, "ਤੈਨੂੰ ਇਸ ਲਈ ਲਾਇਆ ਗਿਆ ਹੈ ਕਿ ਤੇਰੀਆਂ ਰਿਪੋਰਟਾਂ ਹਮੇਸ਼ਾ



ਇਕਤਰਫ਼ਾ ਹੁੰਦੀਆਂ ਨੇ। ਫ਼ਸਲਾਂ ਵੱਢਣ ਵਾਲੀਆਂ ਹੋਈਆਂ ਪਈਆਂ ਨੇ ਅਤੇ ਤੂੰ ਵਰਖਾ ਦਾ ਰਾਗ ਅਲਾਪੀ ਜਾ ਰਿਹੈਂ! ਅਜਿਹੀਆਂ ਰਿਪੋਰਟਾਂ ਨਾਲ ਕਿਸਾਨਾਂ 'ਤੇ ਬੁਰਾ ਅਸਰ ਪੈ ਸਕਦੈ।"

"ਪਰ ਜਦੋਂ ਬਾਰਿਸ਼ ਹੋ ਹੀ ਰਹੀ ਹੋਵੇ ਫੇਰ ਤਾਂ...!"

"ਬਕਵਾਸ ਬੰਦ ਕਰ!" ਅਧਿਕਾਰੀ ਨੇ ਗੁੱਸੇ ਨਾਲ ਮੇਜ਼ 'ਤੇ ਮੁੱਕਾ ਮਾਰਦਿਆਂ ਕਿਹਾ, "ਤੇਰੀਆਂ ਸਭ ਰਿਪੋਰਟਾਂ ਮੇਰੇ ਕੋਲ ਨੇ। ਤੂੰ ਚੰਗਾ ਮੈਨੇਜਰ ਤਾਂ ਹੈ, ਪਰ ਤੂੰ ਬੰਦਾ ਬੜਾ ਬੋਦਾ ਹੈਂ। ਪਰ ਹੁਣ ਤੇਰਾ ਇਹ ਨਿਰਾਸ਼ਾਵਾਦ ਹੋਰ ਨਹੀਂ ਚਲੇਗਾ।" ਮੈਨੇਜਰ ਆਪਣਾ ਢਿੱਲਾ ਜਿਹਾ ਮੂੰਹ ਲੈ ਕੇ ਪਰਤ ਆਇਆ। ਅਗਲੇ ਦਿਨ ਮੌਸਮ ਵਿਚ ਸੁਧਾਰ ਹੋਇਆ ਅਤੇ ਮੀਂਹ ਰੁਕ ਗਿਆ। ਇਹ ਦੇਖ ਕੇ ਉਹਨੂੰ ਬੜੀ ਖ਼ੁਸ਼ੀ ਹੋਈ ਅਤੇ ਉਹਨੇ ਆਪਣੀ ਰਿਪੋਰਟ 'ਚ ਲਿਖਿਆ: ਬਾਰਿਸ਼ ਪੂਰੀ ਤਰ੍ਹਾਂ ਰੁਕ ਗਈ ਹੈ। ਇਹ ਵੀ ਮੰਨਣਾ ਪਏਗਾ ਕਿ ਪਿਛਲੇ ਦਿਨਾਂ ਵਿਚ ਕੋਈ ਜ਼ਿਆਦਾ ਵਰਖਾ ਨਹੀਂ ਹੋਈ ਉਹਨੂੰ ਬੂੰਦਾਬਾਂਦੀ ਹੀ ਆਖਿਆ ਜਾ ਸਕਦਾ ਹੈ। ਹੁਣ ਬੜੀ ਤੇਜ਼ ਧੁੱਪ ਨਿਕਲੀ ਹੋਈ ਹੈ।

ਧੁੱਪ ਸੱਚਮੁੱਚ ਹੀ ਤੇਜ਼ ਸੀ ਅਤੇ ਮੈਨੇਜਰ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ।

ਪਰ ਸ਼ਾਮ ਹੁੰਦੇ ਹੁੰਦੇ ਫਿਰ ਠੰਢੀ ਹਵਾ ਚਲਣ ਲੱਗੀ। ਠੰਢ ਕਾਰਨ ਮੈਨੇਜਰ ਸਾਰੀ ਰਾਤ ਠੁਰਠੁਰ ਕੰਬਦਾ ਰਿਹਾ, ਪਰ ਜਦੋਂ ਅਗਲੇ ਦਿਨ ਰਿਪੋਰਟ ਲਿਖਣ ਦਾ ਵਕਤ ਆਇਆ ਤਾਂ ਉਹਨੇ ਰਿਪੋਰਟ ਵਿਚ ਲਿਖਿਆ: "ਧੁੱਪ ਹਮੇਸ਼ਾਂ ਦੀ ਤਰ੍ਹਾਂ ਹੀ ਨਿਕਲੀ! ਉਂਝ ਵੀ ਕੋਈ ਕੋਪਰਨੀਕਸ ਸਾਹਿਬ ਫ਼ਰਮਾ ਗਏ ਹਨ ਕਿ ਸੂਰਜ ਕਦੀ ਵੀ ਨਹੀਂ ਡੁੱਬਦਾ ਅਤੇ ਹਮੇਸ਼ਾ ਹੀ ਚਮਕਦਾ ਰਹਿੰਦਾ ਹੈ ਸਿਰਫ਼..."

ਬਸ ਇਸ ਤੋਂ ਅੱਗੇ ਉਸ ਤੋਂ ਲਿਖਿਆ ਨਹੀਂ ਗਿਆ! ਉਹਦਾ ਮਨ ਉਸ ਨੂੰ ਫਿਟਕਾਰਾਂ ਪਾ ਰਿਹਾ ਸੀ! ਉਸ ਦਾ ਚਿਤ ਬੜਾ ਦੁਖੀ ਸੀ! ਤਦ ਆਸਮਾਨ ਵਿਚ ਬਿਜਲੀ ਚਮਕੀ! ਉਸ ਦੀ ਇਮਾਨਦਾਰੀ ਦੀ ਭਾਵਨਾ ਫਿਰ ਉਹਨੂੰ ਅੰਦਰੋਂ ਕੁਰੇਦਣ ਲੱਗੀ! ਉਸ ਨੇ ਰਿਪੋਰਟ ਦੁਬਾਰਾ ਲਿਖੀ! ਉਸ ਵਿਚ ਉਸ ਨੇ ਸਿਰਫ਼ ਇਕ ਵਾਕ ਲਿਖਿਆ: "ਸ਼ਾਮ ਦੇ ਪੰਜ ਵੱਜੇ ਹਨ! ਆਕਾਸ਼ ਵਿਚ ਬਿਜਲੀ ਚਮਕ ਰਹੀ ਹੈ ਅਤੇ ਬੱਦਲ ਗਰਜ ਰਹੇ ਹਨ!"

ਅਗਲੇ ਦਿਨ ਫਿਰ ਤੂਫ਼ਾਨ ਆਇਆ! ਉਸ ਨੇ ਉਹਦੀ ਵੀ ਰਿਪੋਰਟ ਭੇਜੀ! ਉਸ ਤੋਂ ਅਗਲੇ ਦਿਨ ਤੂਫ਼ਾਨ ਤਾਂ ਨਹੀਂ ਆਇਆ, ਪਰ ਗੜੇ ਡਿੱਗੇ! ਉਸ ਨੇ ਆਪਣੀ ਰਿਪੋਰਟ ਵਿਚ ਇਸ ਦਾ ਵੀ ਜ਼ਿਕਰ ਕੀਤਾ! ਇਹ ਰਿਪੋਰਟਾਂ ਲਿਖ ਕੇ ਜਦ ਉਸ ਨੇ ਭੇਜੀਆਂ ਤਾਂ ਉਹਨੂੰ ਡੂੰਘੀ ਆਤਮਿਕ ਤਸੱਲੀ ਜਿਹੀ ਮਹਿਸੂਸ ਹੋਈ ਅਤੇ ਇਹ ਆਤਮਿਕ ਤਸੱਲੀ ਉਸ ਨੂੰ ਤਦ ਤਕ ਮਹਿਸੂਸ ਹੁੰਦੀ ਰਹੀ ਜਦੋਂ ਤਕ ਡਾਕੀਏ ਨੇ ਇਕ ਸਰਕਾਰੀ ਲਿਫ਼ਾਫ਼ਾ ਉਸ ਦੇ ਹੱਥਾਂ ਵਿਚ ਨਾ ਲਿਆ ਫੜਾਇਆ।

ਇਸ ਵਾਰ ਪੱਤਰ ਸਿੱਧਾ ਰਾਜਧਾਨੀ ਤੋਂ ਆਇਆ ਸੀ। ਸਰਬਉੱਚ ਅਧਿਕਾਰੀ ਨੇ ਉਸ ਨੂੰ ਆਪਣੇ ਕੋਲ ਬੁਲਾਇਆ ਸੀ।

ਜਦੋਂ ਉਹ ਰਾਜਧਾਨੀ ਤੋਂ ਮੁੜਿਆ ਤਾਂ ਉਹਦੇ ਸਾਰੇ ਸੰਸੇ ਮੁੱਕ ਚੁੱਕੇ ਸਨ। ਹੁਣ ਉਹਦੇ ਮਨ ਵਿਚ ਕੋਈ ਦੁਬਿਧਾ ਬਾਕੀ ਨਹੀਂ ਸੀ।

ਫਿਰ ਉਹਦੀਆਂ ਰਿਪੋਰਟਾਂ ਵਿਚ ਅੱਛੇ ਅਤੇ ਅਨੁਕੂਲ ਮੌਸਮ ਦਾ ਹੀ ਜ਼ਿਕਰ ਹੁੰਦਾ। ਫਿਰ ਕੁਝ ਰਿਪੋਰਟਾਂ ਤਾਂ ਉਹਨੇ ਕਵਿਤਾ ਵਿਚ ਲਿਖ ਕੇ ਵੀ ਭੇਜੀਆਂ, ਪਰ ਦੋ ਮਹੀਨਿਆਂ ਬਾਅਦ ਉਹਨੇ ਜੋ ਰਿਪੋਰਟ ਭੇਜੀ ਉਹਨੂੰ ਪੜ੍ਹ ਕੇ ਉਹਦੇ ਉੱਚ ਅਧਿਕਾਰੀ ਦੰਗ ਰਹਿ ਗਏ।

ਰਿਪੋਰਟ ਦੇ ਸ਼ੁਰੂ ਵਿਚ ਉਸ ਨੇ ਟਾਈਪ ਕੀਤਾ ਸੀ: 'ਮੋਹਲੇਧਾਰ ਵਰਖਾ ਅਤੇ ਝੜੀ ਵਾਲਾ ਤੂਫ਼ਾਨ।'

ਫਿਰ ਘੜੀਸਵੇਂ ਸ਼ਬਦਾਂ ਵਿਚ ਹੱਥ ਨਾਲ ਲਿਖਿਆ ਸੀ: "ਪਰ ਪਿੰਡ ਦੀ ਵਿਧਵਾ ਨੇ ਜਿਹੜੇ ਬੱਚੇ ਨੂੰ ਜਨਮ ਦਿੱਤਾ ਹੈ ਉਹ ਤਕੜਾ ਹੈ ਹਾਲਾਂਕਿ ਕਿਸੇ ਨੂੰ ਵੀ ਉਹਦੇ ਬਚਣ ਦੀ ਉਮੀਦ ਨਹੀਂ ਸੀ।"

ਵਿਭਾਗੀ ਜਾਂਚ ਤੋਂ ਪਤਾ ਲੱਗਿਆ ਕਿ ਇਹ ਰਿਪੋਰਟ ਉਹਨੇ ਉਸ ਸ਼ਰਾਬ ਦੇ ਨਸ਼ੇ ਵਿਚ ਲਿਖੀ ਸੀ ਜਿਹੜੀ ਉਹਨੇ ਆਪਣੇ ਕੇਂਦਰ ਦੇ ਯੰਤਰਾਂ ਨੂੰ ਵੇਚ ਕੇ ਲਈ ਸੀ।

ਬੰਦਾ ਵਾਕਈ ਇਮਾਨਦਾਰ ਸੀ।

***ਸ਼ਮਸ਼ੇਰ ਚਾਹਿਲ***

# 11 ਅਕਤੂਬਰ ਨੂੰ ਸਿਡਨੀ ਵਿਚ ਸਾਰੇ ਪੰਜਾਬੀਆਂ ਨੇ ਸਾਂਝੇ ਤੌਰ ਤੇ ਇਕ ਸਮਾਗਮ ਕੀਤਾ ਜਿਸ ਵਿਚ ਪੰਜਾਬ 'ਚ ਚੱਲ ਰਹੇ ਕਿਸਾਨੀ ਅੰਦੋਲਨ ਦਾ ਪੂਰਨ ਸਮਰਥਨ ਕੀਤਾ ਗਿਆ

ਸਿਡਨੀ: ਇਸ ਸਮਾਗਮ ਵਿਚ ਸਾਰੀਆਂ ਸੰਸਥਾਵਾਂ, ਹਰ ਵਰਗ ਦੇ ਕਿੱਤਾਕਾਰ ਤੇ ਬਜ਼ੁਰਗ ਨੌਜਵਾਨ ਸਭ ਸ਼ਾਮਿਲ ਹੋਏ। ਸਭਨੇ ਸਮੂਹਿਕ ਰੂਪ 'ਚ ਪੰਜਾਬ ਦੇ ਹਰ ਕਿਸਾਨ ਤੇ ਮਜਦੂਰ ਨੂੰ ਸੁਨੇਹਾ ਭੇਜਿਆ ਕਿ ਇਸ ਬਿਪਤਾ ਦੀ ਘੜੀ 'ਚ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਾ ਕਰੇ, ਸਿਡਨੀ ਵਸਦੇ ਸਾਰੇ ਪੰਜਾਬੀ ਓਹਨਾਂ ਦੇ ਨਾਲ ਖੜ੍ਹੇ ਹਨ।

ਭਾਰਤ ਸਰਕਾਰ ਵਲੋਂ ਪਾਸ ਕੀਤੇ ਕਿਸਾਨ ਵਿਰੋਧ ਬਿੱਲਾਂ ਦਾ ਡਟਵਾਂ ਵਿਰੋਧ ਕੀਤਾ ਗਿਆ ਤੇ ਬੜੇ ਚੇਤਨ ਮਨ ਨਾਲ ਬੁਲਾਰਿਆਂ ਨੇ ਹਦਾਇਤ ਕੀਤੀ ਕਿ ਕਿਸਾਨੀ ਸਮਰਥਕ ਕੋਈ ਵੀ ਲੀਡਰ, ਸਮਾਜ ਸੇਵੀ ਜਾਂ ਗਾਉਣ ਵਾਲਾ ਜੇ ਅੰਤ ਸਮੇਂ ਵਿਚ ਵਿਕ ਗਿਆ ਤਾਂ ਅਸੀ ਉਨ੍ਹੰ ਆਸਟਰੇਲੀਆ ਵਿਚ ਵੜ੍ਹਨ ਜੋਗਾ ਨਹੀਂ ਛੱਡਾਂਗੇ। ਮੰਚ ਤੋਂ ਸ਼ੰਭੂ ਮੋਰਚੇ ਤੇ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਆਪਸੀ ਤਾਲਮੇਲ ਬਣਾ ਕੇ ਕਿਸਾਨੀ ਝੰਡੇ ਹੇਠ ਲਾਮਵੰਦ ਹੋਣ ਦੀ ਅਪੀਲ ਕੀਤੀ ਗਈ।

ਅਸੀਂ ਧੰਨਵਾਦ ਕਰਦੇ ਹਾਂ ਇਸ ਕਾਰਜ ਲਈ ਸਹਿਯੋਗੀ ਸੱਜਣਾਂ ਦਾ, ਜਿਵੇਂ ਕਿ ਨਵਪ੍ਰੀਤ ਸਿੰਘ ਤੇ ਬਲਵੀਰ ਪਵਾਰ ਦਾ ਜਿਹਨਾਂ ਨੇ ਇਕੱਠ ਨੂੰ ਚਾਹ ਪਾਣੀ ਦੀ ਸੇਵਾ ਕੀਤੀ, ਬਲਜਿੰਦਰ ਬਾਜ਼ ਅਤੇ ਸੁਮਿਤ ਪਾਲ ਸਿੰਘ ਦਾ ਫੋਟੋਗ੍ਰਾਫੀ ਲਈ, ਤੇ ਸਾਰੇ ਜਾਗਦੀ ਜ਼ਮੀਰ ਵਾਲੇ ਲੋਕਾਂ ਦਾ ਬਿਪਨ ਭੁੱਲਰ, ਅਮਰ ਸਿੰਘ, ਜਗਵਿੰਦਰ ਸਿੰਘ, ਜਸਵਿੰਦਰ ਸਿੰਘ ਮਾਨ, ਜਗਦੀਪ ਬਾਵਾ, ਅਰਵਿੰਦਰ ਸਿੰਘ ਬਦੇਸ਼ਾ, ਮਨਿੰਨਦਰ ਸਿੰਘ, ਜਸਵਿੰਦਰ ਸਿੰਘ ਭੋਗਲ, ਪ੍ਰਭਜੋਤ ਸਿੰਘ ਸਿਡਨੀ, ਬਲਰਾਜ ਸੰਘਾ, ਜੇ.ਪੀ. ਸਿਡਨੀ, ਜਗਦੀਸ਼ ਤੂਰ, ਅਮਰਿੰਦਰ ਸਿੱਧੂ, ਅਵਤਾਰ ਐੱਸ. ਸੰਘਾ, ਰਣਜੀਤ ਸਿੰਘ ਬੈਨੀ, ਸੁਰਜੀਤ ਸਿੰਘ, ਪ੍ਰੀਤ ਸਰਗਮ ਦੇਵ ਸਿੱਧੂ, ਬਿਪਨ ਭੁੱਲਰ ਸਵਰਨ ਬਰਨਾਲਾ, ਹਰਪ੍ਰੀਤ ਸਿੰਘ, ਅਮਨ ਬੈਨੀਪਾਲ, ਦਾਰਾ ਢਿੱਲੋਂ, ਚਰਨਜੀਤ ਸਿੰਘ, ਜਸਵੀਰ ਸਿੰਘ, ਲਵਦੀਸ਼ ਤੂਰ, ਸਤਪਾਲ ਬਾਜਵਾ ਤੇ ਹੋਰ ਸਭ ਸਤਕਾਰਤ ਸਖਸ਼ੀਅਤਾਂ ਦਾ। ਲਵਦੀਸ਼ ਤੂਰ ਨੇ ਪੰਜਾਬ ਵਿਚ ਕਿਸਾਨਾਂ ਦੀਆਂ ਹੋ ਰਹੀਆਂ ਖੁਦਕਸ਼ੀਆਂ ਉੱਤੇ ਵਿਸਥਾਰਪੂਰਵਕ ਚਾਨਣਾ ਪਾਇਆ।

**ਬਾਗੀ ਸੁਰਾਂ ਜਿਉਂਦੀਆਂ ਰਹਿਣਗੀਆਂ ਤਾਂ ਹੀ ਪੰਜਾਬ ਜਿਉਂਦਾ ਰਹੂ !**

-ਕੁਲਵਿੰਦਰ ਬਦੇਸ਼ਾ

















# ਸ਼੍ਰੋਮਣੀ ਅਕਾਲੀ ਦਲ ਦਾ ਇਕ ਸਦੀ ਦਾ ਇਤਿਹਾਸ

## 1920 ਤੋਂ 2020

## ਵਾਪਰਦਾ ਸਾਗਰ ਸਮਾਨ ਹੈ ਪਰ ਲਿਖਤ ਵਿਚ ਬੂੰਦ ਸਮਾਨ ਆਉਂਦਾ ਹੈ

ਅਸਲ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਆਪਸ ਵਿਚ ਤਾਣੇ ਪੇਟੇ ਸਮਾਨ ਹੈ। ਗੁਰਦੁਆਰਾ, ਸਿੱਖ ਪੰਥ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ, ਪੰਜਾਬ, ਇਹ ਸਾਰੇ ਸ਼ਬਦ ਇਕ ਦੂਜੇ ਵਿਚ ਇਸ ਤਰ੍ਹਾਂ



ਪ੍ਰੋਏ ਹੋਏ ਹਨ ਕਿ ਇਹਨਾਂ ਨੂੰ ਵੱਖਰਾ ਵੱਖਰਾ ਵਿਚਾਰਿਆ ਜਾਣਾ ਸੌਖਾ ਕਾਰਜ ਨਹੀਂ। ਆਪਾਂ ਇਸ ਛੋਟੇ ਜਿਹੇ ਲੇਖ ਵਿਚ ਸਿਰਫ ਸ਼੍ਰੋਮਣੀ ਅਕਾਲੀ ਦਲ ਬਾਰੇ ਹੀ ਗੱਲ ਕਰਦੇ ਹਾਂ।

ਅਠਾਰਵੀ ਸਦੀ ਦੌਰਾਨ ਜਦੋਂ ਸਿੰਘ ਜੰਗਲਾਂ ਵਿਚ ਵਿਚਰਨ ਲਈ ਮਜਬੂਰ ਸਨ, ਉਸ ਸਮੇ ਦੌਰਾਨ ਗੁਰਦੁਆਰਿਆਂ ਦੀ ਸੇਵਾ ਸੰਭਾਲ਼ ਨਿਰਮਲੇ ਅਤੇ ਉਦਾਸੀ ਸੰਤਾਂ/ਮਹੰਤਾਂ ਪਾਸ ਹੁੰਦੀ ਸੀ। ਵਾਰਸ ਸ਼ਾਹ ਦੇ ਬੋਲਾਂ ਵਿਚ, "ਜਦੋਂ ਦੇਸ ਦੇ ਜੱਟ ਸਰਦਾਰ ਹੋਏ ਘਰੋ ਘਰੀ ਜਾਂ ਨਵੀਂ ਸਰਕਾਰ ਹੋਈ।" ਪੰਜਾਬ ਵਿਚ ਅਜਿਹੇ ਸਿੱਖਾਂ ਦੀ ਸਰਦਾਰੀ ਸਮੇਂ ਅਤੇ ਫਿਰ ਸਿੱਖ ਰਾਜ ਦੇ ਆਉਣ ਨਾਲ਼ ਗੁਰਦੁਆਰਿਆਂ ਦੇ ਨਾਂ ਜ਼ਮੀਨਾਂ, ਚੜ੍ਹਾਵੇ ਆਦਿ ਨਾਲ਼, ਧਨ ਲੋੜੋਂ ਵਧੇਰੇ ਇਕੱਠਾ ਹੋਣਾ ਸ਼ੁਰੂ ਗਿਆ ਤਾਂ ਇਸ ਨਾਲ਼ ਬਹੁਤ ਸਾਰੇ ਸੰਤਾਂ/ਮਹੰਤਾਂ ਵਿਚ ਵੀ ਗਿਰਾਵਟ ਆ ਗਈ। ਸ਼ਕਤੀ ਕਿਸੇ ਵੀ ਤਰ੍ਹਾਂ ਦੀ ਹੋਵੇ ਅਕਸਰ ਬਹੁਤੇ ਮਨੁਖਾਂ ਨੂੰ ਭ੍ਰਿਸ਼ਟ ਕਰ ਦਿੰਦੀ ਹੈ। ਸੰਪੂਰਨ ਸ਼ਕਤੀ ਸੰਪੂਰਨਤਾ ਸਹਿਤ। ਇਸ ਧਨ ਦੀ ਸ਼ਕਤੀ ਨਾਲ਼ ਗੁਰਦੁਅਰਿਆਂ ਦੇ ਇਹਨਾਂ ਸੰਤਾਂ/ਮਹੰਤਾਂ ਵਿਚੋਂ ਵੀ ਬਹੁਤ ਸਾਰੇ ਭ੍ਰਿਸ਼ਟ ਹੋ ਗਏ ਸਨ। ਆਪਣੇ ਸਾਰੇ ਜੀਵਨ ਵਿਚ ਵੀ ਮਨੁਖ ਦਾ ਕਿਰਦਾਰ ਇਕਸਾਰ ਨਹੀਂ ਰਹਿੰਦਾ ਤੇ ਪੀਹੜੀ ਦਰ ਪੀਹੜੀ ਸੰਤਾਂ/ਮਹੰਤਾਂ ਦਾ ਕਿਰਦਾਰ ਵੀ ਆਪਣੇ ਤੋਂ ਪਹਿਲਿਆਂ ਵਰਗਾ ਕਿਵੇਂ ਰਹਿ ਸਕਦਾ ਸੀ! ਉਹਨਾਂ ਵਿਚੋਂ ਵੀ ਕਈ ਇਸ ਲੋੜੋਂ ਵੱਧ ਧਨ ਦੀ ਸ਼ਕਤੀ ਪ੍ਰਾਪਤ ਕਰਕੇ ਸਮੇ ਨਾਲ਼ ਭ੍ਰਿਸ਼ਟ ਹੁੰਦੇ ਗਏ। ਗੁਰਦੁਆਰਿਆਂ ਨੂੰ ਆਪਣੀ ਨਿਜੀ ਜਾਇਦਾਦ ਸਮਝ ਕੇ ਧਾਰਮਿਕ ਮਰਯਾਦਾ ਤੋਂ ਉਲ਼ਟ ਵਿਹਾਰ ਕਰਨ ਲੱਗ ਪਏ। ਗੁਰੂ ਧਾਮਾਂ ਦੀ ਮਰਯਾਦਾ ਵਿਚ ਮਿਲਾਵਟ ਅਤੇ ਸਮੇ ਨਾਲ਼ ਬਹੁਤ ਸਾਰੀਆਂ ਸਿੱਖ ਧਰਮ ਦੇ ਵਿਰੁਧ ਕੁਰੀਤੀਆਂ ਹੋਣ ਲੱਗ ਪਈਆਂ। ਇਸ ਸਾਰੇ ਕੁਝ ਦੇ ਪਿੱਛੇ ਅੰਗ੍ਰੇਜ਼ੀ ਸਰਕਾਰ ਵੀ ਉਹਨਾਂ ਦੀ ਪੂਰੀ ਪਿੱਠ ਠੋਕਦੀ ਸੀ। ਇਹਨਾਂ ਕੁਰੀਤੀਆਂ ਵਿਚੋਂ ਇਕ ਇਹ ਵੀ ਸੀ ਕਿ ਪਛੜੀਆਂ ਸ਼੍ਰੇਣੀਆਂ ਵਿਚੋਂ ਸਜੇ ਸਿੱਖਾਂ ਵੱਲੋਂ ਲਿਆਂਦਾ ਗਿਆ ਪ੍ਰਸ਼ਾਦ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਪ੍ਰਵਾਨ ਨਹੀਂ ਸੀ ਕੀਤਾ ਜਾਂਦਾ।

੧੨ ਅਕਤੂਬਰ ੧੯੨੦ ਵਾਲ਼ੇ ਦਿਨ, ਜਲ੍ਹਿਆਂ ਵਾਲ਼ੇ ਬਾਗ ਵਿਚ ਇਹਨਾਂ ਸਿੱਖਾਂ ਵੱਲੋਂ ਦੀਵਾਨ ਸਜਾਇਆ ਗਿਆ ਤੇ ਓਥੋਂ, ਜੋ ਮੌਲਵੀ ਕਰੀਮ ਬਖ਼ਸ਼ ਤੋਂ ਪਰਵਾਰ ਸਮੇਤ ਸਿੱਖ ਸਜ ਕੇ, ਸ. ਲਖਬੀਰ ਸਿੰਘ ਜੀ ਬਣੇ, ਦੇ ਸਪੁੱਤਰ, ਸ. ਮਹਿਤਾਬ ਸਿੰਘ ਬੀਰ ਦੀ ਅਗਵਾਈ ਹੇਠ, ਪ੍ਰਸ਼ਾਦ ਲੈ ਕੇ ਸ੍ਰੀ ਦਰਬਾਰ ਸਾਹਿਬ ਗਏ। ਉਹਨਾਂ ਦੇ ਨਾਲ਼ ਖ਼ਾਲਸਾ ਕਾਲਜ ਦੇ ਕੁਝ ਪ੍ਰੋਫ਼ੈਸਰ ਵੀ ਸਨ। ਪੁਜਾਰੀਆਂ ਨੇ ਉਹਨਾਂ ਦੁਆਰਾ ਲਿਆਂਦਾ ਗਿਆ ਪ੍ਰਸ਼ਾਦ ਸਵੀਕਾਰਨੋ ਨਾਂਹ ਕਰ ਦਿਤੀ। ਦੋਹਾਂ ਧਿਰਾਂ ਦਰਮਿਆਨ ਲੰਮੀ ਚੌੜੀ ਬਹਿਸ ਹੋਈ। ਪ੍ਰਿੰਸੀਪਲ ਬਾਵਾ ਹਰਕਿਸ਼ਨ ਸਿੰਘ ਜੀ ਨੇ ਗਲ਼ ਵਿਚ ਪੱਲਾ ਪਾ ਕੇ ਕੜਾਹ ਪ੍ਰਸ਼ਾਦ ਦੀ ਅਰਦਾਸ ਕਰਨ ਵਾਸਤੇ ਪੁਜਾਰੀਆਂ ਨੂੰ ਬੇਨਤੀ ਕੀਤੀ ਪਰ ਪੁਜਾਰੀ ਟੱਸ ਤੋਂ ਮੱਸ ਨਾ ਹੋਏ। ਏਨੇ ਨੂੰ ਕੁਝ ਖਾੜਕੂ ਸਿੰਘ, ਜਥੇਦਾਰ ਤੇਜਾ ਸਿੰਘ ਭੁੱਚਰ ਅਤੇ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ ਵੀ ਓਥੇ ਆ ਗਏ। ਫੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਮੁਖਵਾਕ ਲਿਆ ਜਾਵੇ ਅਤੇ ਮੁਖਵਾਕ ਦੀ ਰੋਸ਼ਨੀ ਅਨੁਸਾਰ ਅਮਲ ਕੀਤਾ ਜਾਵੇ। ਉਸ ਸਮੇ ਇਹ ਮੁਖਵਾਕ ਇਹ ਆਇਆ:

ਸੋਰਠਿ ਮਹਲਾ ੩ ਦੁਤੁਕੀ ॥

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥

ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥੧॥
ਹਰਿ ਜੀਉ ਆਪੇ ਬਖਸਿ ਮਿਲਾਇ ॥
ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ ॥ਰਹਾਉ॥
ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ ॥
ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ ॥੨॥
ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥
ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥੩॥
ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ ॥
ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ ॥੪॥
ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ ॥
ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥੫॥
ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ ॥
ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ ॥੬॥

ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥੭॥

ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥



ਗਿਆਨੀ ਸੰਤੋਖ ਸਿੰਘ

ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥ (ਪੰਨਾ ੬੩੮)

ਇਹ ਸੁਣ ਕੇ ਸਿੰਘਾਂ ਨੇ ਜੈਕਾਰਾ ਛੱਡ ਦਿਤਾ ਅਤੇ ਪੁਜਾਰੀਆਂ ਨੇ ਅਰਦਾਸ ਕਰਕੇ ਪ੍ਰਸ਼ਾਦ ਵਰਤਾ ਦਿਤਾ।

ਇਹ ਸਾਰਾ ਜਥਾ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਗਿਆ ਤਾਂ ਓਥੋਂ ਦੇ ਪੁਜਾਰੀ ਤਖ਼ਤ ਸਾਹਿਬ ਨੂੰ ਸੁੰਞਾ ਛੱਡ ਕੇ ਆਪਣੇ ਘਰਾਂ ਨੂੰ ਚਲੇ ਗਏ। ਤਖ਼ਤ ਸਾਹਿਬ ਖਾਲੀ ਵੇਖ ਕੇ ਸਿੰਘਾਂ ਨੇ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ ਹੇਠ ਪੰਜੀ ਸਿੰਘਾਂ ਦਾ ਜਥਾ ਤਖ਼ਤ ਸਾਹਿਬ ਦੀ ਸੇਵਾ ਵਾਸਤੇ ਨਿਯੁਕਤ ਕਰ ਦਿਤਾ। ਇਹ ਸਾਰਾ ਵਾਕਿਆ, ੧੨ ਅਕਤੂਬਰ, ੧੯੨੦ ਵਾਲ਼ੇ ਦਿਨ ਵਾਪਰਿਆ।

*(ਚਲਦਾ)*

# ਸਕੂਲ ਦਾ ਓਦਰੇਵਾਂ

ਹਰਕਿਰਨਜੋਤ ਕੌਰ

ਮਾਰਚ ਦਾ ਅਖੀਰ। ਕਰੋਨਾ ਦਾ ਕਹਿਰ। ਦੁਨੀਆ ਰੁਕ ਗਈ। ਸਕੂਲ ਬੰਦ ਹੋ ਗਏ। ਘਰ ਦੀ ਕੈਦ ਨੇ ਮਨ ਅੰਦਰ ਘੁਟਣ ਪੈਦਾ ਕਰ ਦਿੱਤੀ। ਘਰ ਬੈਠ ਕੇ ਹੀ ਬੱਚਿਆਂ ਨਾਲ ਫੋਨ 'ਤੇ ਰਾਬਤਾ ਕਾਇਮ ਕੀਤਾ ਅਤੇ ਪੜ੍ਹਾਈ ਸ਼ੁਰੂ ਕਰਵਾਈ। ਅਚਨਚੇਤ ਸਕੂਲ ਬੰਦ ਹੋ ਜਾਣ ਕਾਰਨ ਪੜ੍ਹਾਈ ਨਾਲ ਸਬੰਧਤ ਮੇਰਾ ਕੁਝ ਜ਼ਰੂਰੀ ਸਾਮਾਨ ਸਕੂਲ ਵਿਚ ਹੀ ਰਹਿ ਜਾਣ ਕਰਕੇ ਇਕ ਦਿਨ ਸਕੂਲ ਜਾਣਾ ਹੋਇਆ। ਮੈਂ ਸਵੇਰੇ ਨੌਂ ਕੁ ਵਜੇ ਸਕੂਲ ਪਹੁੰਚੀ।

ਵੀਰਾਨ ਪਿਆ ਸਕੂਲ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਇੱਥੇ ਕਦੇ ਕੋਈ ਆਇਆ ਹੀ ਨਾ ਹੋਵੇ। ਇੰਝ ਲੱਗਾ ਜਿਵੇਂ ਸਕੂਲ ਆਪਣੇ ਅਧਿਆਪਕਾਂ ਅਤੇ ਬੱਚਿਆਂ ਨੂੰ ਆਵਾਜ਼ਾਂ ਮਾਰ-ਮਾਰ ਕੇ ਪੁੱਛ ਰਿਹਾ ਹੋਵੇ ਕਿ ਵਾਪਸ ਕਦੋਂ ਆਓਗੇ? ਮੈਂ ਥੋੜ੍ਹਾ ਅੱਗੇ ਵਰਾਂਡੇ ਵੱਲ ਵਧੀ। ਸੁੰਨ-ਸਾਨ ਵਰਾਂਡਾ ਜੋ ਹਮੇਸ਼ਾ ਬੱਚਿਆਂ ਦੇ ਪੈਰਾਂ ਦੀ ਆਵਾਜ਼ ਨਾਲ ਗੂੰਜਦਾ ਰਹਿੰਦਾ ਸੀ, ਅੱਜ ਇੰਝ ਲੱਗ ਰਿਹਾ ਸੀ ਜਿਵੇਂ ਉਨ੍ਹਾਂ ਆਵਾਜ਼ਾਂ ਤੋਂ ਬਿਨਾਂ ਆਪਣੇ ਆਪ ਨੂੰ ਬੋਲ਼ਾ ਮਹਿਸੂਸ ਕਰ ਰਿਹਾ ਹੋਵੇ।

ਮੇਰੀ ਜਮਾਤ ਦਾ ਕਮਰਾ ਨੇੜੇ ਹੀ ਸੀ। ਮੈਂ ਕਮਰੇ ਦੇ ਅੰਦਰ ਵੱਲ ਨੂੰ ਹੋਈ। ਮੇਰੇ ਕੰਨਾਂ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਹੁਣੇ ਬੱਚੇ ਖੜ੍ਹੇ ਹੋ ਕੇ ਆਪਣੀ ਮਿੱਠੀ ਆਵਾਜ਼ ਵਿਚ ਕਹਿਣਗੇ, "ਗੁੱਡ ਮੌਰਨਿੰਗ ਮੈਮ।" ਪਰ ਆਵਾਜ਼ ਕਿੱਥੋਂ ਆਉਣੀ ਸੀ! ਖਾਲੀ ਪਏ ਬੈਂਚ ਬੱਚਿਆਂ ਦੀ ਉਡੀਕ ਕਰ ਰਹੇ ਸਨ। ਧੂੜ-ਮਿੱਟੀ ਨਾਲ ਭਰੇ





ਸੁੰਨੇ ਪਏ ਬੈਂਚਾਂ ਨੂੰ ਦੇਖ ਕੇ ਮੇਰੇ ਮਨ 'ਤੇ ਉਦਾਸੀ ਜਿਹੀ ਛਾ ਗਈ। ਮੈਂ ਕਾਹਲੀ ਨਾਲ ਕਮਰੇ ਵਿੱਚੋਂ ਨਿਕਲੀ ਅਤੇ ਫਟਾਫਟ ਸਟਾਫ ਰੂਮ ਵਿਚ ਜਾ ਕੇ ਅਲਮਾਰੀ ਵਿਚੋਂ ਆਪਣਾ ਲੋੜੀਂਦਾ ਸਾਮਾਨ ਚੁੱਕ ਲਿਆ ਤੇ ਵਾਪਸ ਚੱਲ ਪਈ। ਰਸਤੇ ਵਿਚ ਮੇਰੇ ਦੋ ਵਿਦਿਆਰਥੀ ਮਿਲੇ। ਉਨ੍ਹਾਂ ਨੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਘਰ ਆਉਣ ਲਈ ਕਿਹਾ। ਉਹ ਇੱਕੋ ਸਾਹ ਕਹਿਣ ਲੱਗੇ, "ਮੈਡਮ ਜੀ ਚਾਹ ਪੀ ਕੇ ਜਾਇਓ, ਸਾਡਾ ਤਾਂ ਜੀ ਘਰੇ ਜਮਾਂ ਜੀਅ ਨੀਂ ਲੱਗਦਾ, ਮੈਡਮ ਜੀ ਸਾਡੇ ਸਕੂਲ ਕਦੋਂ ਖੁੱਲ੍ਹਣਗੇ...?" ਭਾਵੇਂ ਸਕੂਲ ਖੁੱਲ੍ਹਣ ਸਬੰਧੀ ਉਨ੍ਹਾਂ ਦੇ ਸਵਾਲ ਦਾ ਮੈਂ ਕੋਈ ਪੁਖਤਾ ਜਵਾਬ ਤਾਂ ਨਾ ਦੇ ਸਕੀ, ਪਰ ਬੱਚਿਆਂ ਨਾਲ ਮਿਲ ਕੇ ਤੇ ਗੱਲਾਂ ਕਰਕੇ ਮੇਰੇ ਮਨ ਨੂੰ ਬੜਾ ਹੀ ਸਕੂਨ ਮਿਲਿਆ। ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਮੈਂ ਸਕੂਲ ਤੋਂ ਬੱਚਿਆਂ ਨੂੰ ਪੜ੍ਹਾ ਕੇ ਹੀ ਵਾਪਸ ਪਰਤ ਰਹੀ ਹੋਵਾਂ।

ਬੱਚਿਆਂ ਨਾਲ ਇਸ ਛੋਟੀ ਜਿਹੀ ਮਿਲਣੀ ਤੋਂ ਬਾਅਦ ਅਚਨਚੇਤ ਮਹਿਸੂਸ ਹੋਇਆ ਜਿਵੇਂ ਸਿਰਫ਼ ਸਕੂਲ ਤੇ ਅਧਿਆਪਕ ਹੀ ਬੱਚਿਆਂ ਬਿਨਾਂ ਓਦਰੇਵਾਂ ਮਹਿਸੂਸ ਨਹੀਂ ਕਰ ਰਹੇ ਸਗੋਂ ਬੱਚੇ ਵੀ ਆਪਣੇ ਸਕੂਲ ਅਤੇ ਅਧਿਆਪਕਾਂ ਬਿਨਾਂ ਓਦਰੇ ਪਏ ਹਨ।

# ਕਿਸਾਨੀ ਸਰੋਕਾਰ ਅਤੇ ਪੰਜਾਬ ਦਾ ਭਵਿੱਖ

ਪੰਜਾਬ ਵਿਚ ਚੱਲ ਰਿਹਾ ਕਿਸਾਨੀ ਸੰਘਰਸ਼ ਇਕ ਗੱਲ ਦੀ ਤਸੱਲੀ ਦਿੰਦਾ ਹੈ ਕਿ ਇਸ ਸੰਘਰਸ਼ ਵਿਚ ਪੰਜਾਬ ਦੀਆਂ ਸਾਰੀਆਂ ਧਿਰਾਂ ਇਕੱਠੀਆਂ ਹਨ। ਭਾਵੇਂ ਕਿਸਾਨ ਹੋਵੇ, ਭਾਵੇਂ ਮਜ਼ਦੂਰ, ਵਪਾਰੀ ਤੇ ਭਾਵੇਂ ਮੁਲਾਜ਼ਮ ਹਰ ਵਰਗ ਇਸ ਸੰਘਰਸ਼ ਵਿਚ ਸਾਥ ਦੇ ਰਿਹਾ ਹੈ। ਇਸ ਦੇ ਉਲਟ ਇਸ ਸੰਘਰਸ਼ ਲਈ ਕਈ ਤਰ੍ਹਾਂ ਦੇ ਖ਼ਤਰੇ ਵੀ ਮੰਡਰਾ ਰਹੇ ਹਨ, ਜਿਨ੍ਹਾਂ ਨੂੰ ਧਿਆਨ ਵਿਚ ਰੱਖਦਿਆਂ ਕੁੱਝ ਪੱਖ ਵਿਚਾਰਨਯੋਗ ਹਨ।

ਸਭ ਤੋਂ ਪਹਿਲਾਂ ਤਾਂ ਪੰਜਾਬੀਆਂ ਦਾ ਸੁਭਾਅ ਹੈ ਕਿ ਹੋਸ਼ ਨਾਲੋਂ ਜੋਸ਼ ਤੋਂ ਵੱਧ ਕੰਮ ਲੈਂਦੇ ਹਨ। ਇਸ ਲਈ ਆਮ ਤੌਰ ‘ਤੇ ਸੱਤਾਧਾਰੀ ਧਿਰਾਂ ਹਰ ਸੰਘਰਸ਼ ਵਿਚਲੇ ਜੋਸ਼ ਨੂੰ ਆਪਣੇ ਹਿੱਤਾਂ ਲਈ ਵਰਤ ਕੇ ਜਨਤਾ ਦੇ ਅਸਲ ਹਿੱਤਾਂ ਦੇ ਖ਼ਿਲਾਫ਼ ਭੁਗਤਾਉਣ ਵਿਚ ਕਾਮਯਾਬ ਹੋ ਜਾਂਦੀਆਂ ਹਨ। ਅਜਿਹਾ ਖ਼ਤਰਾ ਅੱਜ ਦੇ ਸੰਘਰਸ਼ ਲਈ ਵੀ ਹੈ। ਦੂਜਾ ਖ਼ਤਰਾ ਸੰਘਰਸ਼ ਵਿਚ ਸ਼ਾਮਲ ਧਿਰਾਂ ਵਿਚਕਾਰ ਮੱਤਭੇਦ ਪੈਦਾ ਕਰ ਕੇ ਸੱਤਾਧਾਰੀਆਂ ਵੱਲੋਂ ਆਪਣੇ ਹਿੱਤਾਂ ਦੀ ਪੂਰਤੀ ਕਰਨਾ ਹੈ। ਇਨ੍ਹਾਂ

## ਨਿਰਮਲ ਸਾਧਾਂਵਾਲੀਆ

ਖ਼ਤਰਿਆਂ ਤੋਂ ਬਚਣ ਲਈ ਸੰਘਰਸ਼ ਨੂੰ ਸਹੀ ਦਿਸ਼ਾ ਦੇਣ ਅਤੇ ਸਹੀ ਨਿਸ਼ਾਨੇ ਮਿਥਣ ਦੀ ਲੋੜ ਹੈ। ਹੋ ਸਕਦਾ ਹੈ ਕਿ ਮੇਰੇ ਵਿਚਾਰ ਨਾਲ ਬਹੁਤੇ ਲੋਕ ਸਹਿਮਤ ਨਾ ਹੋਣ ਅਤੇ ਇਹ ਵੀ ਹੋ ਸਕਦਾ ਹੈ ਕਿ ਮੇਰੀ ਸੋਚ ਹੀ ਗ਼ਲਤ ਹੋਵੇ, ਪਰ ਇਹ ਗੱਲਾਂ ਵਿਚਾਰੀਆਂ ਜ਼ਰੂਰ ਜਾਣੀਆਂ ਚਾਹੀਦੀਆਂ ਹਨ।

ਸਭ ਤੋਂ ਪਹਿਲੀ ਗੱਲ ਤਾਂ ਅਸੀਂ ਕਿਸਾਨੀ ਬਚਾਉਣ ਲਈ ਸੰਘਰਸ਼ ਵਿੱਢਿਆ ਹੈ ਅਤੇ ਇਸੇ ਦਿਸ਼ਾ ਵਿਚ ਹੀ ਜਾ ਰਿਹਾ ਹੈ। ਅਸਲ ਵਿਚ ਦੁਨੀਆ ਭਰ ਵਿਚ ਕਿਤੇ ਵੀ ਕਿਸਾਨੀ ਲਾਹੇਵੰਦਾ ਧੰਦਾ ਸਾਬਤ ਨਹੀਂ ਹੋਇਆ। ਇਸ ਲਈ ਕਿਉਂ ਨਾ ਇਸ ਸੰਘਰਸ਼ ਨੂੰ ਸਿਰਫ਼ ਕਿਸਾਨੀ ਬਚਾਉਣ ਵੱਲ ਕੇਂਦਰਿਤ ਕਰਨ ਦੀ ਥਾਂ ਪੰਜਾਬ ਦੀ ਖ਼ੁਸ਼ਹਾਲੀ ਤੇ ਆਤਮ ਨਿਰਭਰਤਾ ਦਾ ਨਿਸ਼ਾਨਾ ਮਿਥਿਆ ਜਾਵੇ। ਪੰਜਾਬ ਦੇ ਲੋਕਾਂ ਨੇ ਇਹ ਠੇਕਾ ਤਾਂ ਨਹੀਂ ਲਿਆ ਕਿ ਮਿੱਟੀ ਨਾਲ ਮਿੱਟੀ ਹੋ ਕੇ ਦੇਸ਼ ਦੇ ਲੋਕਾਂ ਦਾ ਢਿੱਡ ਭਰਦੇ ਰਹੀਏ ਅਤੇ ਆਪਣੇ ਬੱਚੇ ਧੱਕੇ ਖਾਈ ਜਾਣ। ਕੀ ਪੰਜਾਬ ਵਿਚ ਅੰਬਾਨੀ, ਅਡਾਨੀ ਤੇ ਟਾਟਾ ਪੈਦਾ ਨਹੀਂ ਹੋ ਸਕਦੇ। ਕੀ ਪੰਜਾਬ ਵਿਚ ਲਾਹੇਵੰਦ ਸਨਅਤ ਨਹੀਂ ਲੱਗ ਸਕਦੀ। ਜੇ ਦੁਨੀਆਂ ਵਿਚ ਸਭ ਤੋਂ ਲਾਹੇਵੰਦ ਧੰਦਾ ਸਨਅਤ ਅਤੇ ਵਪਾਰ ਦਾ ਹੈ ਤਾਂ ਕੀ ਪੰਜਾਬ ਵਿਚ ਇਹ ਧੰਦਾ ਵਿਕਸਤ ਨਹੀਂ ਕੀਤਾ ਜਾ ਸਕਦਾ। ਹਰੀ ਕ੍ਰਾਂਤੀ ਨੇ ਪੰਜਾਬ ਨੂੰ ਕੀ ਦਿੱਤਾ ? ਪੰਜਾਬ ਕੋਲ ਤਿੰਨ ਤਰ੍ਹਾਂ ਦੀ ਕੁਦਰਤੀ ਜਾਇਦਾਦ ਸੀ, ਪਹਿਲੀ ਉਪਜਾਊ ਜ਼ਮੀਨ, ਦੂਜਾ ਲੋਕਾਂ ਵਿਚ ਮਿਹਨਤ ਦਾ ਜਜ਼ਬਾ ਅਤੇ ਤੀਜਾ ਧਰਤੀ ਹੇਠਲਾ ਪਾਣੀ। ਹਰੀ ਕ੍ਰਾਂਤੀ ਨੇ ਤਿੰਨੇ ਚੀਜ਼ਾਂ ਖ਼ਤਮ ਕਰ ਦਿੱਤੀਆਂ। ਧਰਤੀ ਬੰਜਰ ਹੋਣ ਕਿਨਾਰੇ ਹੈ, ਪਾਣੀ ਮੁੱਕ ਚੱਲਿਆ ਅਤੇ ਮਿਹਨਤੀ ਜਵਾਨੀ ਨਸ਼ਿਆਂ ਦੇ ਰਾਹ ਪਈ ਹੋਈ ਹੈ। ਇਥੋਂ ਤੱਕ ਕਿ ਕਿਸੇ ਵੇਲੇ ਪੂਰੇ ਏਸ਼ੀਆ ਵਿਚ ਸਭ ਤੋਂ ਵੱਡੀ ਲੋਹਾ ਮੰਡੀ ਗੋਬਿੰਦਗੜ੍ਹ ਖ਼ਤਮ ਹੋ



ਚੁੱਕੀ ਹੈ। ਲੁਧਿਆਣਾ ਦੀ ਸਾਈਕਲ ਸਨਅਤ ਖ਼ਤਮ ਹੋ ਚੁੱਕੀ ਹੈ। ਅਬੋਹਰ ਇਲਾਕੇ ਵਿੱਚੋਂ ਕਿੰਨੂਆਂ ਦੀ ਸਰਦਾਰੀ ਖ਼ਤਮ ਹੋਣ ਵਾਲੀ ਹੈ। ਪੰਜਾਬ ਦੀਆਂ ਬਹੁਤੀਆਂ ਸਹਿਕਾਰੀ ਖੰਡ ਮਿੱਲਾਂ ਘਾਟੇ ਕਾਰਨ ਬੰਦ ਹੋ ਚੁੱਕੀਆਂ ਹਨ। ਜ਼ੀਰੇ ਵਿਚ ਖੰਡ ਮਿੱਲ ਨੂੰ ਸ਼ਰਾਬ ਦੀ ਫੈਕਟਰੀ ਵਿਚ ਬਦਲਿਆ ਜਾ ਚੁੱਕਾ ਹੈ। ਜੇ ਅਸੀਂ ਪੰਜਾਬ ਵਿਚ ਇਸੇ ਖੇਤੀ ਦੇ ਧੰਦੇ ‘ਤੇ ਕੇਂਦਰਿਤ ਰਹਾਂਗੇ ਤਾਂ ਪੰਜਾਬ ਦਾ ਭਵਿੱਖ ਬਹੁਤਾ ਸੰਭਾਵਨਾਵਾਂ ਭਰਪੂਰ ਨਹੀਂ ਰਹੇਗਾ। ਅੱਜ ਹਰ ਘਰ ਦਾ ਬੱਚਾ ਕੈਨੇਡਾ ਜਾਣਾ ਚਾਹੁੰਦਾ ਹੈ। ਕੈਨੇਡਾ ਵਿਚ ਪੰਜਾਬ ਨਾਲੋਂ ਕੀ ਵੱਖਰਾ ਹੈ ? ਉਥੋਂ ਦੀ ਜ਼ਮੀਨ ਪੰਜਾਬ ਨਾਲੋਂ ਚੰਗੀ ਹੈ ? ਜਾਂ ਫਿਰ ਉਥੋਂ ਦਾ ਵਾਤਾਵਰਨ ਪੰਜਾਬ ਨਾਲੋਂ ਚੰਗਾ ਹੈ ? ਨਹੀਂ। ਸਿਰਫ਼ ਕੈਨੇਡਾ ਦਾ ਸਿਸਟਮ ਚੰਗਾ ਹੈ ਅਤੇ ਉੱਥੇ ਰੁਜ਼ਗਾਰ ਦੇ ਮੌਕੇ ਜ਼ਿਆਦਾ ਹਨ। ਜੇ ਕੈਨੇਡਾ ਵਿਚ ਇਹ ਸਿਸਟਮ ਵਿਕਸਤ ਹੋ ਸਕਦਾ ਹੈ ਤਾਂ ਪੰਜਾਬ ਵਿਚ ਕਿਉਂ ਨਹੀਂ। ਜੇ ਕੈਨੇਡਾ ਵਿਚ ਮਜ਼ਦੂਰ ਦੀ ਦਿਹਾੜੀ ਪੰਜਾਬ ਨਾਲੋਂ 10 ਗੁਣਾ ਹੋ ਸਕਦੀ ਹੈ ਤਾਂ ਇੱਥੇ ਕਿਉਂ ਨਹੀਂ ? ਜਦੋਂਕਿ ਲੇਬਰ ਵੇਜ਼ ਨੂੰ ਛੱਡ ਕੇ ਬਾਕੀ ਸਾਰੀਆਂ ਵਸਤਾਂ ਦਾ ਮੁੱਲ ਦੁਨੀਆਂ ਭਰ ਵਿਚ ਲਗਭਗ ਇੱਕੋ ਹੈ। ਜੇ ਕੇਲਾ ਪੰਜਾਬ ਵਿਚ 60 ਰੁਪਏ ਦਰਜਨ ਹੈ ਤਾਂ ਕੈਨੇਡਾ ਵਿਚ ਵੀ ਲਗਭਗ ਇੱਕ ਡਾਲਰ ਦੀ ਦਰਜਨ ਹੋਵੇਗੀ। ਫਿਰ ਮਜ਼ਦੂਰ ਦੀ ਦਿਹਾੜੀ ਵਿਚ ਇੰਨਾ ਫ਼ਰਕ ਕਿਉਂ ? ਸੱਚਾਈ ਤਾਂ ਆਰਥਿਕ ਮਾਹਿਰ ਹੀ ਦੱਸ ਸਕਦੇ ਹਨ, ਪਰ ਅਸਲ ਵਿਚ ਸੱਤਾਧਾਰੀ ਅਤੇ ਮੁਨਾਫ਼ੇਖੋਰ ਧਿਰਾਂ ਇਹ ਸਭ ਨਹੀਂ ਹੋਣ ਦੇਣਗੀਆਂ ਅਤੇ ਪੰਜਾਬ ਦੇ ਲੋਕਾਂ ਨੂੰ ਕਿਸਾਨੀ ਮਸਲਿਆਂ ਵਿਚ ਉਲਝਾ ਕੇ ਮਿੱਟੀ ਨਾਲ ਮਿੱਟੀ ਹੋ ਕੇ ਕਰਜ਼ਈ ਕਰੀ ਜਾਣਗੀਆਂ ਅਤੇ ਆਤਮ ਹੱਤਿਆਵਾਂ ਤੇ ਨਸ਼ੇ ਦੀ ਲਤ ਵਿਚ ਸੁੱਟਣ ਦੀ ਕੋਸ਼ਿਸ਼ ਕਰਨਗੀਆਂ। ਸੋ ਸੰਘਰਸ਼ਸ਼ੀਲ ਨੁਮਾਇੰਦਿਆਂ ਨੂੰ ਅਪੀਲ ਹੈ ਕਿ ਇਸ ਸੰਘਰਸ਼ ਦੀ ਸਫ਼ਲਤਾ ਲਈ ਆਪਣੇ ਅਸਲ ਨਿਸ਼ਾਨੇ ਮਿਥਣ ਲਈ ਡੂੰਘੀ ਚਰਚਾ ਕੀਤੀ ਜਾਵੇ। ਜੇ ਕੇਂਦਰ ਸਰਕਾਰ ਵੱਲੋਂ ਨਵੇਂ ਖੇਤੀ ਕਾਨੂੰਨ ਰੱਦ ਵੀ ਕਰ ਦਿੱਤੇ ਜਾਣ ਤਾਂ ਪੰਜਾਬ ਦੇ ਭਵਿੱਖ ਲਈ ਇਹ ਕੋਈ ਬਹੁਤੇ ਲਾਹੇਵੰਦ ਸਾਬਤ ਨਹੀਂ ਹੋਣਗੇ, ਕਿਉਂਕਿ ਪਹਿਲੇ ਕਾਨੂੰਨ ਵੀ ਪੰਜਾਬ ਨੂੰ ਬਰਬਾਦ ਕਰਨ ਵੱਲ ਹੀ ਸੇਧਿਤ ਹਨ।

ਅੱਜ ਜੇ ਪੰਜਾਬ ਦਾ ਹਰ ਵਰਗ ਇੱਕਮੁੱਠ ਹੋਇਆ ਹੈ ਤਾਂ ਇਨ੍ਹਾਂ ਹਾਲਾਤ ਵਿਚ ਮੇਰੇ ਕੁੱਝ ਸੁਝਾਅ ਹਨ। ਸਭ ਤੋਂ ਪਹਿਲਾਂ ਤਾਂ ਕੁਦਰਤ ਦਾ ਨਿਯਮ ਹੈ ਕਿ ਹਰ ਲੜਾਈ, ਹਰ ਸੰਘਰਸ਼ ਤੇ ਹਰ ਧੰਦਾ ਯੋਜਨਾਬੱਧ ਢੰਗ ਨਾਲ ਹੀ ਸਿਰੇ ਲਗਦਾ ਹੈ। ਇਸ ਲਈ ਕਿਸਾਨੀ ਸੰਘਰਸ਼ ਵਿਚ ਵੀ ਕੁੱਝ ਲੋਕ ਧਰਨੇ ਦੇ ਸਕਦੇ ਹਨ, ਕੁੱਝ ਲੋਕ ਸਰਕਾਰੀ ਅਤਿਵਾਦ ਨਾਲ ਲੜ ਸਕਦੇ ਹਨ, ਕੁੱਝ ਲੋਕ ਸੰਘਰਸ਼ ਦੀ ਰਾਜਨੀਤੀ ਤੈਅ ਕਰ ਸਕਦੇ ਹਨ, ਕੁੱਝ ਲੋਕ ਸੰਘਰਸ਼ ਵਿਚ ਸਾਰੇ ਲੋਕਾਂ ਨੂੰ ਇਕੱਠੇ ਰੱਖਣ ਲਈ ਚੰਗੀ ਭੂਮਿਕਾ ਨਿਭਾਅ ਸਕਦੇ ਹਨ, ਕੁੱਝ ਲੋਕ ਇਸ ਲਈ ਵਿੱਤੀ ਸਹਾਇਤਾ ਦਾ ਪ੍ਰਬੰਧ ਕਰ ਸਕਦੇ ਹਨ, ਕੁੱਝ ਲੋਕ ਇਸ ਸੰਘਰਸ਼ ਵਿਚ ਦੁਨੀਆਂ ਦੇ ਦੂਜੇ ਮੁਲਕਾਂ ਦਾ ਸਹਿਯੋਗ ਹਾਸਲ ਕਰਨ ਵਿਚ ਮੱਦਦਗਾਰ ਹੋ ਸਕਦੇ ਹਨ ਅਤੇ ਕੁੱਝ ਲੋਕ ਇਸ ਲਈ ਚੰਗੇ ਵਿਚਾਰ ਦੇ ਸਕਦੇ ਹਨ। ਸੋਸ਼ਲ ਮੀਡੀਆ ‘ਤੇ ਕੋਈ ਬੁੱਧੀਜੀਵੀ ਗੱਲ ਕਰਦਾ ਹੈ ਤਾਂ ਕੁੱਝ ਲੋਕ ਉਸ ਨੂੰ ਚੁਣੌਤੀ ਦੇ ਦਿੰਦੇ ਹਨ ਕਿ ਘਰ ਬੈਠੇ ਗੱਲਾਂ ਨਾ ਕਰੋ। ਅਸਲ ਵਿਚ ਤਾਂ ਜੰਗ ਵਿਚ ਤੋਪਾਂ ਚਲਾਉਣ ਵਾਲੇ ਹੋਰ ਹੁੰਦੇ ਹਨ, ਉਨ੍ਹਾਂ ਨੂੰ ਖਾਣਾ ਬਣਾ ਕੇ ਦੇਣ ਵਾਲੇ ਹੋਰ ਅਤੇ ਯੁੱਧਨੀਤੀ ਤੈਅ ਕਰਨ ਵਾਲੇ ਹੋਰ। ਸੋ ਇਸ ਸੰਘਰਸ਼ ਵਿਚ ਜਿਸ ਤਰ੍ਹਾਂ ਵੀ ਕੋਈ ਯੋਗਦਾਨ ਪਾ ਸਕਦਾ ਹੈ, ਉਸ ਨੂੰ ਨਿਰਉਤਸ਼ਾਹਿਤ ਨਾ ਕੀਤਾ ਜਾਵੇ।

ਇਸੇ ਤਰ੍ਹਾਂ ਇਸ ਸੰਘਰਸ਼ ਵਿਚ ਲੋਕਾਂ ਦੀ ਏਕਤਾ ਅਤੇ ਜੋਸ਼ ਨਾਲ ਪੰਜਾਬ ਦੇ ਖ਼ੁਸ਼ਹਾਲ ਭਵਿੱਖ ਦੀ ਸਿਰਜਣਾ ਦੀ ਕੋਸ਼ਿਸ਼ ਕੀਤੀ ਜਾਵੇ। ਇਹ ਮੰਗ ਵੀ ਕੀਤੀ ਜਾਵੇ ਕਿ ਜੇ ਮਲਟੀਨੈਸ਼ਨਲ ਕੰਪਨੀਆਂ ਨੂੰ ਦੇਸ਼ ਵਿਚ ਜ਼ਮੀਨਾਂ ਖ਼ਰੀਦ ਕੇ ਸਨਅਤਾਂ ਸਥਾਪਿਤ ਕਰਨ ਲਈ ਸਾਰੇ ਟੈਕਸ ਮੁਆਫ਼ ਕੀਤੇ ਜਾ ਰਹੇ ਹਨ ਤਾਂ ਪੰਜਾਬ ਦੇ ਲੋਕਾਂ ਨੂੰ ਛੋਟੀਆਂ ਸਨਅਤਾਂ ਸਥਾਪਿਤ ਕਰਨ ਲਈ ਛੋਟਾਂ ਕਿਉਂ ਨਹੀਂ ਦਿੱਤੀਆਂ ਜਾ ਸਕਦੀਆਂ। ਇੱਥੇ ਤਾਂ ਕੋਈ ਜ਼ਿਮੀਂਦਾਰ ਆਪਣੀ ਕਣਕ ਤੋਂ ਚਿਪਸ ਤਿਆਰ ਕਰਨ ਲਈ ਪਿੰਡ ਵਿੱਚ ਕੋਈ ਪ੍ਰਾਸੈਸਿੰਗ ਪਲਾਂਟ ਲਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਲਾਈਸੈਂਸ ਹੀ ਨਹੀਂ ਮਿਲਦਾ। ਇਸ ਲਈ ਹਰ ਪਿੰਡ ਵਿਚ ਜੋ ਵੀ ਫ਼ਸਲ, ਸਬਜ਼ੀ ਜਾਂ ਫਰੂਟ ਉਗਾਏ ਜਾ ਸਕਦੇ ਹਨ, ਉਸ ਤੋਂ ਹਰ ਤਰ੍ਹਾਂ ਦੇ ਪ੍ਰੋਡਕਟ ਤਿਆਰ ਕਰਨ ਲਈ ਪਿੰਡ ਵਿਚ ਹੀ ਛੋਟੇ ਪ੍ਰਾਸੈਸਿੰਗ ਪਲਾਂਟ ਲੱਗੇ ਹੋਣ ਅਤੇ ਪਿੰਡਾਂ ਵਿਚੋਂ ਪ੍ਰੋਡਕਟ ਤਿਆਰ ਕਰ ਕੇ ਹੀ ਹੋਰ ਸੂਬਿਆਂ ਜਾਂ ਹੋਰ ਦੇਸ਼ਾਂ ਵਿਚ ਕਿਉਂ ਨਹੀਂ ਭੇਜੇ ਜਾ ਸਕਦੇ। ਸਰਕਾਰ ਵਲੋਂ ਤਾਂ ਇੱਥੇ ਅਡਾਨੀ ਗਰੁੱਪ ਨੂੰ ਕਣਕ ਝੋਨਾ ਸਟੋਰ ਕਰਨ ਲਈ ਮੈਗਾ ਪ੍ਰਾਜੈਕਟਾਂ ਦੇ ਨਾਂ ‘ਤੇ ਕੌਡੀਆਂ ਦੇ ਭਾਅ ਜ਼ਮੀਨਾਂ ਦੇ ਦਿੱਤੀਆਂ ਅਤੇ ਸਸਤੇ ਕਰਜ਼ੇ ਵੀ ਦੇ ਦਿੱਤੇ, ਪਰ ਜੇ ਪੰਜਾਬ ਦੇ ਪਿੰਡਾਂ ਵਿਚ ਆਪਣੇ ਪਿੰਡ ਦੀ ਫ਼ਸਲ ਹੀ ਸਾਂਭਣ ਲਈ ਸਟੋਰ ਬਣਾਉਣਾ ਹੋਵੇ ਤਾਂ ਹਜ਼ਾਰਾਂ ਰਸਮੀ ਕਾਰਵਾਈਆਂ ਹਨ ਤੇ ਉਹ ਵੀ ਪ੍ਰਸ਼ਾਸਨਿਕ ਅਧਿਕਾਰੀ ਸਿਰੇ ਨਹੀਂ ਲੱਗਣ ਦਿੰਦੇ।

ਅੱਜ ਕੱਲ੍ਹ ਭਾਰਤ ਸਰਕਾਰ ਵਲੋਂ ਲੋਕਾਂ ਵਿਚ ਚੀਨ ਖ਼ਿਲਾਫ਼ ਤਾਂ ਪ੍ਰਚਾਰ ਵਾਧੂ ਕੀਤਾ ਜਾ ਰਿਹਾ ਹੈ, ਪਰ ਜੇਕਰ ਚੀਨ ਵਿਚ ਤਕਨੀਕੀ ਵਿਕਾਸ ਸਿਖ਼ਰਾਂ ‘ਤੇ ਪਹੁੰਚ ਸਕਦਾ ਹੈ ਤਾਂ ਸਾਡੇ ਪੰਜਾਬ ਵਿਚ ਕੀ ਘਾਟ ਹੈ। ਅਸੀਂ ਆਪਣੇ ਪਿੰਡਾਂ ਨੂੰ ਸ਼ਹਿਰਾਂ ਵਾਂਗ ਆਤਮ-ਨਿਰਭਰ ਕਿਉਂ ਨਹੀਂ ਬਣਾ ਸਕਦੇ। ਜੋ ਸਹੂਲਤਾਂ ਮਲਟੀਨੈਸ਼ਨਲ ਕੰਪਨੀਆਂ ਨੂੰ ਦਿੱਤੀਆਂ ਜਾ ਰਹੀਆਂ ਹਨ, ਉਹ ਪੰਜਾਬ ਦੇ ਲੋਕਾਂ ਨੂੰ ਕਿਉਂ ਨਹੀਂ ਦਿੱਤੀਆਂ ਜਾ ਸਕਦੀਆਂ ਤਾਂ ਜੋ ਪੰਜਾਬ ਦੇ ਨੌਜਵਾਨ ਮਿੱਟੀ ਨਾਲ ਮਿੱਟੀ ਹੋਣ ਵਾਲਾ ਧੰਦਾ ਛੱਡ ਕੇ ਚੰਗਾ ਕਾਰੋਬਾਰ ਕਰ ਸਕਣ ਤੇ ਪੰਜਾਬ ਹੀ ਕੈਨੇਡਾ ਬਣ ਸਕੇ।

ਅੱਜ ਕੱਲ੍ਹ ਸਰਕਾਰਾਂ ਅਤੇ ਸੱਤਾਧਾਰੀ ਧਿਰਾਂ ਵਲੋਂ ਪੰਜਾਬ ਦੇ ਕਿਸਾਨਾਂ ਨੂੰ ਬਦਨਾਮ ਕਰਨ ਲਈ ਕਿਹਾ ਜਾ ਰਿਹਾ ਹੈ ਕਿ ਪੰਜਾਬ ਦੀਆਂ ਫ਼ਸਲਾਂ ਵਿਚ ਜ਼ਹਿਰਾਂ ਦੀ ਬਹੁਤਾਤ ਹੋ ਗਈ ਹੈ ਅਤੇ ਇੱਥੋਂ ਦੇ ਚੌਲਾਂ ਜਾਂ ਕਣਕ ਦਾ ਮਿਆਰ ਬਹੁਤ ਘਟੀਆ ਹੈ। ਇਹ ਗੱਲ ਸੌ ਫ਼ੀਸਦੀ ਸਹੀ ਹੈ ਕਿ ਅਸੀਂ ਆਪਣੀ ਕਣਕ ਆਪ ਵੀ ਮਜਬੂਰੀ ਵਿੱਚ ਖਾਂਦੇ ਹਾਂ, ਕਈ ਲੋਕ ਤਾਂ ਰਾਜਸਥਾਨ ਤੋਂ ਕਣਕ ਮੰਗਵਾ ਕੇ ਖਾਣ ਲੱਗ ਪਏ ਹਨ। ਪਰ ਕੀ ਕਿਸਾਨਾਂ ਨੇ ਕੀੜੇਮਾਰ ਦਵਾਈਆਂ ਘਰੇ ਬਣਾਈਆਂ ਸਨ ? ਕੀ ਕਿਸਾਨਾਂ ਨੇ ਯੂਰੀਆ ਤੇ ਡੀ.ਏ.ਪੀ. ਖਾਦਾਂ ਘਰੇ ਬਣਾਈਆਂ ਸਨ ? ਕੀ ਕਿਸਾਨਾਂ ਨੇ ਫ਼ਸਲਾਂ ਨੂੰ ਜ਼ਹਿਰੀਲੀਆਂ ਬਣਾਉਣ ਦੀ ਯੋਜਨਾ ਖ਼ੁਦ ਘੜੀ ਸੀ ? ਕੀ ਕੈਂਸਰ ਦੀਆਂ ਦਵਾਈਆਂ ਪੰਜਾਬ ਵਿਚ ਧੜਾਧੜ ਵੇਚ ਕੇ ਅੱਧੇ ਪੰਜਾਬ ਨੂੰ ਕੈਂਸਰ ਦੀ ਬਿਮਾਰੀ ਲਾਉਣ ਦੀ ਯੋਜਨਾ ਪੰਜਾਬ ਦੇ ਕਿਸਾਨਾਂ ਨੇ ਬਣਾਈ ਸੀ ? ਅਸਲ ਵਿਚ ਇਹ ਸਭ ਬਹੁਤ ਹੀ ਯੋਜਨਾਬੱਧ ਢੰਗ ਨਾਲ ਸੱਤਾਧਾਰੀ ਅਤੇ ਮੁਨਾਫ਼ੇਖੋਰ ਧਿਰਾਂ ਵਲੋਂ ਉਲੀਕਿਆ ਗਿਆ ਸੀ। ਹੁਣ ਜੇ ਪੰਜਾਬ ਆਤਮ-ਨਿਰਭਰ ਹੋਵੇਗਾ, ਇੱਥੇ ਪਿੰਡਾਂ ਵਿੱਚ ਛੋਟੀਆਂ ਸਨਅੱਤਾਂ ਵਿਕਸਤ ਹੋਣਗੀਆਂ, ਪਿੰਡਾਂ ਵਿਚ ਛੋਟੇ ਪ੍ਰਾਸੈਸਿੰਗ ਪਲਾਂਟ ਲੱਗਣਗੇ ਤਾਂ ਕਿਸਾਨ ਆਪਣੇ-ਆਪ ਹੀ ਆਪਣੀਆਂ ਫ਼ਸਲਾਂ, ਫਲਾਂ, ਸਬਜ਼ੀਆਂ ਦਾ ਮਿਆਰ ਉੱਚਾ ਕਰ ਲੈਣਗੇ। ਪਰ ਆਖ਼ਰ ਸਰਕਾਰਾਂ ਵੱਲੋਂ ਪ੍ਰਬੰਧ ਤਾਂ ਮੁਹੱਈਆ ਕਰਵਾਇਆ ਜਾਵੇ। ਪ੍ਰਬੰਧ ਤਾਂ ਕਿਸਾਨ ਨੇ ਨਹੀਂ ਵਿਕਸਤ ਕਰਨਾ। ਚੰਗਾ ਪ੍ਰਬੰਧ ਤਾਂ ਸਰਕਾਰਾਂ ਨੇ ਹੀ ਦੇਣਾ ਹੈ।

ਸੋ ਬਹੁਤ ਲੰਬੀ ਵਿਚਾਰ ਚਰਚਾ ਦੀ ਲੋੜ ਹੈ ਅਤੇ ਹਰ ਖੇਤਰ ਦੇ ਬਹੁਤ ਹੀ ਮਾਹਰ ਵਿਦਵਾਨਾਂ ਦੀਆਂ ਸੇਵਾਵਾਂ ਦੀ ਲੋੜ ਹੈ। ਸਾਰੀਆਂ ਸੰਘਰਸ਼ਸ਼ੀਲ ਧਿਰਾਂ ਦੇ ਆਗੂਆਂ ਵਲੋਂ ਸੰਘਰਸ਼ ਦੇ ਚੰਗੇ ਸਿੱਟਿਆਂ ਲਈ ਸਨਅਤੀ ਮਾਹਿਰਾਂ, ਤਕਨੀਕੀ ਮਾਹਿਰਾਂ, ਆਰਥਿਕ ਮਾਹਿਰਾਂ, ਸਮਾਜਿਕ ਮਾਹਿਰਾਂ ਅਤੇ ਹੋਰ ਹਰ ਖੇਤਰ ਵਿਚ ਨਿਪੁੰਨ ਵਿਅਕਤੀਆਂ ਨੂੰ ਇਕੱਠੇ ਬਿਠਾ ਕੇ ਅਜਿਹੀਆਂ ਯੋਜਨਾਵਾਂ ਉਲੀਕੀਆਂ ਜਾਣ ਜਿਸ ਨਾਲ ਪੰਜਾਬ ਆਤਮ-ਨਿਰਭਰ ਹੋਵੇ ਤੇ ਸਾਨੂੰ ਕਿਸੇ ਹੋਰ ਸੂਬੇ ਜਾਂ ਦੇਸ਼ ਦੀ ਸਹਾਇਤਾ ਵੱਲ ਨਾ ਦੇਖਣਾ ਪਵੇ। ਨਹੀਂ ਤਾਂ ਇਹ ਸੱਤਾਧਾਰੀ ਤੇ ਮੁਨਾਫ਼ੇਖੋਰ ਧਿਰਾਂ ਖੇਤੀ ਕਾਨੂੰਨਾਂ ਵਿਚ ਮਾਮੂਲੀ ਸੋਧਾਂ ਕਰ ਕੇ ਪੰਜਾਬੀਆਂ ਦਾ ਜੋਸ਼ ਮੱਠਾ ਪਾ ਦੇਣਗੀਆਂ ਤੇ ਪੰਜਾਬ ਦੇ ਲੋਕ ਫਿਰ ਉੱਥੇ ਦੇ ਉੱਥੇ ਹੀ ਰਹਿ ਜਾਣਗੇ। ਇਹ ਨਾ ਹੋਵੇ ਪੁਰਾਣੇ ਸੰਘਰਸ਼ਾਂ ਵਾਂਗੂ ਇਹ ਸੰਘਰਸ਼ ਵੀ ਸਰਕਾਰ ਵੱਲੋਂ ‘ਲੌਲੀਪੌਪ’ ਦੇ ਕੇ ਖ਼ਤਮ ਕਰ ਦਿੱਤਾ ਜਾਵੇ ਅਤੇ ਬਾਅਦ ਵਿਚ ਪੰਜਾਬ ਦੇ ਲੋਕਾਂ ਵਿਚ ਹੀ ਇਹ ਪ੍ਰਚਾਰ ਕਰ ਦਿੱਤਾ ਜਾਵੇ ਕਿ ਇਸ ਸੰਘਰਸ਼ ਨੇ ਹੀ ਪੰਜਾਬ ਦਾ ਨੁਕਸਾਨ ਕੀਤਾ ਹੈ। ਕਿਉਂਕਿ ਆਮ ਲੋਕ ਨਾ ਤਾਂ ਵੱਡੇ ਪੱਧਰ ‘ਤੇ ਸਰਕਾਰਾਂ ਅਤੇ ਵੱਡੀਆਂ ਤਾਕਤਾਂ ਦੀਆਂ ਚਾਲਾਂ ਸਮਝ ਸਕਦੇ ਹਨ ਅਤੇ ਨਾ ਹੀ ਡੂੰਘਾ ਤੁਲਨਾਤਮਕ ਅਧਿਐਨ ਕਰ ਸਕਦੇ ਹਨ ਕਿ ਆਖ਼ਰ ਸੰਘਰਸ਼ ਦਾ ਮਕਸਦ ਕੀ ਸੀ ਤੇ ਸਿੱਟਾ ਕੀ ਨਿਕਲਿਆ।

# ਕੁਦਰਤੀ ਇਲਾਜ ਵਿਧੀ ਦਾ ਜਾਣਕਾਰ—ਕਸ਼ਮੀਰ ਸਿੰਘ ਸੰਧੂ




"ਸਾਡੇ ਸਰੀਰ ਦੀ ਰਚਨਾ ਪ੍ਰਮਾਤਮਾ ਵਲੋਂ ਕੁਝ ਇਸ ਤਰ੍ਹਾਂ ਦੀ ਕੀਤੀ ਗਈ ਹੈ ਕਿ ਜੇਕਰ ਅਸੀਂ ਆਪਣੀ ਖ਼ੁਰਾਕ ਅਤੇ ਸਰੀਰਕ ਕਸਰਤ ਵਲ ਉਚਿਤ ਢੰਗ ਨਾਲ ਧਿਆਨ ਦੇਈਏ ਤਾਂ ਮਨੁੱਖੀ ਸਰੀਰ ਅੰਦਰ ਪੈਦਾ ਹੋਣ ਵਾਲੀਆਂ ਬਹੁਤ ਸਾਰੀਆਂ ਬਿਮਾਰੀਆਂ ਆਪਣੇ ਆਪ ਹੀ ਠੀਕ ਹੋ ਜਾਂਦੀਆਂ ਹਨ ਫਿਰ ਵੀ ਜੇਕਰ ਕੋਈ ਮਾੜੀ ਮੋਟੀ ਰਹਿ ਜਾਂਦੀ ਹੈ ਤਾਂ ਉਸ ਨੂੰ ਠੀਕ ਕਰਨ ਲਈ ਕੁਦਰਤ ਨੇ ਸਾਡੇ ਆਸ ਪਾਸ ਬਹੁਤ ਅਜਿਹੇ ਸਾਧਨ ਪੈਦਾ ਕੀਤੇ ਹਨ ਜਿਨ੍ਹਾਂ ਦੀ ਸਮੇਨ ਸਮੇਂ ਅਤੇ ਸਹੀ ਵਰਤੌਂ ਕਰਨ ਨਾਲ ਇਨ੍ਹਾਂ ਰੋਗਾਂ ਦਾ ਨਿਵਾਰਣ ਕੀਤਾ ਜਾ ਸਕਦਾ ਹੈ" ਇਹ ਕਹਿਣਾ ਹੈ ਕਸ਼ਮੀਰ ਸਿੰਘ ਸੰਧੂ ਹੁਰਾਂ ਦਾ।

ਇਥੇ ਲਿਵਰਪੂਲ ਵਿਖੇ ਇਕ ਐਸੀ ਸ਼ਖਸੀਅਤ ਰਹਿ ਰਹੀ ਹੈ ਜੋ ਮਨੁੱਖਤਾ ਦੀ ਸੇਵਾ ਵਿਚ ਆਪਣੀ ਵਿਸ਼ੇਸ਼ ਕਿਸਮ ਦਾ ਯੋਗਦਾਨ ਪਾ ਰਹੀ ਹੈ। ਚੰਡੀਗੜ੍ਹ ਤੋਂ ਪੰਜਾਬ ਪੁਲਿਸ ਵਿਚੋਂ ਰਿਟਾਇਰਮੈਂਟ ਹੋਣ ਉਪਰੰਤ ਉਹ ਵੀ ਇਥੇ ਆਪਣੇ ਬੱਚਿਆਂ ਕੋਲ ਆਇਆ ਅਤੇ ਕੋਵਿਡ ਦੇ ਲਾਕ ਡਾਉਨ ਉਪਰੰਤ ਇਥੇ ਹੀ ਫਸ ਗਿਆ। ਜਿਵੇਂ ਕਿ ਅਸੀਂ ਪਹਿਲਾਂ ਵੀ ਆਪਣੇ ਇਕ ਦੋ ਲੇਖਾਂ ਵਿਚ ਜ਼ਿਕਰ ਕੀਤਾ ਸੀ ਕਿ ਕੁਝ ਵਿਅਕਤੀ ਇਹੋ ਜਿਹੇ ਹੁੰਦੇ ਹਨ ਜਿਹੜੇ ਮਾਨਵਤਾ ਲਈ ਕੁਝ ਕਰਨ ਵਿਚ ਹੀ ਆਪਣਾ ਭਲਾ ਲੋਚਦੇ ਰਹਿੰਦੇ ਹਨ। ਇਹ ਸ਼ਖਸ ਨ ਕੇਵਲ ਆਯੁਰਵੈਦਿਕ ਵਿਧੀ ਦਾ ਹੀ ਜਾਣੂ ਹੈ ਬਲਕਿ ਵੇਲੇ ਕੁਵੇਲੇ ਉੱਠਣ ਵਾਲੀਆਂ ਸਰੀਰਕ ਦਰਦਾਂ ਦਾ ਨਿਵਾਰਣ ਵੀ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਸਰਵਿਸ ਦੌਰਾਨ ਉਹ ਅਕਸਰ ਹਿਮਾਚਲ ਪ੍ਰਦੇਸ ਜਾਇਆ ਕਰਦਾ ਸੀ ਉਥੇ ਪਹਾੜੀ ਇਲਾਕੇ ਵਿਚ ਉਸ ਦੀ ਮਿੱਤਰਤਾ ਕੁਝ ਅਜਿਹੇ ਲੋਕਾਂ ਨਾਲ ਹੋਈ ਜਿਨ੍ਹਾਂ ਨੂੰ ਜੜ੍ਹੀਆਂ ਬੂਟੀਆਂ ਬਾਰੇ ਕਾਫੀ ਜਾਣਕਾਰੀ ਸੀ। ਇਸ ਤੋਂ ਬਾਅਦ ਉਸ ਨੇ ਖੁਦ ਇਸ ਪ੍ਰਣਾਲੀ ਵਿਚ ਰੁਚੀ ਦਿਖਾਉਣੀ ਸ਼ੁਰੂ ਕਰ ਦਿੱਤੀ।

ਕਸ਼ਮੀਰ ਸਿੰਘ ਕੋਈ ਵੀਹ ਤੋਂ ਵੱਧ ਤਰ੍ਹਾਂ ਦੇ ਤੇਲ ਅਤੇ ਆਮ ਮਿਲਣ ਵਾਲੀਆਂ ਜੜ੍ਹੀ ਬੂਟੀਆਂ ਨੂੰ ਮਿਲਾ ਕੇ ਇਕ ਖਾਸ ਤਾਪਮਾਨ ਤੇ ਤੇਲ ਦਾ ਮਿਸ਼ਰਣ ਤਿਆਰ ਕਰਦਾ ਹੈ ਅਤੇ ਲੋੜਵੰਦਾਂ ਨੂੰ ਮੁਫਤ ਮੁਹੱਈਆ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਉਹ ਪਿਛਲੇ ਵੀਹ ਕੁ ਸਾਲਾਂ ਤੋਂ ਅਜਿਹਾ ਕਰ ਰਿਹਾ ਹੈ ਜਿਸ ਨਾਲ ਅਨੇਕਾਂ ਹੀ ਪੀੜਿਤ ਲੋਕਾਂ ਨੂੰ ਇਸ ਦਾ ਫਾਇਦਾ ਹੋਇਆ ਹੈ। ਇਸ ਤੋਂ ਇਲਾਵਾ ਉਹ ਕਈ ਜੜ੍ਹੀ ਬੂਟੀਆਂ ਦਾ ਮਿਸ਼ਰਣ ਤਿਆਰ ਕਰਦਾ ਹੈ ਜਿਸ ਨਾਲ ਲੋਕਾਂ ਨੂੰ ਕਈ ਤਰ੍ਹਾਂ ਦੇ ਰੋਗਾਂ ਤੋਂ ਛੁਟਕਾਰਾ ਮਿਲਦਾ ਹੈ। ਦੇਸੀ ਨੁਸਖਿਆਂ ਦੇ ਮਾਹਿਰ ਕਸ਼ਮੀਰ ਸਿੰਘ ਦਾ ਕਹਿਣਾ ਹੈ ਕਿ ਬਹੁਤ ਸਾਰੀਆਂ ਬਿਮਾਰੀਆਂ ਅਸੀਂ ਖ਼ੁਦ ਸਹੇੜਦੇ ਹਾਂ ਜਿਵੇਂ ਕਿ ਆਪਣੀ ਪੌਸ਼ਟਿਕ ਖ਼ੁਰਾਕ, ਰਹਿਣੀ ਬਹਿਣੀ, ਸਰੀਰਕ ਗਤੀਵਿਧੀਆਂ, ਅਤੇ ਖਾਣ ਪੀਣ ਦੇ ਢੰਗ ਸਹੀ ਨਾ ਹੋਣਾ ਆਦਿ। ਇਨ੍ਹਾਂ ਪ੍ਰਤੀ ਸਾਡੀ ਅਣਗਹਿਲੀ ਅਤੇ ਨਕਾਰਾਤਮਕ ਸੋਚ ਕਾਰਣ ਜੋੜਾਂ ਦੇ ਦਰਦ, ਸ਼ੂਗਰ, ਬਲੱਡ ਪ੍ਰੈਸ਼ਰ, ਕਬਜ਼ ਆਦਿ ਵਰਗੀਆਂ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ ਜੋ ਕਈ ਵਾਰੀ ਬਹੁਤ ਭਿਆਨਕ ਰੂਪ ਧਾਰ ਲੈਂਦੀਆਂ ਹਨ ।ਜੇ ਇਨ੍ਹਾਂ ਦਾ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਜਾਨ ਲੇਵਾ ਬਣ ਜਾਂਦੀਆਂ ਹਨ।

ਉਸ ਦਾ ਕਹਿਣਾ ਹੈ ਕਿ ਜੇਕਰ ਆਪਣੇ ਜੀਵਨ ਵਿਚ ਖ਼ੁਸ਼ਹਾਲੀ ਅਤੇ ਸਰੀਰਕ ਤੰਦਰੁਸਤੀ ਚਾਹੁੰਦੇ ਹੋ ਤਾਂ ਨਿਯਮਤ ਤੌਰ ਤੇ ਆਪਣੀ ਸੰਤੁਲਤ ਖ਼ੁਰਾਕ ਅਤੇ ਖਾਸ ਕਰਕੇ ਖ਼ੁਰਾਕ ਦੀ ਮਿਕਦਾਰ, ਸਮਾਂ, ਮੌਸਮ ਆਦਿ ਦਾ ਧਿਆਨ ਰੱਖਿਆ ਜਾਵੇ। ਇਸ ਤੋਂ ਵੀ ਉਪਰ ਹੈ ਖ਼ੁਰਾਕ ਨੂੰ ਪਚਾਉਣ ਲਈ ਸਹੀ ਕਸਰਤ, ਸੈਰ ਅਤੇ ਯੋਗਾ, ਸਰੀਰਕ ਗਤੀ ਵਿਧੀ ਆਦਿ ਨੂੰ ਆਪਣੇ ਜੀਵਨ ਦਾ ਇਕ ਅਹਿਮ ਹਿੱਸਾ ਬਣਾ ਲਿਆ ਜਾਵੇ। ਇਸ ਦੇ ਨਾਲ ਹਮੇਸ਼ਾ ਚੰਗੇ ਸੱਜਣਾਂ ਮਿੱਤਰਾਂ ਨਾਲ ਮਿਲਾਪ, ਹੱਸਣਾ ਖੇਡਣਾ ਅਤੇ ਆਪਣੇ ਆਪ ਨੂੰ ਰੁਝੇਵੇਂ ਵਿਚ ਰੱਖਣ ਦੀਆਂ ਆਦਤਾਂ ਵੀ ਸਾਨੂੰ ਇਨ੍ਹਾਂ ਬਿਮਾਰੀਆਂ ਤੋਂ ਮੁਕਤੀ ਦਿਵਾ ਸਕਦੀਆਂ ਹਨ। ਲੋੜਵੰਦ ਸੱਜਣ 0480200225 ਤੇ ਸੰਪਰਕ ਵੀ ਕਰ ਸਕਦੇ ਹਨ।

*ਸੁਖਵਿੰਦਰ ਸਿੰਘ ਨਰੂਲਾ*

# ਲੰਗਰ ਸੇਵਾ ਆਰੰਭ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਦੀ ਸੇਵਾ ਵਿੱਚ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਗਲੈਨਵੁਡ ਵਿਖੇ ਗੁਰੂ ਘਰ ਦੇ ਪ੍ਰਬੰਧਕ ਵੀਰਾਂ ਦੇ ਸਹਿਯੋਗ ਨਾਲ ਗੁਰੂ ਕਾ ਲੰਗਰ ਅਤੁੱਟ ਵਰਤਿਆ ਜਾ ਰਿਹਾ ਹੈ ਇਸ ਲਈ ਕਿਰਪਾ ਕਰਕੇ ਗੁਰਦੁਆਰਾ ਸਾਹਿਬ ਦਰਸ਼ਨ ਕਰਕੇ ਲਾਹਾ ਲਓ ਜੀ। ਜ਼ਰੂਰੀ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਜੀ ਦੇ ਲੰਗਰ ਹਾਲ ਵਿਚ ਇਕ ਸਮੇਂ ਵਿੱਚ ਸਿਰਫ 100 ਸ਼ਰਧਾਲੂ ਹੀ ਲੰਗਰ ਛਕ ਸਕਦੇ ਹਨ। ਗੁਰੂ ਘਰ ਦਾ ਸੇਵਾਦਾਰ।

*ਮੋਹਨ ਸਿੰਘ ਵਿਰਕ*





# ਕੋਲਾ ਘੁਟਾਲਾ: ਸਾਬਕਾ ਕੇਂਦਰੀ ਮੰਤਰੀ ਦਿਲੀਪ ਰੇਅ ਨੂੰ ਤਿੰਨ ਸਾਲ ਦੀ ਕੈਦ



ਨਵੀਂ ਦਿੱਲੀ : ਦਿੱਲੀ ਦੀ ਇਕ ਅਦਾਲਤ ਨੇ ਝਾਰਖੰਡ ਵਿੱਚ 1999 ਵਿੱਚ ਕੋਲਾ ਖਾਣਾਂ ਦੀ ਵੰਡ ਮਾਮਲੇ ਵਿੱਚ ਬੇਨਿਯਮੀਆਂ ਦੇ ਇਕ ਮਾਮਲੇ ਵਿੱਚ ਸਾਬਕਾ ਕੇਂਦਰੀ ਮੰਤਰੀ ਦਿਲੀਪ ਰੇਅ ਨੂੰ ਸੋਮਵਾਰ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਟਲ ਬਿਹਾਰੀ ਵਾਜਪਾਈ ਸਰਕਾਰ ਵਿੱਚ ਦਿਲੀਪ ਰੇਅ ਕੋਲਾ ਮੰਤਰੀ ਸਨ। ਵਿਸ਼ੇਸ਼ ਜੱਜ ਭਰਤ ਪ੍ਰਾਸ਼ਰ ਨੇ ਕੋਲਾ ਮੰਤਰਾਲੇ ਦੇ ਤਤਕਾਲੀ ਸੀਨੀਅਰ ਅਧਿਕਾਰੀ ਪ੍ਰਦੀਪ ਕੁਮਾਰ ਬੈਨਰਜੀ ਅਤੇ ਨਿਤਿਆਨੰਦ ਗੌਤਮ ਤੇ ਕੈਸਟ੍ਰਾਨ ਟੈਕਨਾਲੋਜੀ ਲਿਮਟਿਡ ਦੇ ਡਾਇਰੈਕਟਰ ਮਹਿੰਦਰ ਕੁਮਾਰ ਅਗਰਵਾਲ ਨੂੰ ਵੀ ਤਿੰਨ-ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਸਭਨਾਂ ਨੂੰ 10-10 ਲੱਖ ਰੁਪਏ ਜੁਰਮਾਨਾ ਵੀ ਲਗਾਇਆ ਹੈ।

# ਪੋਲੈਂਡ ਦੇ ਸ਼ਹਿਰ ਦੇ ਚੌਕ ਦਾ ਨਾਂ ਹਰਿਵੰਸ਼ ਰਾਏ ਬੱਚਨ ਨੂੰ ਸਮਰਪਿਤ




ਮੁੰਬਈ : ਪੋਲੈਂਡ ਦੇ ਸ਼ਹਿਰ ਰੌਕਲਾਅ ਨੇ ਇਕ ਚੌਕ ਦਾ ਨਾਂ ਭਾਰਤ ਦੇ ਪ੍ਰਸਿੱਧ ਕਵੀ ਹਰਿਵੰਸ਼ ਰਾਏ ਬੱਚਨ ਦੇ ਨਾਂ ਉਤੇ ਰੱਖਿਆ ਹੈ। ਹਰਿਵੰਸ਼ ਦੇ ਪੁੱਤਰ ਮੈਗਾਸਟਾਰ ਅਮਿਤਾਭ ਬਚਨ ਨੇ ਖ਼ੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਦਸਹਿਰੇ ਮੌਕੇ ਇਸ ਤੋਂ ਵੱਡਾ ਸਨਮਾਨ ਹੋਰ ਕੀ ਹੋ ਸਕਦਾ ਹੈ। 78 ਸਾਲਾ ਅਦਾਕਾਰ ਨੇ ਸੋਸ਼ਲ ਮੀਡੀਆ 'ਤੇ ਉਸ ਬੋਰਡ ਦੀ ਫੋਟੋ ਸਾਂਝੀ ਕੀਤੀ ਹੈ ਜਿਸ 'ਤੇ ਹਰਿਵੰਸ਼ ਰਾਏ ਬਚਨ ਦਾ ਨਾਂ ਲਿਖਿਆ ਹੋਇਆ ਹੈ। ਅਮਿਤਾਭ ਨੇ ਕਿਹਾ ਕਿ ਇਹ ਪਰਿਵਾਰ, ਪੌਲੈਂਡ ਦੇ ਭਾਰਤੀ ਭਾਈਚਾਰੇ ਤੇ ਭਾਰਤ ਲਈ ਬੇਹੱਦ ਮਾਣ ਵਾਲੀ ਗੱਲ ਹੈ। ਇਸ ਤੋਂ ਪਹਿਲਾਂ ਜੁਲਾਈ ਵਿਚ ਰੌਕਲਾਅ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਬੇਹੱਦ ਸਤਿਕਾਰੇ ਗਏ ਹਿੰਦੀ ਕਵੀ ਹਰਿਵੰਸ਼ ਦੀ ਪ੍ਰਸਿੱਧ ਕਵਿਤਾ 'ਮਧੂਸ਼ਾਲਾ' ਪੜ੍ਹੀ ਸੀ। 2019 ਵਿਚ ਅਮਿਤਾਭ ਪੋਲੈਂਡ ਗਏ ਸਨ ਜਿੱਥੇ ਉਨ੍ਹਾਂ ਦੇ ਪਿਤਾ ਦਾ ਮੁਲਕ ਦੇ ਇਕ ਸਭ ਤੋਂ ਪੁਰਾਣੇ ਚਰਚ ਵਿਚ ਸਨਮਾਨ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ 'ਨਈ ਕਵਿਤਾ ਸਾਹਿਤਕ ਮੁਹਿੰਮ' ਨਾਲ ਜੁੜੇ ਕਵੀ ਹਰਿਵੰਸ਼ ਰਾਏ ਬਚਨ ਨੂੰ 1976 ਵਿਚ ਹਿੰਦੀ ਸਾਹਿਤ ਵਿਚ ਪਾਏ ਯੋਗਦਾਨ ਲਈ ਪਦਮ ਭੂਸ਼ਣ ਦਿੱਤਾ ਗਿਆ ਸੀ। ਉਨ੍ਹਾਂ ਦਾ ਦੇਹਾਂਤ 2003 ਵਿਚ ਹੋਇਆ ਸੀ।

# ਕੇਂਦਰੀ ਮੰਤਰੀ ਰਮੇਸ਼ ਪੋਖਰਿਆਲ ਖ਼ਿਲਾਫ਼ ਅਦਾਲਤ ਦੇ ਅਪਮਾਨ ਦੀ ਕਾਰਵਾਈ 'ਤੇ ਸੁਪਰੀਮ ਕੋਰਟ ਵੱਲੋਂ ਰੋਕ



ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸਰਕਾਰੀ ਬੰਗਲਿਆਂ ਲਈ ਸਾਬਕਾ ਮੁੱਖ ਮੰਤਰੀਆਂ ਵੱਲੋਂ ਕਥਿਤ ਤੌਰ 'ਤੇ ਕਿਰਾਏ ਦੀ ਅਦਾਇਗੀ ਨਾ ਕਰਨ ਦੇ ਮਾਮਲੇ ਵਿੱਚ ਕੇਂਦਰੀ ਮੰਤਰੀ ਰਮੇਸ਼ ਪੋਖਰਿਆਲ ਖ਼ਿਲਾਫ਼ ਉੱਤਰਾਖੰਡ ਹਾਈ ਕੋਰਟ ਦੇ ਅਪਮਾਨ ਦੀ ਕਾਰਵਾਈ 'ਤੇ ਸੋਮਵਾਰ ਨੂੰ ਰੋਕ ਲਗਾ ਦਿੱਤੀ।

ਉਤਰਾਖੰਡ ਹਾਈ ਕੋਰਟ ਨੇ ਪਿਛਲੇ ਸਾਲ 3 ਮਈ ਨੂੰ ਰਾਜ ਦੇ ਸਾਬਕਾ ਮੁੱਖ ਮੰਤਰੀਆਂ ਨੂੰ ਅਹੁਦਾ ਛੱਡਣ ਦੇ ਬਾਅਦ, ਉਹ ਜਿੰਨਾ ਸਮਾਂ ਸਰਕਾਰੀ ਰਿਹਾਇਸ਼ ਵਿੱਚ ਰਹੇ, ਉਸ ਮਿਆਦ ਦਾ ਮਾਰਕਿਟ ਰੇਟ 'ਤੇ ਕਿਰਾਇਆ ਅਦਾ ਕਰਨ ਦਾ ਹੁਕਮ ਸੁਣਾਇਆ ਸੀ। ਹਾਈ ਕੋਰਟ ਨੇ 2001 ਤੋਂ ਰਾਜ ਦੇ ਸਾਬਕਾ ਮੁੱਖ ਮੰਤਰੀਆਂ ਨੂੰ ਰਿਹਾਇਸ਼ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਣ ਦੇ ਸਾਰੇ ਸਰਕਾਰੀ ਹੁਕਮਾਂ ਨੂੰ ਗੈਰਕਾਨੂੰਨੀ ਅਤੇ ਗੈਰ ਸੰਵਿਧਾਨਕ ਕਰਾਰ ਦਿੱਤਾ ਸੀ। ਅਦਾਲਤ ਨੇ ਹਦਾਇਤ ਕੀਤੀ ਸੀ ਕਿ ਸਾਬਕਾ ਮੁੱਖ ਮੰਤਰੀਆਂ ਨੂੰ ਰਾਜ ਦੁਆਰਾ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਬਿਜਲੀ, ਪਾਣੀ ਅਤੇ ਪੈਟਰੋਲ ਵਰਗੀਆਂ ਸਹੂਲਤਾਂ ਲਈ ਬਣਦੀ ਅਤੇ ਅਦਾਇਗੀਯੋਗ ਸਾਰੀ ਰਕਮ ਦਾ ਰਾਜ ਸਰਕਾਰ ਹੁਕਮਾਂ ਦੀ ਕਾਪੀ ਮਿਲਣ ਦੀ ਮਿਤੀ ਤੋਂ ਚਾਰ ਮਹੀਨਿਆਂ ਦੇ ਅੰਦਰ-ਅੰਦਰ ਹਿਸਾਬ ਕਿਤਾਬ ਕਰੇ।

# ਸੇਬੀ ਨੇ ਬਿਡਲਾ ਪੈਸੇਫਿਕ, ਯਸ਼ੋਵਰਧਨ ਬਿਡਲਾ ਤੇ ਅੱਠ ਹੋਰਨਾਂ 'ਤੇ ਦੋ ਸਾਲ ਲਈ ਪਾਬੰਦੀ ਲਾਈ



ਨਵੀਂ ਦਿੱਲੀ : ਸੇਬੀ ਨੇ ਆਈਪੀਓ ਰਾਹੀਂ ਇਕੱਠੀ ਕੀਤੀ ਰਾਸ਼ੀ ਦੀ ਦੁਰਵਰਤੋਂ ਦੇ ਮਾਮਲੇ ਵਿੱਚ ਬਿਡਲਾ ਪੈਸੇਫਿਕ ਮੇਡਸਪਾ ਲਿਮਟਿਡ, ਯਸ਼ੋਵਰਧਨ ਬਿਡਲਾ ਅਤੇ 8 ਹੋਰਨਾਂ ਕੰਪਨੀਆਂ 'ਤੇ ਸਕਿਊਰਿਟੀ ਬਾਜ਼ਾਰ ਵਿੱਚ ਕਿਸੇ ਤਰ੍ਹਾਂ ਦੀ ਖਰੀਦੋ ਫਰੋਖ਼ਤ 'ਤੇ ਦੋ ਵਰ੍ਹਿਆਂ ਲਈ ਰੋਕ ਲਗਾ ਦਿੱਤੀ ਹੈ। ਬਿਡਲਾ ਪੈਸੇਫਿਕ ਦਾ 65 ਕਰੋੜ ਦਾ ਆਈਪੀਓ ਜੂਨ 2011 ਵਿੱਚ ਆਇਆ ਸੀ। ਸੇਬੀ ਨੇ ਦੇਖਿਆ ਕਿ ਕੰਪਨੀ ਨੇ ਆਈਪੀਓ ਤੋਂ ਇਕੱਠੀ ਕੀਤੀ ਰਾਸ਼ੀ ਦੀ ਵਰਤੋਂ ਸਬੰਧੀ ਵੇਰਵਿਆਂ ਦੀ ਗਲਤ ਜਾਣਕਾਰੀ ਦਿੱਤੀ ਸੀ।

## ਜੇਡੀਯੂ ਲਈ ਸਿਆਸਤ 'ਕਾਰੋਬਾਰ' ਨਹੀਂ: ਨਿਤੀਸ਼




ਪਾਲੀਗੰਜ : ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਅੱਜ ਚਾਰ ਵੱਖ ਵੱਖ ਥਾਵਾਂ 'ਤੇ ਨਿਯਮਤ ਰੈਲੀਆਂ ਕਰਦਿਆਂ ਰਵਾਇਤੀ ਵਿਰੋਧੀ ਰਾਸ਼ਟਰੀ ਜਨਤਾ ਦਲ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ 'ਜੇਡੀਯੂ' ਲਈ ਸਿਆਸਤ ਕੋਈ 'ਕਾਰੋਬਾਰ' ਨਹੀਂ ਹੈ ਬਲਕਿ ਲੋਕਾਂ ਦੀ ਸੇਵਾ ਕਰਨ ਦਾ ਜ਼ਰੀਆ ਹੈ। ਕੁਮਾਰ ਨੇ ਕਿਹਾ ਕਿ ਸਾਲ 2005 ਵਿੱਚ ਬਿਹਾਰ ਦੀ ਸੱਤਾ ਦੀ ਕਮਾਨ ਆਪਣੇ ਹੱਥਾਂ ਵਿੱਚ ਲੈਣ ਮਗਰੋਂ ਐੱਨਡੀਏ ਸਰਕਾਰ ਨੇ ਸੂਬੇ ਵਿੱਚ 'ਜੰਗਲ ਰਾਜ' ਨੂੰ ਖ਼ਤਮ ਕਰਦਿਆਂ ਕਾਨੂੰਨ ਦਾ ਰਾਜ ਬਹਾਲ ਕੀਤਾ। ਰੈਲੀਆਂ ਦੌਰਾਨ ਮੁੱਖ ਮੰਤਰੀ ਨੇ ਆਪਣਾ ਸਾਰਾ ਜ਼ੋਰ ਆਰਜੇਡੀ ਦੀ ਅਗਵਾਈ ਵਾਲੇ ਮਹਾਗੱਠਜੋੜ ਤੇ ਰਵਾਇਤੀ ਵਿਰੋਧੀ ਲਾਲੂ ਪ੍ਰਸਾਦ ਉੱਤੇ ਹਮਲੇ ਕਰਨ ਵਿੱਚ ਲਾਇਆ। ਕੁਮਾਰ ਨੇ ਆਪਣੇ ਪਿਛਲੇ ਪੰਦਰਾਂ ਸਾਲ ਦੇ ਕਾਰਜਕਾਲ ਦੌਰਾਨ ਕੀਤੇ ਕੰਮਾਂ 'ਤੇ ਚਾਨਣਾ ਪਾਉਂਦਿਆਂ ਲੋਕਾਂ ਨਾਲ ਵਾਅਦਾ ਕੀਤਾ ਕਿ ਜੇਕਰ ਉਹ ਇਕ ਹੋਰ ਮੌਕਾ ਦਿੰਦੇ ਹਨ ਤਾਂ ਉਹ 'ਸੱਤ ਨਿਸ਼ਚੈ' ਭਾਗ ਦੋ ਤਹਿਤ ਵਿਕਾਸ ਕਾਰਜਾਂ ਨੂੰ ਅੱਗੇ ਲਿਜਾਣਗੇ।

## ਜੰਮੂ ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਬਹਾਲੀ ਲਈ ਗੱਠਜੋੜ ਕਾਇਮ



ਸ੍ਰੀਨਗਰ: ਜੰਮੂ ਕਸ਼ਮੀਰ ਦੀਆਂ ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਨੇ ਅੱਜ ਮੀਟਿੰਗ ਕੀਤੀ ਤੇ ਸੂਬੇ ਦੇ ਵਿਸ਼ੇਸ਼ ਦਰਜੇ ਦੀ ਬਹਾਲੀ ਲਈ ਇੱਕ ਗੱਠਜੋੜ ਬਣਾਇਆ। ਇਹ ਗੱਠਜੋੜ ਇਸ ਮੁੱਦੇ 'ਤੇ ਸਾਰੀਆਂ ਸਬੰਧਤ ਧਿਰਾਂ ਨਾਲ ਵਾਰਤਾ ਵੀ ਸ਼ੁਰੂ ਕਰੇਗਾ।

ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲ੍ਹਾ ਦੀ ਰਿਹਾਇਸ਼ 'ਤੇ ਹੋਈ ਮੀਟਿੰਗ 'ਚ ਪੀਡੀਪੀ ਮੁਖੀ ਮਹਿਬੂਬਾ ਮੁਫ਼ਤੀ, ਪੀਪਲਜ਼ ਕਾਨਫਰੰਸ ਦੇ ਪ੍ਰਧਾਨ ਸੱਜਾਦ ਲੋਨ, ਪੀਪਲਜ਼ ਮੂਵਮੈਂਟ ਦੇ ਆਗੂ ਜਾਵੇਦ ਮੀਰ ਤੇ ਸੀਪੀਆਈ (ਐੱਮ) ਦੇ ਆਗੂ ਮੁਹੰਮਦ ਯੂਸਫ ਤਰੀਗਾਮੀ ਹਾਜ਼ਰ ਹੋਏ। ਤਕਰੀਬਨ ਦੋ ਘੰਟੇ ਚੱਲੀ ਮੀਟਿੰਗ ਮਗਰੋਂ ਫਾਰੂਕ ਅਬਦੁੱਲ੍ਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਰੇ ਆਗੂਆਂ ਨੇ ਗੱਠਜੋੜ ਬਣਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਦਾ ਨਾਂ 'ਪੀਪਲਜ਼ ਅਲਾਇੰਸ ਫਾਰ ਗੁਪਕਾਰ ਡੈਕਲੇਰੇਸ਼ਨ' ਰੱਖਿਆ ਗਿਆ ਹੈ। ਨੈਸ਼ਨਲ ਕਾਨਫਰੰਸ ਦੇ ਮੁਖੀ ਨੇ ਕਿਹਾ ਕਿ ਗੱਠਜੋੜ ਜੰਮੂ ਕਸ਼ਮੀਰ ਦੇ ਸਬੰਧ 'ਚ ਸੰਵਿਧਾਨਕ ਸਥਿਤੀ ਬਹਾਲ ਕਰਨ ਦੀਆਂ ਕੋਸ਼ਿਸ਼ਾਂ ਕਰੇਗਾ ਜਿਵੇਂ ਕਿ ਪਿਛਲੇ ਸਾਲ ਪੰਜ ਅਗਸਤ ਤੋਂ ਪਹਿਲਾਂ ਸੀ। ਉਨ੍ਹਾਂ ਕਿਹਾ, 'ਜੰਮੂ ਕਸ਼ਮੀਰ ਤੇ ਲੱਦਾਖ ਤੋਂ ਜੋ ਖੋਹ ਲਿਆ ਗਿਆ ਹੈ, ਉਸ ਦੀ ਬਹਾਲੀ ਲਈ ਅਸੀਂ ਸੰਘਰਸ਼ ਕਰਾਂਗੇ। ਸਾਡੀ ਸੰਵਿਧਾਨਕ ਲੜਾਈ ਹੈ। ਅਸੀਂ (ਜੰਮੂ ਕਸ਼ਮੀਰ ਦੇ ਸਬੰਧ 'ਚ) ਸੰਵਿਧਾਨ ਦੀ ਬਹਾਲੀ ਲਈ ਕੋਸ਼ਿਸ਼ਾਂ ਕਰਾਂਗੇ ਜਿਵੇਂ ਕਿ ਪੰਜ ਅਗਸਤ 2019 ਤੋਂ ਪਹਿਲਾਂ ਸੀ।' ਅਬਦੁੱਲ੍ਹਾ ਨੇ ਕਿਹਾ ਕਿ ਗੱਠਜੋੜ ਜੰਮੂ ਕਸ਼ਮੀਰ ਦੇ ਮੁੱਦੇ ਦੇ ਹੱਲ ਲਈ ਸਾਰੀਆਂ ਸਬੰਧਤ ਧਿਰਾਂ ਨਾਲ ਗੱਲਬਾਤ ਵੀ ਕਰੇਗਾ। ਉਨ੍ਹਾਂ ਕਿਹਾ, 'ਆਉਣ ਵਾਲੇ ਸਮੇਂ 'ਚ ਅਸੀਂ ਤੁਹਾਨੂੰ ਭਵਿੱਖੀ ਯੋਜਨਾਵਾਂ ਬਾਰੇ ਜਾਣੂ ਕਰਾਵਾਂਗੇ।' ਨੈਸ਼ਨਲ ਕਾਨਫਰੰਸ ਦੇ ਮੀਤ ਪ੍ਰਧਾਨ ਉਮਰ ਅਬਦੁੱਲ੍ਹਾ ਤੇ ਹੋਰ ਸੀਨੀਅਰ ਆਗੂ ਮੀਟਿੰਗ 'ਚ ਹਾਜ਼ਰ ਸਨ। ਜੇਕੇਪੀਸੀਸੀ ਦੇ ਪ੍ਰਧਾਨ ਗੁਲਾਮ ਅਹਿਮਦ ਮੀਰ ਮੈਡੀਕਲ ਕਾਰਨਾਂ ਕਰਕੇ ਮੀਟਿੰਗ 'ਚ ਸ਼ਾਮਲ ਨਾ ਹੋ ਸਕੇ। ਅਬਦੁੱਲ੍ਹਾ ਨੇ ਕਿਹਾ ਮੀਟਿੰਗ 'ਚ ਸ਼ਾਮਲ ਆਗੂਆਂ ਨੇ ਪੀਡੀਪੀ ਪ੍ਰਧਾਨ ਮਹਿਬੂਬਾ ਮੁਫ਼ਤੀ ਨੂੰ 14 ਮਹੀਨੇ ਦੀ ਹਿਰਾਸਤ ਤੋਂ ਬਾਅਦ ਰਿਹਾਅ ਹੋਣ ਦੀ ਵਧਾਈ ਦਿੱਤੀ ਤੇ ਉਨ੍ਹਾਂ ਨੇ ਹਿਰਾਸਤ ਨੂੰ ਪੂਰੀ ਤਰ੍ਹਾਂ ਗ਼ੈਰਕਾਨੂੰਨੀ ਤੇ ਨਾਜਾਇਜ਼ ਕਰਾਰ ਦਿੱਤਾ।

## ਡਰੱਗ ਕੇਸ: ਆਦਿੱਤਿਆ ਅਲਵਾ ਦੀ ਭਾਲ ਲਈ ਵਿਵੇਕ ਓਬਰਾਏ ਦੇ ਘਰ ਛਾਪਾ



ਬੰਗਲੂਰੂ : ਬੰਗਲੂਰੂ ਪੁਲੀਸ ਵੱਲੋਂ ਅੱਜ ਮੁੰਬਈ ਵਿੱਚ ਬੌਲੀਵੁੱਡ ਅਦਾਕਾਰ ਵਿਵੇਕ ਓਬਰਾਏ ਦੀ ਮੁੰਬਈ ਵਿਚਲੀ ਰਿਹਾਇਸ਼ 'ਤੇ ਡਰੱਗ ਕੇਸ 'ਚ ਲੋੜੀਂਦੇ ਉਸ ਦੇ ਸਾਲੇ ਆਦਿੱਤਿਆ ਅਲਵਾ ਦੀ ਭਾਲ ਲਈ ਛਾਪਾ ਮਾਰਿਆ ਗਿਆ। ਜਾਇੰਟ ਪੁਲੀਸ ਕਮਿਸ਼ਨਰ ਸੰਦੀਪ ਪਾਟਿਲ ਨੇ ਦੱਸਿਆ ਕਿ ਅਦਿੱਤਿਆ ਅਲਵਾ ਖ਼ਿਲਾਫ਼ ਬੰਗਲੂਰੂ ਦੇ ਕੌਟਨਪੈਟ ਥਾਣੇ 'ਚ ਦਰਜ ਡਰੱਗ ਕੇਸ ਵਿੱਚ ਫਰਾਰ ਚੱਲ ਰਿਹਾ ਹੈ। ਉਨ੍ਹਾਂ ਕਿਹਾ, 'ਵਿਵੇਕ ਓਬਰਾਏ ਉਸਦਾ ਰਿਸ਼ਤੇਦਾਰ ਹੈ ਅਤੇ ਸਾਨੂੰ ਸੂਹ ਮਿਲੀ ਸੀ ਅਲਵਾ ਉੱਥੇ ਹੈ। ਇਸ ਲਈ ਅਦਾਲਤ ਤੋਂ ਵਾਰੰਟ ਹਾਸਲ ਕਰਕੇ ਕੇਂਦਰੀ ਅਪਰਾਧ ਸ਼ਾਖਾ ਦੀ ਟੀਮ ਉਸਦੇ ਮੁੰਬਈ ਸਥਿਤ ਘਰ ਛਾਪਾ ਮਾਰਨ ਗਈ।' ਉਨ੍ਹਾਂ ਕਿਹਾ ਕਿ ਪੁਲੀਸ ਦਾ ਮੰਨਣਾ ਹੈ ਕਿ ਸ਼ਾਇਦ ਉਹ ਜਾਣਦਾ ਹੈ ਕਿ ਆਦਿੱਤਿਆ ਅਲਵਾ ਕਿੱਥੇ ਹੈ। ਇਸ ਲਈ ਇਹ ਛਾਪੇ ਮਾਰੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਆਦਿੱਤਿਆ ਅਲਵਾ ਸਾਬਕਾ ਮੰਤਰੀ ਜੀਵਾਰਾਜ ਅਲਵਾ ਦੀ ਬੇਟਾ ਹੈ।

## ਅਦਾਕਾਰ ਮਿਥੁਨ ਚੱਕਰਵਰਤੀ ਦੇ ਪੁੱਤਰ ਮਹਾਕਸ਼ਯ ਤੇ ਪਤਨੀ ਯੋਗਿਤਾ ਬਾਲੀ ਖ਼ਿਲਾਫ਼ ਬਲਾਤਕਾਰ ਤੇ ਧੋਖਾਧੜੀ ਦਾ ਕੇਸ ਦਰਜ



ਮੁੰਬਈ : ਮੁੰਬਈ ਪੁਲੀਸ ਨੇ ਬੌਲੀਵੁੱਡ ਅਦਾਕਾਰ ਮਿਥੁਨ ਚੱਕਰਵਰਤੀ ਦੇ ਪੁੱਤਰ ਮਹਾਕਸ਼ਯ ਅਤੇ ਪਤਨੀ ਯੋਗੀਤਾ ਬਾਲੀ ਖਿਲਾਫ ਬਲਾਤਕਾਰ ਅਤੇ ਧੋਖਾਧੜੀ ਦੀ ਸ਼ਿਕਾਇਤ 'ਤੇ ਕੇਸ ਦਰਜ ਕੀਤਾ ਹੈ। ਪੁਲੀਸ ਮੁਤਾਬਕ 38 ਸਾਲਾ ਔਰਤ ਦੀ ਸ਼ਿਕਾਇਤ ਦੇ ਅਧਾਰ 'ਤੇ ਵੀਰਵਾਰ ਦੀ ਰਾਤ ਨੂੰ ਇਹ ਕੇਸ ਓਸ਼ੀਵਾੜਾ ਥਾਣੇ ਵਿੱਚ ਦਰਜ ਕੀਤਾ ਗਿਆ ਸੀ। ਅਧਿਕਾਰੀ ਨੇ ਕਿਹਾ, "ਸ਼ਿਕਾਇਤਕਰਤਾ ਨੇ ਕਿਹਾ ਕਿ ਉਹ ਸਾਲ 2015 ਤੋਂ 2018 ਤੱਕ ਮਹਾਕਸ਼ੈ ਚੱਕਰਵਰਤੀ ਦੇ ਨਾਲ ਸਬੰਧ ਵਿੱਚ ਸੀ ਅਤੇ ਉਸ ਸਮੇਂ ਦੌਰਾਨ ਉਸ ਨੇ ਉਸ ਨਾਲ ਵਿਆਹ ਕਰਾਉਣ ਦਾ ਵਾਅਦਾ ਕੀਤਾ ਸੀ।" ਔਰਤ ਨੇ ਕਿਹਾ ਕਿ ਉਨ੍ਹਾਂ ਦੇ ਰਿਸ਼ਤੇ ਦੌਰਾਨ ਉਹ ਅੰਧੇਰੀ ਪੱਛਮ ਦੇ ਆਦਰਸ਼ ਨਗਰ ਵਿਖੇ ਮਹਾਕਸ਼ਯ ਦਾ ਫਲੈਟ ਦੇਖਣ ਗਈ ਸੀ, ਜਿਸ ਨੂੰ ਉਸ ਨੇ ਸਾਲ 2015 ਵਿੱਚ ਖਰੀਦਿਆ ਸੀ। ਉਸ ਨੇ ਕਿਹਾ ਕਿ ਜਦੋਂ ਉਹ ਉਥੇ ਗਈ ਤਾਂ ਮੁਲਜ਼ਮ ਨੇ ਉਸ ਨੂੰ ਸੌਫਟ ਡ੍ਰਿੰਕਸ ਪੀਣ ਦੀ ਪੇਸ਼ਕਸ਼ ਕੀਤੀ ਅਤੇ ਉਸ ਨੂੰ ਉਸ ਨਾਲ ਸਰੀਰਕ ਸਬੰਧ ਬਣਾਉਣ ਲਈ ਮਜਬੂਰ ਕੀਤਾ। ਔਰਤ ਨੇ ਦੋਸ਼ ਲਾਇਆ ਕਿ ਜਦੋਂ ਉਹ ਗਰਭਵਤੀ ਹੋਈ ਤਾਂ ਮਹਾਕਸ਼ਯ ਨੇ ਉਸ ਨੂੰ ਗਰਭਪਾਤ ਕਰਨ ਲਈ ਗੋਲੀਆਂ ਦਿੱਤੀਆਂ। ਔਰਤ ਨੇ ਕਿਹਾ ਕਿ ਉਹ ਮਹਾਕਸ਼ਯ ਨੂੰ ਆਮ ਤੌਰ 'ਤੇ ਦੋਵਾਂ ਦੇ ਵਿਆਹ ਬਾਰੇ ਪੁੱਛਦੀ ਪਰ ਉਹ ਕੋਈ ਜੁਆਬ ਨਾ ਦਿੰਦਾ। ਜਨਵਰੀ 2018 ਵਿਚ ਉਸ ਨੇ ਵਿਆਹ ਨਾ ਕਰਵਾਉਣ ਬਾਰੇ ਸਾਫ਼ ਆਖ ਦਿੱਤਾ, ਜਿਸ ਕਾਰਨ ਉਨ੍ਹਾਂ ਵਿਚਾਲੇ ਝਗੜਾ ਹੋ ਗਿਆ। ਉਸ ਨੇ ਕਿਹਾ ਕਿ ਮਹਾਕਸ਼ਯ ਦੀ ਮਾਂ ਯੋਗੀਤਾ ਬਾਲੀ ਨੇ ਉਸ ਨੂੰ ਧਮਕੀ ਦਿੱਤੀ। ਬਾਅਦ ਵਿਚ ਸ਼ਿਕਾਇਤਕਰਤਾ ਆਪਣੇ ਭਰਾ ਨਾਲ ਦਿੱਲੀ ਚਲੀ ਗਈ। ਉਥੇ ਹੀ ਉਸ ਨੇ ਮਹਾਕਸ਼ਯ ਅਤੇ ਉਸ ਦੀ ਮਾਂ ਯੋਗਿਤਾ ਬਾਲੀ ਖ਼ਿਲਾਫ਼ ਜੂਨ 2018 ਵਿੱਚ ਬੇਗਮਪੁਰ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ। ਬਾਅਦ ਵਿਚ ਦਿੱਲੀ ਦੀ ਅਦਾਲਤ ਨੇ ਇਸ ਕੇਸ ਵਿਚ ਮਹਾਕਸ਼ਯ ਅਤੇ ਉਸ ਦੀ ਮਾਂ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਸੀ। ਮਾਰਚ 2020 ਵਿਚ ਦਿੱਲੀ ਹਾਈ ਕੋਰਟ ਨੇ ਔਰਤ ਨੂੰ ਉਸ ਇਲਾਕੇ ਦੀ ਅਦਾਲਤ ਵਿੱਚ ਆਪਣੀ ਸ਼ਿਕਾਇਤ ਦਰਜ ਕਰਾਉਣ ਲਈ ਕਿਹਾ ਸੀ, ਜਿਥੇ ਇਹ ਜੁਰਮ ਹੋਇਆ ਸੀ। ਇਸ ਤੋਂ ਬਾਅਦ ਉਸਨੇ ਇਸ ਸਾਲ ਜੁਲਾਈ ਵਿੱਚ ਓਸ਼ੀਵਾੜਾ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ।

## ਝੂਠ ਦੀ ਸਿਆਸਤ ਕਰ ਰਹੇ ਨੇ ਚਿਰਾਗ: ਯਾਦਵ

ਪਟਨਾ : ਭਾਜਪਾ ਦੇ ਸੀਨੀਅਰ ਆਗੂ ਤੇ ਬਿਹਾਰ ਦੇ ਪਾਰਟੀ ਇੰਚਾਰਜ



ਭੁਪੇਂਦਰ ਯਾਦਵ ਨੇ ਐੱਨਡੀਏ ਤੇ ਨਿਤੀਸ਼ ਕੁਮਾਰ ਬਾਰੇ ਲੋਕ ਜਨਸ਼ਕਤੀ ਪਾਰਟੀ ਦੇ ਆਗੂ ਚਿਰਾਗ ਪਾਸਵਾਨ ਵੱਲੋਂ ਦਿੱਤੇ ਗਏ ਬਿਆਨ ਨੂੰ ਮੰਦਭਾਗਾ ਕਰਾਰ ਦਿੰਦਿਆਂ ਅੱਜ ਕਿਹਾ ਕਿ ਪਹਿਲਾਂ ਉਹ ਬਿਹਾਰ ਸਰਕਾਰ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹ ਰਹੇ ਸਨ ਪਰ ਹੁਣ ਨਿੱਜੀ ਸਵਾਰਥ ਹਿੱਤ ਝੂਠ ਦੀ ਸਿਆਸਤ ਕਰ ਰਹੇ ਹਨ। ਸ੍ਰੀ ਯਾਦਵ ਨੇ ਟਵੀਟ ਕੀਤਾ, 'ਚਿਰਾਗ ਪਾਸਵਾਨ ਵੱਲੋਂ ਐੱਨਡੀਏ ਤੇ ਨਿਤੀਸ਼ ਕੁਮਾਰ ਬਾਰੇ ਦਿੱਤਾ ਗਿਆ ਬਿਆਨ ਮੰਦਭਾਗਾ ਹੈ। ਇਸੇ ਗੱਠਜੋੜ 'ਚ ਰਹਿ ਕੇ ਉਹ ਚੋਣ ਲੜੇ ਤੇ ਸੰਸਦ ਮੈਂਬਰ ਬਣੇ।' ਭਾਜਪਾ ਆਗੂ ਨੇ ਦੋਸ਼ ਲਾਇਆ ਕਿ ਹੁਣ ਚਿਰਾਗ ਨਿੱਜੀ ਸਵਾਰਥ ਹਿੱਤ ਝੂਠ ਦੀ ਸਿਆਸਤ ਕਰ ਰਹੇ ਹਨ।

Wishing you a very happy and prosperous Diwali!

A1 HOME IMPROVEMENTS

ABN: 44 105 366 809

ABN: 44 105 366 809

3/40 Charles Street
St Marys NSW 2760

0449 111 111

JAS@A1HOME.COM.AU

A1HOME.COM.AU

OVER 25 YEARS OF EXPERIENCE WITH:

GATES/FENCES
STAIRS
AUTOMATIC GATES
HANDRAILS
GLASSWORK
TIMBER DECKS
AWNINGS
GAZEBOS
PERGOLAS
SHOWERSCREENS
STRUCTURAL STEEL
POOL FENCES










CUSTOM QUALITY HOMES AT PROJECT PRICES

SINGLE STOREY
DOUBLE STOREY
DUPLEX
GRANNY FLATS
COMMERCIAL
RENOVATIONS



A1 HOME BUILDERS

0449 111 111
WWW.A1HOMEBUILDERS.COM.AU
INFO@A1HOMEBUILDERS.COM.AU
@A1HOMEBUILDERS
@A1HOMEBUILDERS_
HIA MEMBER you're in good hands
LICENCE: 303056C




# ਕਈ ਬੀਮਾਰੀਆਂ 'ਚ ਦਵਾਈ ਦਾ ਕੰਮ ਕਰਦਾ ਹੈ ਜੈਤੂਨ ਦਾ ਤੇਲ

ਨਵੀਂ ਦਿੱਲੀ— ਜੈਤੂਨ ਤੇਲ ਦੀ ਵਰਤੋਂ ਸਾਡੇ ਸਰੀਰ ਲਈ ਬਹੁਤ ਹੀ ਫਾਇਦੇਮੰਦ ਹੁੰਦੀ ਹੈ। ਇਸ 'ਚ ਵਿਟਾਮਿਨ-ਈ ਅਤੇ ਵਿਟਾਮਿਨ-ਕੇ ਤੋਂ ਇਲਾਵਾ ਚੰਗੀ ਮਾਤਰਾ 'ਚ ਓਮੇਗਾ-3 ਅਤੇ ਓਮੇਗਾ-6 ਐਸਿਡ ਅਤੇ ਐਂਟੀ-ਆਕਸੀਡੈਂਟ ਮੌਜੂਦ ਹੁੰਦੇ ਹਨ। ਇਸ ਨਾਲ ਸਾਡਾ ਸਰੀਰ ਕਈ ਬੀਮਾਰੀਆਂ ਤੋਂ ਬਚਿਆ ਰਹਿੰਦਾ ਹੈ।ਜੈਤੂਨ ਦੇ ਤੇਲ ਦੀ ਵਰਤੋਂ ਭੋਜਨ ਪਕਾਉਣ ਲਈ ਕੀਤੀ ਜਾਂਦੀ ਹੈ। ਇਸ ਨਾਲ ਖਾਣੇ ਦਾ ਸੁਆਦ ਤਾਂ ਵਧਦਾ ਹੀ ਹੈ ਨਾਲ ਹੀ ਇਹ ਸਿਹਤ ਲਈ ਵੀ ਕਾਫੀ ਫਾਇਦੇਮੰਦ ਹੁੰਦਾ ਹੈ।ਇਸ ਨਾਲ ਤੁਸੀਂ ਹਾਰਟ ਅਟੈਕ ਅਤੇ ਖ਼ੂਨ ਜੰਮਣ ਦੀ ਸਮੱਸਿਆ ਤੋਂ ਬਚੇ ਰਹਿੰਦੇ ਹੋ ਪਰ ਜੈਤੂਨ ਦੇ ਤੇਲ 'ਚ ਨਿੰਬੂ ਦਾ ਰਸ ਮਿਲਾ ਕੇ ਪੀਣ ਨਾਲ ਤੁਸੀਂ ਕਈ ਛੋਟੀਆਂ-ਮੋਟੀਆਂ ਪ੍ਰੇਸ਼ਾਨੀਆਂ ਤੋਂ ਬਚੇ ਰਹਿ ਸਕਦੇ ਹੋ। ਅੱਜ ਅਸੀਂ ਤੁਹਾਨੂੰ ਦੱਸਣ ਜਾ ਰਹੇ ਹਾਂ ਕਿ ਜੈਤੂਨ ਦੇ ਤੇਲ ਦੀ ਰੋਜ਼ਾਨਾ ਵਰਤੋਂ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਇਸ ਬਾਰੇ...



1. ਮੋਟਾਪਾ

ਜੈਤੂਨ ਤੇਲ ਦੀ ਵਰਤੋਂ ਨਾਲ ਤੁਹਾਨੂੰ ਸਿਹਤਮੰਦ ਫੈਟ ਮਿਲਦੀ ਹੈ। ਜੇਕਰ ਤੁਸੀਂ ਸਲਾਦ ਦੇ ਉੱਪਰ ਜੈਤੂਨ ਦਾ ਤੇਲ ਪਾ ਕੇ ਖਾਂਦੇ ਹੋ ਤਾਂ ਇਸ ਨਾਲ ਭੁੱਖ ਘੱਟ ਲੱਗਦੀ ਹੈ।ਇਸ ਨਾਲ ਤੁਹਾਡਾ ਮੋਟਾਪਾ ਜਲਦੀ ਘੱਟ ਹੋਵੇਗਾ।

2. ਤਣਾਅ

ਅੱਜਕਲ ਦੇ ਲਾਈਫ ਸਟਾਈਲ ਕਾਰਨ ਲੋਕਾਂ 'ਚ ਤਣਾਅ ਦੀ ਸਮੱਸਿਆ ਆਮ ਦੇਖਣ ਨੂੰ ਮਿਲਦੀ ਹੈ ਪਰ ਜੇਕਰ ਤੁਸੀਂ ਰੋਜ਼ਾਨਾਂ ਆਪਣੀ ਖ਼ੁਰਾਕ 'ਚ ਜੈਤੂਨ ਦੇ ਤੇਲ ਦੀ ਵਰਤੋਂ ਕਰੋ ਤਾਂ ਤੁਸੀਂ ਆਪਣੇ ਆਪ ਨੂੰ ਤਾਜ਼ਾ ਮਹਿਸੂਸ ਕਰੋਗੇ।

3. ਸ਼ੂਗਰ

ਜੇਕਰ ਤੁਸੀਂ ਆਪਣੇ ਖਾਣੇ 'ਚ ਜੈਤੂਨ ਦੇ ਤੇਲ ਦੀ ਵਰਤੋਂ ਕਰਦੇ ਹੋ ਤਾਂ ਇਸ ਨਾਲ ਸਿਰਫ ਸ਼ੂਗਰ ਹੀ ਨਹੀਂ ਸਗੋਂ ਜੋ ਲੋਕ ਇਸ ਤੋਂ ਦੂਰ ਰਹਿਣਾ ਚਾਹੁੰਦੇ ਹਨ, ਉਨ੍ਹਾਂ ਲਈ ਵੀ ਵਧੀਆ ਹੈ। ਇਸ ਨੂੰ ਲਗਾਤਾਰ ਲੈਣ ਨਾਲ ਦਿਲ ਸਬੰਧੀ ਰੋਗ ਵੀ ਠੀਕ ਹੋ ਜਾਂਦੇ ਹਨ।

4. ਦਿਮਾਗ

ਜੈਤੂਨ ਦੇ ਤੇਲ ਨੂੰ ਦਿਮਾਗ ਲਈ ਵੀ ਚੰਗਾ ਮੰਨਿਆ ਜਾਂਦਾ ਹੈ। ਇਸ 'ਚ ਵਿਟਾਮਿਨ-ਈ ਕਾਫੀ ਮਾਤਰਾ 'ਚ ਮੌਜੂਦ ਹੁੰਦਾ ਹੈ ਜੋ ਦਿਮਾਗ ਤੇਜ਼ ਕਰਨ 'ਚ ਮਦਦ ਕਰਦਾ ਹੈ।

5. ਛਾਤੀ ਦੇ ਕੈਂਸਰ ਤੋਂ ਬਚਾਅ

ਰੋਜ਼ਾਨਾ ਜੈਤੂਨ ਤੇਲ ਨੂੰ ਆਪਣੀ ਖ਼ੁਰਾਕ 'ਚ ਸ਼ਾਮਲ ਕਰਨ ਨਾਲ ਛਾਤੀ ਦਾ ਕੈਂਸਰ ਹੋਣ ਦੀ ਸੰਭਾਵਨਾ ਕਾਫੀ ਘੱਟ ਜਾਂਦੀ ਹੈ। ਇਸ 'ਚ ਅਜਿਹੇ ਤੱਤ ਮੌਜੂਦ ਹੁੰਦੇ ਹਨ ਜੋ ਔਰਤਾਂ ਨੂੰ ਛਾਤੀ ਦੇ ਕੈਂਸਰ ਤੋਂ ਬਚਾਉਂਦੇ ਹਨ।

6. ਜੋੜਾਂ ਦਾ ਦਰਦ

ਜੋੜਾਂ ਦੇ ਦਰਦ ਨੂੰ ਠੀਕ ਕਰਨ ਲਈ ਤੁਸੀਂ 2 ਚੱਮਚ ਸੇਬ ਦੇ ਸਿਰਕੇ 'ਚ ਜੈਤੂਨ ਦਾ ਤੇਲ ਪਾ ਕੇ ਮਿਕਸ ਕਰ ਲਓ। ਹੁਣ ਇਸ ਨੂੰ ਦਰਦ ਵਾਲੀ ਥਾਂ 'ਤੇ ਲਗਾਓ। ਇਕ ਹਫਤੇ ਤੱਕ ਇਸੇ ਤਰ੍ਹਾਂ ਕਰਨ ਨਾਲ ਦਰਦ ਠੀਕ ਹੋ ਜਾਵੇਗਾ।

7. ਕਬਜ਼ ਤੋਂ ਰਾਹਤ

ਗਲਤ ਖਾਣ-ਪੀਣ ਕਾਰਨ ਕਬਜ਼ ਦੀ ਸਮੱਸਿਆ ਹੋਣਾ ਆਮ ਗੱਲ ਹੈ। ਇਨ੍ਹਾਂ ਦੋਵਾਂ 'ਚ ਮੌਜੂਦ ਲੈਕਸਟਿਵ ਅਤੇ ਇੰਫਿਲੀਮੇਟਰੀ ਗੁਣ ਤੁਹਾਡੀ ਇਸ ਸਮੱਸਿਆ ਨੂੰ ਦੂਰ ਕਰਦੇ ਹਨ। ਇਸ ਦੀ ਵਰਤੋਂ ਨਾਲ ਗੈਸ, ਪੇਟ 'ਚ ਕਸਾਅ ਅਤੇ ਐਸਿਡ ਬਣਨਾ ਬੰਦ ਹੋ ਜਾਂਦਾ ਹੈ।

8. ਕੋਲੈਸਟਰੋਲ ਕੰਟਰੋਲ ਕਰਨਾ

ਜੈਤੂਨ ਦੇ ਤੇਲ 'ਚ ਮੌਜੂਦ ਵਸਾ ਖ਼ੂਨ 'ਚ ਲਿਪਿਡ ਨੂੰ ਬਣਾਈ ਰੱਖਦਾ ਹੈ। ਇਸ ਲਈ ਰੋਜ਼ਾਨਾ ਇਸ ਨੂੰ ਲੈਣ ਨਾਲ ਖਰਾਬ ਕੋਲੈਸਟਰੋਲ ਦਾ ਪੱਧਰ ਘੱਟ ਹੋ ਜਾਂਦਾ ਹੈ। ਇਸ ਨਾਲ ਹੀ ਇਹ ਟ੍ਰਾਈਗਿਲਸਰਾਈਡਸ ਨੂੰ ਕੰਟਰੋਲ ਕਰਕੇ ਚੰਗੇ ਕੋਲੈਸਟਰੋਲ ਦੇ ਪੱਧਰ ਨੂੰ ਵਧਾਉਂਦਾ ਹੈ।

# ਸਵੇਰ ਦੀ ਸੈਰ ਨਾਲ ਇਹ ਪੰਜ ਕੰਮ ਕਰਨ ਨਾਲ ਹੁੰਦੇ ਹਨ ਇਹ ਫਾਇਦੇ

ਜਲੰਧਰ— ਫਿੱਟ ਰਹਿਣ ਲਈ ਲੋਕ ਸਵੇਰ ਦੀ ਸੈਰ ਕਰਦੇ ਹਨ। ਪਰ ਜੇ ਇਸ ਦੌਰਾਨ ਕੁਝ ਵਾਧੂ ਐਕਟੀਵਿਟਿਜ਼ ਵੀ ਕਰ ਲਈਆਂ ਜਾਣ ਤਾਂ ਸਿਹਤ ਨੂੰ ਦੁਗਣਾ ਫਾਇਦਾ ਹੋ ਸਕਦਾ ਹੈ। ਇਨ੍ਹਾਂ ਐਕਟੀਵਿਟਿਜ਼ ਦਾ ਸਰੀਰ 'ਤੇ ਸਕਾਰਾਤਮਕ ਅਸਰ ਪੈਂਦਾ ਹੈ, ਜਿਸ ਨਾਲ ਸਿਹਤ ਸੰਬੰਧੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਅੱਜ ਅਸੀਂ ਤੁਹਾਨੂੰ ਦੱਸਾਂਗੇ ਕਿ ਸਵੇਰ ਦੀ ਸੈਰ ਦੌਰਾਨ ਕਿਹੜੇ ਕੰਮ ਕਰਨ ਨਾਲ ਦੁਗਣੇ ਫਾਇਦੇ ਹੋਣਗੇ।

1. ਸਟਰੇਚਿੰਗ ਕਰੋ

ਰੋਜ਼ ਸਵੇਰ ਦੀ ਸੈਰ ਕਰਦੇ ਸਮੇਂ ਪੰਜ ਤੋਂ ਦੱਸ ਮਿੰਟ ਪੂਰੇ ਸਰੀਰ ਨੂੰ ਸਟਰੇਚਿੰਗ ਜ਼ਰੂਰ ਕਰੋ।

ਲਾਭ- ਇਸ ਨਾਲ ਸਰੀਰ ਦੀ ਖ਼ੂਨ ਗਤੀ ਸੁਧਰੇਗੀ, ਜਿਸ ਨਾਲ ਤਣਾਅ ਦੂਰ ਹੋਵੇਗਾ। ਇਸ ਦੇ ਇਲਾਵਾ ਸਟੈਮਿਨਾ ਵੱਧੇਗਾ ਅਤੇ ਦਿਮਾਗ ਨੂੰ ਐਕਟਿਵ ਰੱਖਣ 'ਚ ਮਦਦ ਮਿਲੇਗੀ।

2. ਨਿੰਮ ਦੀ ਦਾਤਨ ਕਰੋ

ਰੋਜ਼ ਸਵੇਰ ਦੀ ਸੈਰ ਕਰਦੇ ਸਮੇਂ ਨਿੰਮ ਦੀ ਇਕ ਮੁਲਾਇਮ ਟਹਿਣੀ ਨੂੰ ਪੰਜ ਮਿੰਟ ਤੱਕ ਦੰਦਾਂ 'ਤੇ ਰਗੜੋ।

ਲਾਭ- ਨਿੰਮ ਦੀ ਦਾਤਨ ਕਰਨ ਨਾਲ ਦੰਦਾਂ ਦੇ ਬੈਕਟੀਰੀਆ ਖਤਮ ਹੋਣਗੇ ਅਤੇ ਮੂੰਹ ਦੀ ਬਦਬੂ ਦੂਰ ਹੋਵੇਗੀ।

3. ਸਾਹ ਵਾਲੀ ਕਸਰਤ

ਸਵੇਰ ਦੀ ਸੈਰ ਸਮੇਂ ਹੌਲੀ-ਹੌਲੀ ਡੂੰਘੇ ਸਾਹ ਅੰਦਰ ਲਓ ਅਤੇ ਬਾਹਰ ਛੱਡੋ। ਇਸ ਤਰ੍ਹਾਂ ਪੰਜ ਮਿੰਟ ਤੱਕ ਕਰੋ।

ਲਾਭ- ਇਸ ਨਾਲ ਸਰੀਰ 'ਚ ਆਕਸੀਜਨ ਦਾ ਪੱਧਰ ਸੰਤੁਲਿਤ ਹੋਵੇਗਾ। ਨਾਲ ਹੀ ਫੇਫੜਿਆਂ ਦੀ ਕਸਰਤ ਹੋਵੇਗੀ।

4. ਯੋਗਾ

ਰੋਜ਼ ਸਵੇਰ ਦੀ ਸੈਰ ਸਮੇਂ ਪੰਜ ਤੋਂ ਅੱਠ ਮਿੰਟ ਯੋਗਾ ਕਰੋ।

ਲਾਭ- ਰੋਜ਼ ਯੋਗਾ ਕਰਨ ਨਾਲ ਥਕਾਵਟ ਅਤੇ ਤਣਾਅ ਦੀ ਸਮੱਸਿਆ ਦੂਰ ਹੋਵੇਗੀ।

5. ਸੂਰਜ ਨਮਸਕਾਰ

ਰੋਜ਼ ਸਵੇਰ ਦੀ ਸੈਰ ਨਾਲ ਪੰਜਤੋਂ ਦੱਸ ਮਿੰਟ ਸੂਰਜ ਨਮਸਕਾਰ ਵੀ ਕਰੋ।

ਲਾਭ- ਇਸ ਨਾਲ ਡਾਇਜੇਸ਼ਨ ਸੁਧਰੇਗਾ, ਪੇਟ ਦੀ ਚਰਬੀ ਘਟੇਗੀ, ਸਰੀਰ ਡਿਟਾਕਸ ਹੋਵੇਗਾ ਅਤੇ ਨਾਲ ਹੀ ਚਿਹਰੇ ਦੀ ਚਮਕ ਵਧੇਗੀ।

# ਇਨ੍ਹਾਂ ਲੋਕਾਂ ਨੂੰ ਕਾਜੂ ਤੋਂ ਕਰਨਾ ਚਾਹੀਦਾ ਹੈ ਪਰਹੇਜ਼

ਜਲੰਧਰ— ਕਾਜੂ ਡਰਾਈ ਫਰੂਟ 'ਚ ਸਭ ਤੋਂ ਟੇਸਟੀ ਮੰਨਿਆ ਜਾਂਦਾ ਹੈ। ਇਸ 'ਚ ਖਣਿਜ, ਆਇਰਨ, ਫਾਈਬਰ, ਮੈਗਨੀਸ਼ੀਅਮ, ਫਾਸਫੋਰਸ, ਐਂਟੀਆਕਸੀਡੈਂਟ, ਮਿਨਰਲ ਅਤੇ ਵਿਟਾਮਿਨ ਕਾਫੀ ਮਾਤਰਾ 'ਚ ਪਾਏ ਜਾਂਦੇ ਹਨ। ਕਾਜੂ ਸਰੀਰ ਦੀਆਂ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦੂਰ ਕਰਨ 'ਚ ਮਦਦਗਾਰ ਹੁੰਦਾ ਹੈ। ਇਸ ਦਾ ਇਸਤੇਮਾਲ ਸਬਜ਼ੀ, ਮਿਠਾਈਆਂ, ਸੂਪ ਆਦਿ 'ਚ ਕੀਤਾ ਜਾਂਦਾ ਹੈ ਪਰ ਇਸ ਦੇ ਬਾਵਜੂਦ ਵੀ ਕਾਜੂ ਕਈ ਲੋਕਾਂ ਲਈ ਲਾਭਕਾਰੀ ਨਹੀਂ ਹੁੰਦਾ। ਆਓ ਜਾਣਦੇ ਹਾਂ ਕਿ ਕਿਨ੍ਹਾਂ ਲੋਕਾਂ ਨੂੰ ਕਾਜੂ ਦਾ ਸੇਵਨ ਨਹੀਂ ਕਰਨਾ ਚਾਹੀਦਾ।



1. ਮਾਈਗ੍ਰੇਨ

ਸਿਰ ਦਰਦ ਜਾਂ ਮਾਈਗ੍ਰੇਨ ਦੇ ਰੋਗੀਆਂ ਨੂੰ ਕਾਜੂ ਦੇ ਸੇਵਨ ਨਹੀਂ ਕਰਨਾ ਚਾਹੀਦਾ। ਇਸ 'ਚ ਮੌਜੂਦ ਅਮੀਨੋ ਐਸਿਡ ਸਿਰ ਦਰਦ ਪੈਦਾ ਕਰ ਸਕਦਾ ਹੈ।

2. ਮੋਟਾਪਾ

ਜੋ ਲੋਕ ਮੋਟਾਪੇ ਦੇ ਸ਼ਿਕਾਰ ਹਨ, ਉਨ੍ਹਾਂ ਨੂੰ ਕਾਜੂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। 30 ਗ੍ਰਾਮ ਕਾਜੂ 'ਚ 163 ਕੈਲੋਰੀ ਅਤੇ 13.1 ਫੈਟ ਹੁੰਦੀ ਹੈ। ਇਸ ਦਾ ਜ਼ਿਆਦਾ ਸੇਵਨ ਭਾਰ ਵਧਾਉਣ ਦਾ ਕੰਮ ਕਰਦਾ ਹੈ।

3. ਪੇਟ 'ਚ ਖਰਾਬੀ

ਪੇਟ ਸੰਬੰਧਿਤ ਕੋਈ ਪ੍ਰੇਸ਼ਾਨੀ ਹੈ ਤਾਂ ਕਾਜੂ ਦਾ ਸੇਵਨ ਨਾ ਕਰੋ। ਇਸ ਨਾਲ ਸਿਹਤ ਜ਼ਿਆਦਾ ਖਰਾਬ ਹੋ ਸਕਦੀ ਹੈ।

4. ਹਾਈ ਬਲੱਡ ਪ੍ਰੈੱਸ਼ਰ

ਹਾਈ ਬਲੱਡ ਪ੍ਰੈੱਸ਼ਰ ਵਾਲੇ ਲੋਕਾਂ ਨੂੰ ਕਾਜੂ ਨਹੀਂ ਖਾਣੇ ਚਾਹੀਦੇ ਕਿਉਂਕਿ ਇਸ 'ਚ ਪਾਇਆ ਜਾਣ ਵਾਲਾ ਸੋਡੀਅਮ ਬਲੱਡ ਪ੍ਰੈੱਸ਼ਰ ਨੂੰ ਹੋਰ ਵਧਾ ਦਿੰਦਾ ਹੈ।

# ਚੰਗੀ ਸਿਹਤ ਬਣਾਉਣ ਲਈ ਜ਼ਰੂਰ ਅਪਣਾਓ ਇਹ ਆਦਤਾਂ

ਨਵੀਂ ਦਿੱਲੀ— ਇਹ ਗੱਲ ਸਾਰੇ ਜਾਣਦੇ ਹਨ ਕਿ ਸਿਹਤ ਤੋਂ ਵੱਧ ਕੋਈ ਚੀਜ਼ ਨਹੀ ਹੁੰਦੀ। ਜੇਕਰ ਸਿਹਤ ਚੰਗੀ ਹੋਵੇ ਸਭ ਕੁਝ ਚੰਗਾ ਲੱਗਦਾ, ਨਹੀ ਤਾਂ ਕੁਝ ਵੀ ਚੰਗਾ ਨਹੀ ਲੱਗਦਾ। ਇਸ ਲਈ ਸਿਹਤਮੰਦ ਰਹਿਣ ਲਈ ਕੁਝ ਜ਼ਰੂਰੀ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜੋ ਕਿ ਇਸ ਤਰ੍ਹਾਂ ਹਨ।



1. ਕਦੇ ਵੀ ਬਾਹਰੋਂ ਆਉਣ ਤੋਂ ਬਾਅਦ ਘਰ ਦੀ ਕਿਸੇ ਵਸਤੂ ਨੂੰ ਹੱਥ ਲਗਾਉਣ ਤੋਂ ਬਾਅਦ, ਖਾਣਾ ਬਣਾਉਣ ਤੋਂ ਪਹਿਲਾਂ, ਖਾਣਾ ਖਾਣ ਤੋਂ ਪਹਿਲਾ, ਖਾਣਾ ਖਾਣ ਤੋਂ ਬਾਅਦ ਅਤੇ ਬਾਥਰੂਮ ਦੀ ਵਰਤੋਂ ਕਰਨ ਤੋਂ ਬਾਅਦ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਣਾ ਚਾਹੀਦਾ।

2. ਘਰ ਦੀ ਸਫਾਈ 'ਤੇ ਖਾਸ ਧਿਆਨ ਦੇਣਾ ਚਾਹੀਦਾ ਹੈ। ਹਰੇਕ ਜਗ੍ਹਾ 'ਤੇ ਸਫਾਈ ਦਾ ਪੂਰਾ ਧਿਆਨ ਦੇਣਾ ਚਾਹੀਦਾ ਹੈ।

3. ਖਾਣ ਵਾਲੀ ਕਿਸੇ ਵੀ ਵਸਤੂ ਨੂੰ ਖੁੱਲ੍ਹਾ ਨਹੀਂ ਛੱਡਣਾ ਚਾਹੀਦਾ। ਕਿਉਂਕਿ ਖੁੱਲੇ ਖਾਣੇ ਦਾ ਸੇਵਨ ਕਰਨ ਨਾਲ ਕਈ ਪ੍ਰਕਾਰ ਦੀਆਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈਦਾ ਹੈ।

4. ਤਾਜ਼ੀ ਸਬਜ਼ੀਆਂ ਅਤੇ ਤਾਜ਼ੇ ਫਲਾਂ ਦੀ ਵਰਤੋਂ ਕਰਨ 'ਚ ਅਕਲਮੰਦੀ ਹੁੰਦੀ ਹੈ। ਇਸ ਲਈ ਰੋਜ਼ ਤਾਜ਼ੀ ਸਬਜ਼ੀਆਂ ਅਤੇ ਫਲਾਂ ਨੂੰ ਹੀ ਵਰਤਣਾ ਚਾਹੀਦਾ।

5. ਖਾਣੇ ਨੂੰ ਹਮੇਸ਼ਾ ਠੀਕ ਤਾਪਮਾਨ 'ਤੇ ਹੀ ਪਕਾਉਣਾ ਚਾਹੀਦਾ ਹੈ, ਕਿਉਂਕਿ ਜ਼ਿਆਦਾ ਦੇਰ ਤੱਕ ਪਕਾਉਣ ਨਾਲ ਖਾਣੇ ਦੇ ਪੋਸ਼ਟਿਕ ਤੱਤ ਮਰ ਜਾਂਦੇ ਹਨ।

6. ਖਾਣੇ 'ਚ ਹਮੇਸ਼ਾ ਸਲਾਦ, ਦਹੀ , ਦੁੱਧ ਦਲੀਆ, ਹਰੀ ਸਬਜ਼ੀਆਂ, ਸਾਬਤ ਦਾਲ-ਅਨਾਜ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ।

7. ਖਾਣਾ ਪਕਾਉਣ ਲਈ ਸਾਫ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ। ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋ ਕੇ ਹੀ ਵਰਤੋਂ 'ਚ ਲਿਆ ਜਾਵੇ।

8. ਮੈਡੀਟੇਸ਼ਨ, ਯੋਗਾ ਦਾ ਧਿਆਨ ਦੀ ਪ੍ਰਯੋਗ ਇਕਗਾਰਤਾ ਵਧਾਉਣ ਅਤੇ ਤਣਾਅ ਦੂਰੂ ਕਰਨ ਲਈ ਕਰਨਾ ਚਾਹੀਦਾ ਹੈ।

9. 45 ਸਾਲ ਦੀ ਉਮਰ ਬਾਅਦ ਆਪਣਾ ਰੁਟੀਨ ਚੈਕਐੱਪ ਕਰਵਾਉਣਾ ਚਾਹੀਦਾ ਅਤੇ ਡਾਕਟਰ ਵੱਲੋਂ ਦਿੱਤੀ ਸਲਾਹ ਨੂੰ ਵਰਤਣਾ ਚਾਹੀਦਾ ਹੈ।

10. ਆਪਣੇ ਆਰਾਮ ਕਰਨ ਜਾ ਫਿਰ ਸੌਣ ਵਾਲੇ ਕਮਰੇ ਨੂੰ ਸਾਫ਼-ਸੁਥਰਾ, ਹਵਾਦਾਰ ਅਤੇ ਖੁੱਲਾ ਰੱਖਣਾ ਚਾਹੀਦਾ ਹੈ। ਕਮਰੇ ਦੇ ਪਰਦੇ ਚਾਦਰਾਂ ਅਤੇ ਗਲਾਫ ਸਮੇਂ ਸਿਰ ਬਦਲੋ।

# ਮਾਈਗ੍ਰੇਨ ਅਤੇ ਜੋੜਾਂ ਦੇ ਦਰਦ ਨੂੰ ਦੂਰ ਕਰਦੇ ਹਨ ਸਰ੍ਹੋਂ ਦੇ ਬੀਜ

ਨਵੀਂ ਦਿੱਲੀ— ਸਰ੍ਹੋਂ ਦੇ ਤੇਲ ਦਾ ਇਸਤੇਮਾਲ ਹਰ ਘਰ 'ਚ ਹੁੰਦਾ ਹੈ। ਸ਼ੁੱਧ ਸਰ੍ਹੋਂ ਦੇ ਤੇਲ 'ਚ ਬਣਿਆ ਖਾਣਾ ਖਾਣ ਨਾਲ ਕਈ ਪ੍ਰੇਸ਼ਾਨੀਆਂ ਠੀਕ ਹੋ ਜਾਂਦੀਆਂ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਇਸ ਦੇ ਬੀਜ ਵੀ ਓਨ੍ਹੇ ਹੀ ਫਾਇਦੇਮੰਦ ਹਨ ਜਿੰਨਾ ਤੇਲ। ਅਸਲ 'ਚ ਸਰ੍ਹੋਂ ਦੇ ਬੀਜ 'ਚ ਕੈਰੋਟੀਨ, ਵਿਟਾਮਿਨ ਏ, ਸੀ ਅਤੇ ਕੇ ਭਰਪੂਰ ਮਾਤਰਾ 'ਚ ਮੌਜੂਦ ਹੁੰਦੇ ਹਨ। ਇਹ ਸਾਰੇ ਪੋਸ਼ਕ ਤੱਤਾਂ ਨਾਲ ਮਿਲ ਕੇ ਇਸ ਨੂੰ ਇਕ ਬਿਹਤਰ ਐਂਟੀ-ਆਕਸੀਡੈਂਟ ਬਣਾਉਂਦੇ ਹਨ। ਇਹ ਭੂਰੇ, ਕਾਲੇ ਅਤੇ ਪੀਲੇ ਰੰਗ ਦੇ ਹੁੰਦੇ ਹਨ। ਆਓ ਜਾਣਦੇ ਹਾਂ ਇਸ ਦੇ ਫਾਇਦੇ ਅਤੇ ਇਸਤੇਮਾਲ ਦੇ ਤਰੀਕੇ।

1. ਕਿਨ੍ਹਾਂ ਚੀਜ਼ਾਂ 'ਚ ਹੁੰਦਾ ਹੈ ਸਰ੍ਹੋਂ ਦੇ ਬੀਜਾਂ ਦਾ ਇਸਤੇਮਾਲ

ਇਨ੍ਹਾਂ ਬੀਜਾਂ ਦਾ ਇਸਤੇਮਾਲ ਮਸਾਲੇ ਦੇ ਤੌਰ 'ਤੇ ਵੀ ਕੀਤਾ ਜਾਂਦਾ ਹੈ। ਡੋਸਾ, ਅਚਾਰ, ਚਟਨੀ, ਦਾਲ ਆਦਿ 'ਚ ਸਰ੍ਹੋਂ ਦੇ ਬੀਜ ਦਾ ਤੜਕਾ ਜਾਇਕੇ ਨੂੰ ਹੋਰ ਵੀ ਵਧਾ ਦਿੰਦਾ ਹੈ। ਖਾਣੇ ਦਾ ਸੁਆਦ ਵਧਾਉਣ ਦੇ ਨਾਲ-ਨਾਲ ਕਈ ਤਰ੍ਹਾਂ ਦੇ ਔਸ਼ਧੀ ਗੁਣਾਂ ਨਾਲ ਭਰਪੂਰ ਹੁੰਦੇ ਹਨ।



2. ਇਸ ਤਰੀਕੇ ਨਾਲ ਇਸਤੇਮਾਲ ਕਰੋ ਸਰ੍ਹੋਂ ਦੇ ਬੀਜ

— ਮਾਈਗ੍ਰੇਨ ਤੋਂ ਰਾਹਤ

ਸਰ੍ਹੋਂ ਦੇ ਬੀਜ ਦਾ ਪਾਊਡਰ ਅਤੇ ਪਾਣੀ ਦਾ ਘੋਲ ਬਣਾ ਕੇ ਨੱਕ 'ਤੇ ਲਗਾਓ।

— ਪੈਰਾਂ ਦੀਆਂ ਤਲੀਆਂ ਦਾ ਦਰਦ

ਕੋਸੇ ਪਾਣੀ 'ਚ ਸਰ੍ਹੋਂ ਦੇ ਬੀਜ ਦਾ ਪੇਸਟ ਪਾ ਕੇ ਇਸ 'ਚ 15 ਮਿੰਟ ਪੈਰਾਂ ਨੂੰ ਡੁਬੋ ਕੇ ਰੱਖੋ।

— ਕਮਰ ਦਰਦ ਤੋਂ ਆਰਾਮ

ਸਰ੍ਹੋਂ ਦੇ ਤੇਲ 'ਚ ਅਜਵਾਈਨ, ਲਸਣ ਅਤੇ ਹਿੰਗ ਪਾ ਕੇ ਗਰਮ ਕਰੋ। ਇਸ ਨਾਲ ਮਸਾਜ ਕਰੋ।

— ਬਵਾਸੀਰ ਤੋਂ ਛੁਟਕਾਰਾ

ਅੱਧਾ ਚੱਮਚ ਸਰ੍ਹੋਂ ਦੇ ਬੀਜਾਂ ਦਾ ਦਿਨ 'ਚ 2 ਵਾਰ ਸੇਵਨ ਕਰੋ।

— ਜੋੜਾਂ ਦੇ ਦਰਦ ਤੋਂ ਆਰਾਮ

ਕੋਸੇ ਸਰ੍ਹੋਂ ਦੇ ਤੇਲ 'ਚ ਕਪੂਰ ਮਿਲਾ ਕੇ ਜੋੜਾਂ ਦੀ ਮਾਲਿਸ਼ ਕਰੋ।

— ਮਾਹਵਾਰੀ 'ਚ ਲਾਭਕਾਰੀ

ਮਾਹਵਾਰੀ 'ਚ ਖ਼ੂਨ ਦਾ ਵਹਾਅ ਜ਼ਿਆਦਾ ਹੋ ਰਿਹਾ ਹੈ ਤਾਂ 1-1 ਗ੍ਰਾਮ ਸਰ੍ਹੋਂ ਦੇ ਬੀਜ ਦਾ ਪਾਊਡਰ ਗਰਮ ਦੁੱਧ ਦੇ ਨਾਲ ਦਿਨ 'ਚ 2 ਵਾਰ ਵਰਤੋਂ ਕਰੋ। ਇਸ ਨੂੰ ਮਾਹਵਾਰੀ ਦੌਰਾਨ ਲੈਣ ਨਾਲ ਫਾਇਦਾ ਮਿਲਦਾ ਹੈ।

— ਕਫ, ਖਾਂਸੀ ਅਤੇ ਜ਼ੁਕਾਮ

ਸਰ੍ਹੋਂ ਦੇ ਦਾਣਿਆਂ ਨੂੰ ਪੀਸ ਕੇ ਇਸ 'ਚ ਸ਼ਹਿਦ ਮਿਲਾ ਕੇ ਚੱਟਣ ਨਾਲ ਕਫ, ਖਾਂਸੀ ਅਤੇ ਜ਼ੁਕਾਮ ਦੀ ਪ੍ਰੇਸ਼ਾਨੀ ਬਹੁਤ ਜਲਦੀ ਠੀਕ ਹੋ ਜਾਂਦੀ ਹੈ।

# ਇਮਲੀ ਨਾਲ ਹੋਵੇਗਾ ਚਿਕਨਗੁਨੀਆ ਦਾ ਇਲਾਜ

ਨਵੀਂ ਦਿੱਲੀ- ਆਈ. ਆਈ. ਟੀ. ਰੁੜਕੀ ਦੇ ਦੋ ਪ੍ਰੋਫੈਸਰਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਇਮਲੀ ਦੇ ਬੀਜਾਂ 'ਚ ਇਕ ਪ੍ਰੋਟੀਨ ਦਾ ਪਤਾ ਲਾਇਆ ਹੈ, ਜਿਸ 'ਚ ਵਿਸ਼ਾਣੂ ਰੋਧੀ ਗੁਣ ਹਨ ਅਤੇ ਚਿਕਨਗੁਨੀਆ ਦੇ ਇਲਾਜ ਲਈ ਦਵਾਈ ਬਣਾਉਣ 'ਚ ਉਸ ਦੀ ਵਰਤੋਂ ਕੀਤੀ ਜਾ ਸਕਦੀ ਹੈ। ਆਈ. ਆਈ. ਟੀ. ਰੁੜਕੀ ਦੇ ਖੋਜਕਾਰਾਂ ਦੀ ਇਸ ਟੀਮ ਨੇ ਇਮਲੀ ਦੇ ਵਿਸ਼ਾਣੂਰੋਧੀ ਪ੍ਰੋਟੀਨ ਵਾਲੇ ਐਂਟੀ ਵਾਇਰਲ ਕੰਪੋਜ਼ੀਸ਼ਨ ਦੇ ਪੇਟੈਂਟ ਲਈ ਅਰਜ਼ੀ ਦਿੱਤੀ ਹੈ ਅਤੇ ਹੁਣ ਉਹ ਇਸ ਨਾਲ ਚਿਕਨਗੁਨੀਆ ਦੇ ਇਲਾਜ ਲਈ ਦਵਾਈ ਤਿਆਰ ਕਰ ਰਹੇ ਹਨ। ਇਕ ਪ੍ਰੋਫੈਸਰ ਸ਼ੈਲੀ ਤੋਮਰ ਨੇ ਦੱਸਿਆ ਕਿ ਇਮਲੀ ਨੂੰ ਅਨੇਕਾਂ ਮੈਡੀਕਲੀ ਗੁਣਾਂ ਲਈ ਜਾਣਿਆ ਜਾਂਦਾ ਹੈ ਅਤੇ ਇਹ ਬਹੁਤ ਚੰਗਾ ਆਯੁਰਵੈਦਿਕ ਖ਼ੁਰਾਕ ਪਦਾਰਥ ਹੈ।

ਇਸ ਦੇ ਫਲ, ਬੀਜ, ਪੱਤੀਆਂ, ਜੜ੍ਹਾਂ ਦੀ ਵਰਤੋਂ ਡਾਇਰੀਆ, ਪੇਚਿਸ ਤੋਂ ਇਲਾਵਾ ਅਨੇਕਾਂ ਕਿਸਮ ਦੀਆਂ ਬੀਮਾਰੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ। ਖੋਜਕਾਰਾਂ ਨੇ ਆਪਣੇ ਅਧਿਐਨ 'ਚ ਦੇਖਿਆ ਕਿ ਇਮਲੀ ਦੇ ਬੀਜ ਤੋਂ ਕੱਢਿਆ ਗਿਆ ਲੈਕਟਿਨ ਲਗਾਈਕੇਨਸ ਸ਼ੂਗਰ ਮਾਲੀਕਿਊਲਸ ਨਾਲ ਮਿਲ ਜਾਂਦਾ ਹੈ, ਜਿਸ 'ਚ ਐੱਨ ਐਸਟਿਲ ਗਲੂਕੋਸਾਮੀਨ (ਐੱਨ. ਏ. ਜੀ.) ਹੁੰਦਾ ਹੈ। ਇਸ ਨਾਲ ਮੂਲ ਕੋਸ਼ਿਕਾਵਾਂ 'ਚ ਜੀਵਾਣੂ ਦਾਖਲ ਨਹੀਂ ਹੁੰਦਾ। ਖੋਜਕਾਰਾਂ ਦਾ ਕਹਿਣਾ ਹੈ ਕਿ ਚਿਕਨਗੁਨੀਆ ਦੇ ਇਲਾਜ 'ਚ ਇਹ ਕਾਫੀ ਮਦਦਗਾਰ ਸਾਬਤ ਹੋ ਸਕਦਾ ਹੈ।

# ਕਰਮਯੋਗੀ ਤੇ ਦਰਵੇਸ਼ ਰਾਸ਼ਟਰਪਤੀ

ਡਾ. ਏ. ਪੀ. ਜੇ. ਕਲਾਮ ਦੇ ਰਾਸ਼ਟਰਪਤੀ ਭਵਨ ਵਿੱਚ ਆਉਣ ਨਾਲ ਬਹੁਤ ਲੰਬੇ ਅਰਸੇ ਬਾਅਦ ਕੋਈ ਐਸੀ ਸਖਸ਼ੀਅਤ ਇਸ ਭਵਨ ਵਿੱਚ

**ਜਨਮ ਦਿਨ 'ਤੇ ਵਿਸ਼ੇਸ਼**

ਪਹੁੰਚੀ ਸੀ ਜਿਹੜੀ ਇੱਥੇ ਆ ਕੇ ਬਿਰਾਜਮਾਨ ਹੋਣਾ ਸੱਚਮੁੱਚ ਹੀ ਡਿਜ਼ਰਵ ਕਰਦੀ ਸੀ। ਇਸਤੋਂ ਪਹਿਲਾਂ ਬਹੁਤੇ ਰਾਸ਼ਟਰਪਤੀ ਐਸੇ ਹੋਏ ਹਨ ਜਿਹੜੇ ਮੌਕੇ ਦੀ ਕੌਮੀ ਸਿਆਸਤ ਵਿੱਚੋਂ ਹੀ ਪੈਦਾ ਹੋਏ ਸਨ। ਪਹਿਲਾਂ



ਅਵਤਾਰ ਐਸ.ਸੰਘਾ
(ਸਿਡਨੀ)
Avtar S. Sangha
ਮੋਬਾ:0437641033

ਸਾਰੇ ਰਾਸ਼ਟਰਪਤੀਆਂ ਵਿੱਚੋਂ ਇੱਕ ਅੱਧ ਨੂੰ ਛੱਡ ਕੇ ਬਾਕੀ ਸਾਰੇ ਵਿਦਵਤਾ ਪੱਖੋਂ ਵੀ. ਏ. ਪੀ. ਜੇ ਕਲਾਮ ਦੇ ਹਾਣ ਦੇ ਨਹੀਂ ਸਨ।

ਦੁਨੀਆਂ ਵਿੱਚ ਕੁੱਝ ਸਖਸ਼ਅਤਾਂ ਐਸੀਆਂ ਵੀ ਹੋਈਆਂ ਹਨ ਜਿਨ੍ਹਾਂ ਦੀ ਪ੍ਰਸ਼ੰਸਾ ਹਰ ਫਿਰਕੇ ਦੇ ਲੋਕਾਂ ਵੱਲੋਂ ਹੁੰਦੀ ਰਹੀ ਹੈ। ਜਦ ਦੂਸਰੇ ਫਿਰਕੇ ਅਤੇ ਮਜ਼੍ਹਬ ਦੇ ਲੋਕ ਵੀ ਕਿਸੇ ਦੀ ਪ੍ਰਸ਼ੰਸਾ ਦੇ ਪੁੱਲ ਬੰਨ੍ਹ ਦੇਣ ਤਾਂ ਜ਼ਾਹਰ ਹੈ ਕਿ ਉਹ ਸਖਸ਼ੀਅਤ ਸੱਚਮੁੱਚ ਹੀ ਵਿਲੱਖਣ ਹੋਵੇਗੀ। ਡਾ. ਏ. ਪੀ. ਜੇ. ਕਲਾਮ ਦੀ ਮੌਤ ਤੋਂ ਬਾਅਦ ਉਹਨਾਂ ਦੀ ਪ੍ਰਸ਼ੰਸ਼ਾ ਕਰਨ ਵਿੱਚ ਭਾਰਤ ਦੇ ਹਰ ਤਬਕੇ ਅਤੇ ਫਿਰਕੇ ਨੇ ਆਪਣਾ ਬਣਦਾ ਯੋਗਦਾਨ ਪਾਇਆ ਸੀ। ਅਗਰ ਇਸ ਪ੍ਰਸ਼ੰਸਾਂ ਦਾ ਸਹੀ ਮੁਲਾਂਕਣ ਕਰੀਏ ਤਾਂ ਜ਼ਾਹਰ ਹੋ ਜਾਂਦਾ ਹੈ ਕਿ ਰਾਸ਼ਟਰਪਤੀ ਕਲਾਮ ਸੱਚਮੁੱਚ ਹੀ ਇੱਕ ਉੱਚੀ ਸੁੱਚੀ ਗੈਰਰਾਜਨੀਤਕ ਤੇ ਕਰਮਯੋਗੀ ਸਖਸ਼ੀਅਤ ਦੇ ਮਾਲਕ ਸਨ।

ਕਲਾਮ ਨੇ ਪੰਜ ਦਹਾਕਿਆਂ ਤੋਂ ਵੱਧ ਸਰਕਾਰੀ ਸੇਵਾ ਨਿਭਾਈ। ਜੋ ਸਮੱਗਰੀ ਉਹ ਛੱਡ ਕੇ ਗਏ ਹਨ ਉਸ ਵਿੱਚ 2500 ਕਿਤਾਬਾ,ਂ ਇੱਕ ਘੜੀ , ਛੇ ਕਮੀਜ਼ਾਂ. ਚਾਰ ਪੈਂਟਾਂ 'ਤੇ ਇੱਕ ਬੂਟਾਂ ਦਾ ਜੋੜਾ ਹੈ। ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਉਹਨਾਂ ਦੀ ਆਪਣੀ ਕੋਈ ਜਾਇਦਾਦ ਹੀ ਨਹੀਂ ਸੀ। ਜਾਇਦਾਦ ਨਾ ਹੋਣ ਵਾਲਾ ਤੱਥ ਅੱਜ ਦੇ ਕਰੋੜਾਂ ਅਤੇ ਅਰਬਾਂਪਤੀ ਸਿਆਸਤਦਾਨਾਂ ਦੇ ਮੂੰਹ ਤੇ ਇੱਕ ਕਰਾਰੀ ਚੁਪੇੜ ਵੀ ਹੈ। ਇੱਥੋਂ ਤੱਕ ਕੇ ਉਹਨਾਂ ਪਾਸ ਨਾ ਫਰਿੱਜ, ਨਾ ਕਾਰ ਤੇ ਨਾ ਏਅਰ ਕੰਡੀਸ਼ਨ ਸੀ। ਉਹ ਆਪਣੀਆਂ ਕਿਤਾਬਾਂ ਦੀ ਰਾਇਲਟੀ ਅਤੇ ਆਪਣੀ ਪੈਨਸ਼ਨ ਤੋਂ ਹੀ ਆਪਣਾ ਗੁਜ਼ਾਰਾ ਚਲਾਉਂਦੇ ਸਨ। ਉਹ ਹਮੇਸ਼ਾ ਨਿੱਜੀ ਤੋਹਫਿਆਂ ਤੋਂ ਪਰਹੇਜ ਕਰਦੇ ਸਨ ਅਤੇ ਇਹ ਯਕੀਨੀ ਬਣਾਉਂਦੇ ਸਨ ਕਿ ਸਾਰੇ ਨਿੱਜੀ ਤੋਹਫਿਆਂ ਨੂੰ ਤਰਤੀਬਵਾਰ ਸਰਕਾਰ ਦੇ ਤੋਸ਼ੇਖਾਨੇ ਵਿੱਚ ਭੇਜ ਦਿੱਤਾ ਜਾਵੇ। ਡਾ. ਕਲਾਮ ਦੇ ਸਾਬਕਾ ਮੀਡੀਆ ਸਲਾਹਕਾਰ ਐੱਸ. ਐੱਮ. ਖਾਨ ਨੇ ਦੱਸਿਆ ਹੈ ਕਿ ਉਹ ਕਿਤਾਬ ਤੋਂ ਬਿਨ੍ਹਾਂ ਹੋਰ ਕੋਈ ਵੀ ਤੋਹਫਾ ਸਵੀਕਾਰ ਨਹੀਂ ਸੀ ਕਰਦੇ। ਉਹਨਾਂ ਦਾ ਤਕਨੀਕ ਨਾਲ ਅੰਤਾਂ ਦਾ ਪਿਆਰ ਸੀ। ਉਹ ਹਮੇਸ਼ਾਂ ਅਧੁਨਿਕ ਤਕਨੀਕ ਨਾਲ ਰੇਡੀਓ ਦੇ ਜ਼ਰੀਏ ਆਪਣੇ ਆਪਨੂੰ ਜੋੜਦੇ ਸਨ। ਜਿਸ ਕੁਆਟਰ ਵਿੱਚ ਉਹ ਰਹਿੰਦੇ ਸਨ ਉੱਥੇ ਟੈਲੀਵਿਜ਼ਨ ਵੀ ਨਹੀਂ ਸੀ । ਉਹ ਰੇਡੀਓ ਅਤੇ ਅਖਬਾਰਾਂ ਨਾਲ ਹੀ ਆਪਣਾ ਕੰਮ ਸਾਰਦੇ ਸਨ। ਰਾਜਾਜੀ ਮਾਰਗ ਗ੍ਰਹਿ ਵਿੱਚ ਜਿਹੜਾ ਇੱਕ ਮਾਤਰ ਟੀ. ਵੀ. ਸੀ ਉਹ ਉਹਨਾਂ ਦਾ ਸਟਾਫ ਹੀ ਵਰਤਦਾ ਸੀ। ਕਲਾਮ ਦਾ ਜਨਮ 15 ਅਕਤੂਬਰ 1931 ਨੂੰ ਤਾਮਿਲਨਾਡੂ ਦੇ ਰਮੇਸ਼ਵਰਮ ਵਿਖੇ ਇੱਕ ਗਰੀਬ ਮੁਸਲਿਮ ਪਰੀਵਾਰ ਵਿੱਚ ਹੋਇਆ। ਸ਼ੁਰੂ ਤੋਂ ਹੀ ਪੜ੍ਹਾਈ, ਖਾਸ ਕਰਕੇ ਗਣਿਤ, ਵਿੱਚ ਉਹਨਾਂ ਦੀ ਕਾਫੀ ਰੁਚੀ ਸੀ। ਪੜ੍ਹਾਈ ਤੋਂ ਬਾਅਦ ਉਹ ਅਖਬਾਰਾਂ ਵੰਡਦੇ ਸਨ। ਉਹਨਾਂ ਦੇ ਪਿਤਾ ਜੈਨੁਲ ਅਬਾਦੀਨ ਬਹੁਤੇ ਪੜ੍ਹੇ ਲਿਖੇ ਅਤੇ ਪੈਸੇ ਧੇਲੇ ਵਾਲੇ ਨਹੀ ਸਨ। ਉਹ ਮਛੇਰਿਆਂ ਲਈ ਬੇੜੀਆਂ ਬਣਾ ਕੇ ਕਿਰਾਏ ਤੇ ਦਿੰਦੇ ਸਨ। ਰਮੇਸ਼ਵਰਮ ਇੱਕ ਪਵਿੱਤਰ ਸਥਾਨ ਹੈ। ਸ਼੍ਰੀ ਗੁਰੂ ਨਾਨਕ ਦੇਵ ਜੀ ਵੀ ਆਪਣੀ ਯਾਤਰਾ ਦੌਰਾਨ ਸ਼੍ਰੀ ਲੰਕਾ ਤੋਂ ਆਉਂਦੇ ਹੋਏ ਰਮੇਸ਼ਵਰਮ ਆ ਕੇ ਰਹੇ ਸਨ। ਇੱਥੇ ਇੱਕ ਮਸਜਿਦ ਵੀ ਹੈ। ਇਸ ਪ੍ਰਕਾਰ ਇਹ ਇੱਕ ਪਵਿੱਤਰ ਅਤੇ ਸਰਬ ਧਰਮ ਸਥਾਨ ਬਣ ਚੁੱਕਾ ਹੈ। ਇਸ ਸਥਾਨ ਦੀ ਸਾਂਝੀ- ਵਾਲਤਾ ਦਾ ਕਲਾਮ ਦੀ ਮਨੋਬਿਰਤੀ ਤੇ ਡੂੰਘਾ ਅਸਰ ਪਿਆ। ਕਲਾਮ ਨੇ ਸੇਂਟ ਜੋਸਫ ਕਾਲਜ ਤ੍ਰਿਚਰਪੱਲੀ 'ਚ ਉਚੇਰੀ ਪੜ੍ਹਾਈ ਕੀਤੀ। ਫਿਰ ਉਹਨਾਂ ਨੇ ਮਦਰਾਸ ਯੂਨੀਵਰਸਿਟੀ ਤੋਂ 1954 ਵਿੱਚ ਭੌਤਿਕ ਵਿਗਿਆਨ ਦੀ ਡਿਗਰੀ ਹਾਸਲ ਕੀਤੀ। 1955 ਵਿੱਚ ਉਹ ਏਅਰੋਸਪੇਸ ਇੰਜਨੀਅਰਿੰਗ ਦੀ ਪੜ੍ਹਾਈ ਲਈ ਮਦਰਾਸ ਤਬਦੀਲ ਹੋ ਗਏ। ਇਸਤੋਂ ਬਾਅਦ ਕਲਾਮ ਨੇ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀ.ਆਰ.ਡੀ.ਓ.) ਅਤੇ ਭਾਰਤੀ ਪੁਲਾੜ ਖੋਜ ਸੰਸਥਾ(ਇਸਰੋ) ਵਿੱਚ ਵਿਗਿਆਨੀ ਵੱਜੋਂ ਤਕਰੀਬਨ ਚਾਰ ਦਹਾਕਿਆਂ ਤੱਕ ਸੇਵਾ ਨਿਭਾਈ। ਇਸਤੋਂ ਬਾਅਦ ਹੀ ਉਹ ਦੁਨੀਆਂ ਵਿੱਚ 'ਮਿਜ਼ਾਇਲ ਮੈਨ ਆਫ ਇੰਡੀਆ' ਦੇ ਨਾਮ ਨਾਲ ਜਾਣੇ ਜਾਣ ਲੱਗੇ। ਉਹਨਾਂ ਨੇ ਬੈਲਿਸਟਿਕ ਮਿਜ਼ਾਇਲ ਦੀ ਉਨਤੀ ਤੇ ਕਾਫੀ ਕੰਮ ਕੀਤਾ।



ਡਾ. ਕਲਾਮ ਦੀ ਅਗਵਾਈ ਵਿੱਚ ਹੀ ਭਾਰਤ ਨੇ ਨਾਗ, ਪ੍ਰਿਥਵੀ, ਆਕਾਸ਼, ਤ੍ਰਿਸ਼ੂਲ ਅਤੇ ਅਗਨੀ ਵਰਗੀਆਂ ਮਿਜ਼ਾਇਲਾਂ ਵਿਕਸਤ ਕੀਤੀਆਂ। ਉਹਨਾਂ ਨੇ ਸਵਦੇਸ਼ੀ ਨਿਸ਼ਾਨਾ ਮਾਰੂ ਮਿਜ਼ਾਇਲਾਂ ਨੂੰ ਡਿਜ਼ਾਇਨ ਕੀਤਾ। ਖਾਸ ਗੱਲ ਇਹ ਹੈ ਕਿ ਉਹਨਾਂ ਨੇ ਅਗਨੀ ਅਤੇ ਪ੍ਰਿਥਵੀ ਵਰਗੀਆਂ ਮਿਜ਼ਾਇਲਾਂ ਨੂੰ ਦੇਸੀ ਤਕਨੀਕ ਨਾਲ ਬਣਾਇਆ। 1998 ਵਿੱਚ ਪੋਖਰਨ-2 ਪ੍ਰਮਾਣੂ ਟੈਸਟ ਵਿੱਚ ਵੀ. ਡਾ. ਕਲਾਮ ਨੇ ਅਹਿਮ ਭੂਮਿਕਾ ਨਿਭਾਈ। 1969 ਵਿੱਚ ਉਹ ਇਸਰੋ ਵਿੱਚ ਭਾਰਤ ਦੇ ਪਹਿਲੇ ਪੁਲਾੜ ਵਾਹਨ (ਐੱਸ .ਐੱਲ. ਵੀ-3) ਦੇ ਪ੍ਰੋਜੈਕਟ ਡਾਇਰੈਕਟਰ ਸਨ। 1980 ਵਿੱਚ ਉਹਨਾਂ ਨੇ ਰੋਹਿਣੀ ਨੂੰ ਪ੍ਰਿਥਵੀ ਦੇ ਕੇਂਦਰ ਦੇ ਨੇੜੇ ਸਥਾਪਿਤ ਕੀਤਾ ਸੀ। ਉਹਨਾਂ ਦੀਆਂ ਕੋਸ਼ਿਸ਼ਾਂ ਦੀ ਵਜ੍ਹਾ ਨਾਲ ਭਾਰਤ ਅੰਤਰਰਾਸ਼ਟਰੀ ਪੁਲਾੜ ਦਾ ਮੈਂਬਰ ਬਣ ਗਿਆ ਸੀ।

2002 ਵਿੱਚ ਡਾ. ਕਲਾਮ ਭਾਰਤ ਦੇ 11ਵੇਂ ਰਾਸ਼ਟਰਪਤੀ ਬਣੇ। ਉਹ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਵਿਰੋਧੀ ਧਿਰ ਕਾਂਗਰਸ ਦੋਵਾਂ ਦੀ ਹਿਮਾਇਤ ਨਾਲ ਦੇਸ਼ ਦੇ ਰਾਸ਼ਟਰਪਤੀ ਚੁਣੇ ਗਏ। ਆਪਣੇ ਕਾਰਜਕਾਲ ਵਿੱਚ ਉਹਨਾਂ ਦੇਸ਼ ਭਰ ਦਾ ਦੌਰਾ ਕੀਤਾ। 2002 ਤੋਂ 2007 ਤੱਕ ਆਪਣਾ ਕਾਰਜ ਕਾਲ ਪੂਰਾ ਕਰ ਲੈਣ ਤੋਂ ਬਾਅਦ ਉਹਨਾਂ ਨੇ ਮੁੜ ਸਿੱਖਿਆ, ਲਿਖਣ ਤੇ ਲੋਕ ਸੇਵਾ ਦੇ ਖੇਤਰ 'ਚ ਵਾਪਸੀ ਕੀਤੀ। ਉਹਨਾਂ ਨੇ 'ਵਿੰਗਜ਼ ਆਫ ਫਾਇਰ' 'ਇੰਗਨਾਇਟਡ ਮਾਈਂਡ' ਤੇ 'ਇੰਡੀਆ 2020' ਵਰਗੀਆਂ ਕਈ ਪ੍ਰੇਰਣਾਸ੍ਰੋਤ ਕਿਤਾਬਾਂ ਲਿਖੀਆਂ । ਇਹਨਾਂ ਕਿਤਾਬਾਂ ਤੋਂ ਦੇਸ਼ ਵਿਦੇਸ਼ ਦੇ ਵਿਗਿਆਨੀ ਸੇਧ ਲੈਂਦੇ ਰਹੇ।

ਡਾ. ਕਲਾਮ ਸੁਲਤਾਨ ਪੁਰ ਲੋਧੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਕਾਲੀ ਵੇਂਈ, ਜੋ ਕਿ ਪ੍ਰਦੂਸ਼ਿਤ ਹੋ ਚੁੱਕੀ ਸੀ ਤੇ ਜਿਸਦੀ ਸਫਾਈ ਸੰਤ ਬਲਵੀਰ ਸਿੰਘ ਸੀਚੇਵਾਲ ਨੇ ਕਰਵਾਈ ਸੀ ਤੋਂ ਬੁਹੱਦ ਪ੍ਰਭਾਵਿਤ ਹੋਏ ਸਨ। ਉਹਨਾਂ ਨੇ ਸੀਚੇਵਾਲ ਨੂੰ ਮਿਲਣ ਵਾਸਤੇ ਰਾਸ਼ਟਰਪਤੀ ਭਵਨ ਵੀ ਬੁਲਾਇਆ ਸੀ। ਇਸਤੋਂ ਬਾਅਦ ਉਹ ਖੁਦ ਵੀ ਸੀਚੇਵਾਲ ਦੇ ਸੱਦੇ ਤੇ ਕਾਲੀ ਵੇਈਂ ਦੇਖਣ ਲਈ ਸੁਲਤਾਨਪੁਰ ਲੋਧੀ ਪਹੁੰਚੇ ਸਨ।

ਕਲਾਮ ਨੂੰ ਕਈ ਸਨਮਾਨਾਂ ਨਾਲ ਸਨਮਾਨਿਤ ਕੀਤਾ ਗਿਆ ਸੀ। 1997 ਵਿੱਚ ਉਹਨਾਂ ਨੂੰ ਭਾਰਤ ਦੇ ਸਰਵਉੱਚ ਨਾਗਰਿਕ ਸਨਮਾਨ 'ਭਾਰਤ ਰਤਨ ' ਨਾਲ ਸਨਮਾਨਿਤ ਕੀਤਾ ਗਿਆ। ਇਸਤੋਂ ਪਹਿਲਾਂ 1981 ਵਿੱਚ ਉਹਨਾਂ ਨੂੰ ਪਦਮ ਭੂਸ਼ਣ ਤੇ 1990 ਵਿਚ ਪਦਮ ਵਿਭੂਸ਼ਣ ਨਾਲ ਨਿਵਾਜ਼ਿਆ ਗਿਆ ਸੀ। ਵਿਦੇਸ਼ੀ ਸੰਸਥਾਵਾਂ ਵੱਲੋਂ ਵੀ ਉਹਨਾਂ ਦਾ ਸਨਮਾਨ ਕੀਤਾ ਗਿਆ। ਸੰਯੁਕਤ ਰਾਸ਼ਟਰ ਵੱਲੋਂ ਡਾ. ਕਲਾਮ ਦੇ 79ਵੇਂ ਜਨਮ ਦਿਨ ਨੂੰ ਵਿਸ਼ਵ ਵਿਦਿਆਰਥੀ ਦਿਵਸ ਵੱਜੋਂ ਮਨਾਇਆ ਗਿਆ। ਇਸਤੋਂ ਇਲਾਵਾ ਕਲਾਮ ਨੂੰ 40 ਯੂਨੀਵਰਸਿਟੀਆਂ ਵੱਲੋਂ ਡਾਕਟਰੇਟ ਦੀ ਡਿਗਰੀ ਵੀ ਪ੍ਰਦਾਨ ਕੀਤੀ ਗਈ। 2014 ਵਿੱਚ ਯੂ. ਕੇ. ਦੀ ਈਡਨਬਰਗ ਯੂਨੀਵਰਸਿਟੀ ਨੇ ਉਹਨਾਂ ਨੂੰ 'ਡਾਰਟਰੇਟ ਆਫ ਸਾਇੰਸ' ਐਵਾਰਡ ਨਾਲ ਸਨਮਾਨਿਤ ਕੀਤਾ।

ਇਸ ਪ੍ਰਕਾਰ ਦੇ ਦੇਵਤਾ ਸਰੂਪ ਪੁਰਸ਼ ਤੋਂ ਭਾਰਤ ਦੇ ਸਿਆਸਤਦਾਨਾਂ ਨੂੰ ਵੀ ਜਰੂਰ ਸਿੱਖਿਆ ਲੈਣੀ ਚਾਹੀਦੀ ਹੈ। ਜੇਕਰ ਭਾਰਤ ਦੇ ਵਿਦਵਾਨ ਅਤੇ ਸਿਆਸਤਦਾਨ ਡਾ. ਕਲਾਮ ਦੇ ਗੁਣਾਂ ਵਿੱਚੋਂ ਅੱਧਿਆਂ ਕੁ ਗੁਣਾਂ ਨੂੰ ਵੀ ਅਪਣਾ ਲੈਣ ਤਾਂ ਵੀ ਉਸ ਦੇਸ਼ ਦੇ ਘਟੀਆ ਢਾਂਚੇ 'ਚ ਕਾਫੀ ਸੁਧਾਰ ਆ ਸਕਦਾ ਹੈ। ਆਖਰ ਵਿੱਚ ਡਾ. ਕਲਾਮ ਦੇ ਦੋ ਪ੍ਰਵਚਨ:

"The dream is not that you see in sleep,dream is which does not let you sleep."

2. "Unless India stands upto the world ,no one will respect us. In this world, fear has no place. Only strength respects strength. We will be remembered only if we give to our younger generation a prosperous and safe India, resulting out of economic prosperity coupled with civilizational heritage."

# ਬਿਹਾਰ ਵਿਧਾਨ ਸਭਾ ਦੇ ਚੋਣ ਨਤੀਜੇ ਹੈਰਾਨੀ ਜਨਕ ਹੋਣਗੇ !

***ਨਤੀਸ਼ ਵਲੋਂ ਭਾਜਪਾ ਕੋਲ ਰੋਸ ਪਰਗਟ ਕਰਨ ਦੇ ਬਾਵਜੂਦ ਭਾਜਪਾ ਚਿਰਾਗ ਪਾਸਵਾਨ ਨੂੰ ਨਤੀਸ਼ ਖਿਲਾਫ ਬੋਲਣ ਤੋਂ ਨਹੀਂ ਵਰਜ ਰਹੀ। ਜਿਸ ਦਿਨ ਤੋਂ ਤੇਜਸਵੀ ਯਾਦਵ ਨੇ ਸਰਕਾਰ ਬਣਨ ਦੀ ਹਾਲਤ ਵਿੱਚ ਪਹਿਲੀ ਕਲਮ 10 ਲੱਖ ਨੌਕਰੀਆਂ ਲਈ ਚਲਾਉਣ ਦੀ ਗੱਲ ਕਹੀ ਹੈ ਉਸ ਦਿਨ ਤੋਂ ਹਵਾ ਦਾ ਰੁੱਖ ਇੱਕ ਦਮ ਮਹਾਂ ਗਠਜੋੜ ਦੇ ਹੱਕ ਵਿਚ ਹੋ ਗਿਆ ਹੈ। ਰੁਜ਼ਗਾਰ ਦੇ ਮੁੱਦੇ ਨੇ ਬਾਕੀ ਸਾਰੇ ਮੁੱਦੇ ਹਾਲ ਦੀ ਘੜੀ ਪਿਛੇ ਧੱਕ ਦਿੱਤੇ ਹਨ। ਨੌਜਵਾਨਾਂ ਅੰਦਰ ਤੇਜਸਵੀ ਵਲੋਂ ਸੈੱਟ ਕੀਤਾ ਇਹ ਮੁੱਦਾ ਨੌਜਵਾਨਾਂ ਨੂੰ ਐਨਾ ਰਾਸ ਆਇਆ ਕਿ ਉਹਨਾਂ ਨੇ ਇਸ ਨੂੰ ਹੱਥੋਂ ਹੱਥ ਲੈ ਲਿਆ। ਇਸ ਮੁੱਦੇ ਨੇ ਬੀਜੇਪੀ ਨੂੰ ਵੀ ਤੇਜਸਵੀ ਦੀ ਪੈਰਵੀ ਕਰਨ ਲਈ ਮਜਬੂਰ ਕਰ ਦਿੱਤਾ ਹੈ। ਸਮਾਜਿਕ ਵੰਡੀਆਂ ਪਾਉਣ ਵਾਲੇ ਮੁੱਦੇ ਤਹਿ ਕਰਨ ਵਾਲੀ ਭਾਜਪਾ ਬੈਕ ਫੁੱਟ ਤੇ ਚਲੀ ਗਈ।ਜਿਹੜੀ ਭਾਜਪਾ ਨੇ 10 ਲੱਖ ਨੌਕਰੀਆਂ ਦੇ ਐਲਾਨ ਦਾ ਇਹ ਕਹਿ ਕੇ ਮਖੌਲ ਉਡਾਇਆ ਸੀ ਕਿ ਐਨੇ ਪੈਸੇ ਕਿਥੋਂ ਆਉਣਗੇ ?***




ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਦਾ ਪਹਿਲਾ ਪੜਾਅ 28 ਅਕਤੂਬਰ ਨੂੰ ਸ਼ੁਰੂ ਹੋ ਰਿਹਾ ਹੈ। ਦੂਜੇ ਅਤੇ ਤੀਜੇ ਪੜਾਅ ਦੀਆਂ ਵੋਟਾਂ 3 ਨਵੰਬਰ ਅਤੇ 7 ਨਵੰਬਰ ਨੂੰ ਪੈਣਗੀਆਂ। 243 ਹਲਕਿਆਂ ਦਾ ਨਤੀਜਾ 10 ਨਵੰਬਰ ਨੂੰ ਐਲਾਨਿਆ ਜਾਵੇਗਾ। ਇਹਨਾਂ ਚੋਣਾਂ ਵਿੱਚ ਮੁੱਖ ਮੁਕਾਬਲਾ ਮਹਾਂ ਗੱਠਜੋੜ ਅਤੇ ਐਨ ਡੀ ਏ ਦਰਮਿਆਨ ਹੈ। ਮਹਾਂ ਗਠਜੋੜ ਵਿੱਚ ਆਰ ਜੇ ਡੀ,ਕਾਂਗਰਸ ਅਤੇ ਖੱਬੀਆਂ ਧਿਰਾਂ ਸ਼ਾਮਲ ਹਨ ਜਦੋਂ ਕਿ ਐਨ ਡੀ ਏ ਵਿੱਚ ਮੁੱਖ ਤੌਰ ਤੇ ਜੇ ਡੀ ਯੂ,ਭਾਜਪਾ ਅਤੇ ਲੋਕ ਭਲਾਈ ਪਾਰਟੀ ਸ਼ਾਮਲ ਹਨ। ਕੁੱਝ ਹਫਤੇ ਪਹਿਲਾਂ ਤੱਕ ਇਹਨਾਂ ਚੋਣਾਂ ਨੂੰ ਐਨ ਡੀ ਏ ਦੇ ਹੱਕ ਵਿੱਚ ਇੱਕ ਪਾਸੜ ਦੱਸਿਆ ਜਾ ਰਿਹਾ ਸੀ। ਟੀ ਵੀ ਚੈਨਲਾਂ ਉੱਤੇ ਹੁੰਦੀਆਂ ਬਹਿਸਾਂ ਵਿਚ ਵੱਡੇ ਵੱਡੇ ਵਿਸ਼ਲੇਸ਼ਕ ਤੇਜਸਵੀ ਯਾਦਵ ਦੀ ਅਗਵਾਈ ਹੇਠ ਬਣੇ ਮਹਾਂ ਗਠਜੋੜ ਨੂੰ ਕਿਸੇ ਵੀ ਗਿਣਤੀ ਵਿਚ ਰੱਖਣ ਲਈ ਤਿਆਰ ਨਹੀਂ ਸਨ। ਸੀ ਵੋਟਰ ਟੀਮ ਤੋਂ ਬਾਅਦ ,ਸੀ ਐਸ ਡੀ ਐਸ ਅਤੇ ਏ ਬੀ ਪੀ ਚੋਣ ਸਰਵੇਖਣ ਟੀਮਾਂ ਵਲੋਂ ਕੀਤੇ ਸਰਵੇ ਵਿਚ ਐਨ ਡੀ ਏ ਨੂੰ ਸਪਸ਼ਟ ਬਹੁਮਤ ਨਾਲ ਜੇਤੂ ਦੱਸਿਆ ਗਿਆ ਹੈ। ਇਹਨਾਂ ਸਰਵੇ ਗਰੁੱਪਾਂ ਨੇ ਡੰਕੇ ਦੀ ਚੋਟ ਤੇ ਨਤੀਸ਼ ਕੁਮਾਰ ਦੀ

*ਹਰਜਿੰਦਰ ਸਿੰਘ ਗੁਲਪੁਰ*
*0061411218801*



ਅਗਵਾਈ ਵਿਚ ਸਰਕਾਰ ਬਣਨ ਦਾ ਦਾਅਵਾ ਕੀਤਾ ਹੈ। ਦੂਜੇ ਪਾਸੇ ਬਿਹਾਰ ਦੀ ਧਰਤੀ ਨਾਲ ਜੁੜੇ ਅਨੇਕਾਂ ਪੱਤਰਕਾਰਾਂ ਅਤੇ ਡਿਜੀਟਲ ਚੈਨਲਾਂ ਦੀ ਮੰਨੀਏ ਤਾਂ ਨਤੀਸ਼ ਕੁਮਾਰ ਦਾ ਮੁੜ ਕੇ ਸਤਾ ਵਿੱਚ ਆਉਣਾ ਬਹੁਤ ਮੁਸ਼ਕਿਲ ਹੈ। ਜਿਉਂ ਜਿਉਂ ਚੋਣਾਂ ਦੀ ਤਾਰੀਖ ਨੇੜੇ ਆਉਂਦੀ ਜਾ ਰਹੀ ਹੈ ਉਸੇ ਹਿਸਾਬ ਨਾਲ ਬਿਹਾਰ ਦੇ ਚੋਣਾਂਵੀ ਹਾਲਾਤ ਤੇਜੀ ਨਾਲ ਬਦਲ ਰਹੇ ਹਨ। ਬਿਹਾਰ ਅੰਦਰ ਪਿਛਲੇ ਕੁੱਝ ਹਫਤਿਆਂ ਤੋਂ ਚੋਣਾਂ ਦਾ ਜਾਇਜ਼ਾ ਲੈ ਰਹੇ ਪੱਤਰਕਾਰਾਂ ਕਨਈਆ ਭਿਲਾਰੀ,ਚੰਦਰ ਪ੍ਰਕਾਸ਼ ਝਾਅ ,ਅਜੀਤ ਅੰਜੁਮ,ਸ਼ੀਤਲ ਪੀ ਸਿੰਘ, ਪ੍ਰੋ ਮੁਕੇਸ਼ ਕੁਮਾਰ ਅਤੇ ਆਸ਼ੂਤੋਸ਼ ਅਨੁਸਾਰ ਬਿਹਾਰ ਅੰਦਰ ਤੇਜਸਵੀ ਯਾਦਵ ਦੇ ਹੱਕ ਵਿੱਚ ਇੱਕ ਲਹਿਰ ਚੱਲ ਪਈ ਹੈ। ਜਿਹੜੇ ਪੱਤਰਕਾਰ ਹੁਣ ਤੱਕ ਤੇਜਸਵੀ ਨੂੰ ਬਹੁਤ ਪਿੱਛੇ ਦੱਸ ਰਹੇ ਸਨ ਅੱਜ ਇਹ ਮੰਨਣ ਲੱਗ ਪਏ ਹਨ ਕਿ ਮੁਕਾਬਲਾ ਕਾਫੀ ਦਿਲਚਸਪ ਹੋ ਗਿਆ ਹੈ। ਇਹਨਾਂ ਚੋਣਾਂ ਨੂੰ ਲੈ ਕੇ ਲੋਭਪਾ ਮੁਖੀ ਚਿਰਾਗ ਪਾਸਵਾਨ ਦੀ ਬਹੁਤ ਚਰਚਾ ਹੋ ਰਹੀ ਹੈ। ਹੈਰਾਨੀ ਦੀ ਗੱਲ ਹੈ ਕਿ ਸ਼ੁਰੂ ਤੋਂ ਲੈ ਕੇ ਉਹ ਨਤੀਸ਼ ਕੁਮਾਰ ਦੀ ਸਖਤ ਆਲੋਚਨਾ ਕਰ ਰਿਹਾ ਹੈ। ਰਾਜਨੀਤਕ ਮਾਹਰਾਂ ਅਨੁਸਾਰ ਭਾਜਪਾ ਨਤੀਸ਼ ਕੁਮਾਰ ਦਾ ਕੱਦ ਘੱਟ ਕਰਨ ਲਈ ਚਿਰਾਗ ਪਾਸਵਾਨ ਨੂੰ ਇੱਕ ਮਹੁਰੇ ਵਜੋਂ ਵਰਤ ਰਹੀ ਹੈ। ਚਿਰਾਗ ਪਾਸਵਾਨ ਨੇ ਜੇਡੀਯੂ ਦੇ ਉਮੀਦਵਾਰਾਂ ਖਿਲਾਫ ਆਪਣੇ ਉਮੀਦਵਾਰ ਉਤਾਰੇ ਹੋਏ ਹਨ। ਇਥੋਂ ਤੱਕ ਕਿ ਉਸ ਨੇ ਭਾਜਪਾ ਦੇ ਕੁੱਝ ਨਰਾਜ ਆਗੂਆਂ ਨੂੰ ਲੋਭਪਾ ਵਿੱਚ ਸ਼ਾਮਲ ਕਰਕੇ ਉਹਨਾਂ ਨੂੰ ਪਾਰਟੀ ਟਿਕਟ ਦਿੱਤੇ ਹਨ।ਇਹ ਸਭ ਕੁੱਝ ਭਾਜਪਾ ਦੇ ਇਸ਼ਾਰੇ ਤੋਂ ਬਿਨਾਂ ਨਹੀਂ ਹੋ ਸਕਦਾ। ਜਿਸ ਤਰਾਂ ਚਿਰਾਗ ਪਾਸਵਾਨ ਵਲੋਂ ਨਤੀਸ਼ ਕੁਮਾਰ ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ ਉਸ ਨੂੰ ਲੈ ਕੇ ਨਤੀਸ਼ ਕੁਮਾਰ ਬਹੁਤ ਪ੍ਰੇਸ਼ਾਨ ਹੈ। ਪਹਿਲੇ ਚੋਣ ਪੜਾਅ ਲਈ ਚੋਣ ਪ੍ਰਚਾਰ ਬੰਦ ਹੋਣ ਤੋਂ ਠੀਕ ਪਹਿਲਾਂ ਚਿਰਾਗ ਪਾਸਵਾਨ ਨੇ ਬਹੁਤ ਸਖਤ ਬਿਆਨ ਦਿੰਦਿਆਂ ਕਿਹਾ ਹੈ ਕਿ ਜੇਕਰ ਐਨਡੀਏ ਦੀ ਸਰਕਾਰ ਬਣਦੀ ਹੈ ਤਾਂ ਨਤੀਸ਼ ਕੁਮਾਰ ਨੂੰ ਜੇਹਲ ਵਿੱਚ ਬੰਦ ਕੀਤਾ ਜਵੇਗਾ। ਇੱਕ ਪਾਸੇ ਬਿਹਾਰ ਦੀ ਜਨਤਾ ਦੇ ਮਨਾਂ ਵਿੱਚ ਨਤੀਸ਼ ਕੁਮਾਰ ਖਿਲਾਫ ਵਿਆਪਕ ਰੋਸ ਪਾਇਆ ਜਾ ਰਿਹਾ ਹੈ ਦੂਜੇ ਪਾਸੇ ਉਸ ਦੇ ਆਪਣੇ ਹੀ ਭਾਈਵਾਲ ਵਲੋਂ ਉਸ ਤੇ ਹਮਲੇ ਕੀਤੇ ਜਾ ਰਹੇ ਹਨ। ਨਤੀਸ਼ ਵਲੋਂ ਭਾਜਪਾ ਕੋਲ ਰੋਸ ਪਰਗਟ ਕਰਨ ਦੇ ਬਾਵਜੂਦ ਭਾਜਪਾ ਚਿਰਾਗ ਪਾਸਵਾਨ ਨੂੰ ਨਤੀਸ਼ ਖਿਲਾਫ ਬੋਲਣ ਤੋਂ ਨਹੀਂ ਵਰਜ ਰਹੀ। ਜਿਸ ਦਿਨ ਤੋਂ ਤੇਜਸਵੀ ਯਾਦਵ ਨੇ ਸਰਕਾਰ ਬਣਨ ਦੀ ਹਾਲਤ ਵਿੱਚ ਪਹਿਲੀ ਕਲਮ 10 ਲੱਖ ਨੌਕਰੀਆਂ ਲਈ ਚਲਾਉਣ ਦੀ ਗੱਲ ਕਹੀ ਹੈ ਉਸ ਦਿਨ ਤੋਂ ਹਵਾ ਦਾ ਰੁੱਖ ਇੱਕ ਦਮ ਮਹਾਂ ਗਠਜੋੜ ਦੇ ਹੱਕ ਵਿਚ ਹੋ ਗਿਆ ਹੈ। ਰੁਜ਼ਗਾਰ ਦੇ ਮੁੱਦੇ ਨੇ ਬਾਕੀ ਸਾਰੇ ਮੁੱਦੇ ਹਾਲ ਦੀ ਘੜੀ ਪਿਛੇ ਧੱਕ ਦਿੱਤੇ ਹਨ। ਨੌਜਵਾਨਾਂ ਅੰਦਰ ਤੇਜਸਵੀ ਵਲੋਂ ਸੈੱਟ ਕੀਤਾ ਇਹ ਮੁੱਦਾ ਨੌਜਵਾਨਾਂ ਨੂੰ ਐਨਾ ਰਾਸ ਆਇਆ ਕਿ ਉਹਨਾਂ ਨੇ ਇਸ ਨੂੰ ਹੱਥੋਂ ਹੱਥ ਲੈ ਲਿਆ। ਇਸ ਮੁੱਦੇ ਨੇ ਬੀਜੇਪੀ ਨੂੰ ਵੀ ਤੇਜਸਵੀ ਦੀ ਪੈਰਵੀ ਕਰਨ ਲਈ ਮਜਬੂਰ ਕਰ ਦਿੱਤਾ ਹੈ। ਸਮਾਜਿਕ ਵੰਡੀਆਂ ਪਾਉਣ ਵਾਲੇ ਮੁੱਦੇ ਤਹਿ ਕਰਨ ਵਾਲੀ ਭਾਜਪਾ ਬੈਕ ਫੁੱਟ ਤੇ ਚਲੀ ਗਈ।ਜਿਹੜੀ ਭਾਜਪਾ ਨੇ 10 ਲੱਖ ਨੌਕਰੀਆਂ ਦੇ ਐਲਾਨ ਦਾ ਇਹ ਕਹਿ ਕੇ ਮਖੌਲ ਉਡਾਇਆ ਸੀ ਕਿ ਐਨੇ ਪੈਸੇ ਕਿਥੋਂ ਆਉਣਗੇ ? ਅੱਜ ਉਸੇ ਭਾਜਪਾ ਨੂੰ 19 ਲੱਖ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਵਾਅਦੇ ਕਰਨੇ ਪੈ ਰਹੇ ਹਨ। ਇਸ ਸਬੰਧੀ ਇੱਕ ਚਰਚਾ ਦੌਰਾਨ ਪ੍ਰਸਿੱਧ ਪੱਤਰਕਾਰ ਅਜੀਤ ਅੰਜੁਮ ਨੇ ਕਿਹਾ ਹੈ ਕਿ ਰੁਜ਼ਗਾਰ ਦੇ ਜਿਸ ਮੁੱਦੇ ਦੀ ਬੁਨਿਆਦ ਤੇਜਸਵੀ ਨੇ ਰੱਖੀ ਹੈ ਉਸ ਬੁਨਿਆਦ ਉੱਤੇ ਬੀਜੇਪੀ ਹਵਾਈ ਮਹਿਲ ਬਣਾਉਣ ਦਾ ਯਤਨ ਕਰ ਰਹੀ ਹੈ। ਨਤੀਸ਼ ਕੁਮਾਰ ਖਿਲਾਫ ਰੋਸ ਦੇ ਠੋਸ ਕਾਰਨ ਮੌਜੂਦ ਹਨ। ਸਰਕਾਰੀ ਵਿਭਾਗਾਂ ਵਿਚ ਤਕਰੀਬਨ ਚਾਰ ਲੱਖ ਆਸਾਮੀਆਂ ਲੰਬੇ ਸਮੇਂ ਤੋਂ ਖਾਲੀ ਪਈਆਂ ਹਨ, ਜਿਹਨਾਂ ਨੂੰ ਭਰਿਆ ਨਹੀਂ ਗਿਆ। ਕਰੋਨਾ ਦੀ ਵਜਾਹ ਨਾਲ ਲੱਖਾਂ ਬਿਹਾਰੀ ਮਜ਼ਦੂਰਾਂ ਨੂੰ ਆਪਣੀ ਰੋਟੀ ਰੋਜ਼ੀ ਛੱਡ ਕੇ ਵਾਪਸ ਬਿਹਾਰ ਪਰਤਣਾ ਪਿਆ ਹੈ। ਇਸ ਦੌਰਾਨ ਉਹਨਾਂ ਨੂੰ ਬਹੁਤ ਖੱਜਲ ਖੁਆਰ ਹੋਣਾ ਪਿਆ ਸੀ। ਉਹ ਚੀਸ ਉਹਨਾਂ ਦੇ ਮਨ ਅੰਦਰ ਘਰ ਕਰ ਗਈ ਹੈ। ਬਿਹਾਰ ਵਿੱਚ ਸ਼ਰਾਬ ਬੰਦੀ ਦੇ ਬਾਵਜੂਦ ਜਿਸ ਤਰਾਂ ਜਿਆਦਾ ਕੀਮਤ ਉੱਤੇ ਘਰ ਘਰ ਨਜਾਇਜ਼ ਸ਼ਰਾਬ ਦੀ ਸਪਲਾਈ ਹੋ ਰਹੀ ਹੈ ਅਤੇ ਇਸ ਧੰਦੇ ਵਿਚ 15,16 ਸਾਲ ਦੇ ਅੱਲੜ ਮੁੰਡਿਆਂ ਨੂੰ ਸ਼ਾਮਲ ਕੀਤਾ ਗਿਆ ਹੈ ਉਸ ਨੇ ਔਰਤ ਵਰਗ ਨੂੰ ਬਹੁਤ ਪ੍ਰੇਸ਼ਾਨ ਕੀਤਾ ਹੋਇਆ ਹੈ। ਮੁਜੱਫਰਪੁਰ ਦੇ ਸ਼ੈਲਟਰ ਹੋਮ ਕਾਂਡ ਦੀ ਮੁੱਖ ਦੋਸ਼ਣ ਨੂੰ ਨਤੀਸ਼ ਕੁਮਾਰ ਨੇ ਟਿਕਟ ਦੇ ਕੇ ਔਰਤ ਵਰਗ ਨੂੰ ਹੋਰ ਵੀ ਨਰਾਜ ਕੀਤਾ ਹੈ। ਦਲਿਤਾਂ ਉੱਤੇ ਹੋ ਰਹੇ ਜੁਰਮ, ਬੱਚੀਆਂ ਨਾਲ ਹੋ ਰਹੇ ਰੇਪ ਦੇ ਕੇਸ ਅਤੇ ਸਰਕਾਰੀ ਦਫ਼ਤਰਾਂ ਵਿੱਚ ਰਿਸ਼ਵਤਖੋਰੀ ਆਦਿ ਐਸੇ ਮੁੱਦੇ ਹਨ ਜਿਹਨਾਂ ਲਈ ਕੇਵਲ ਤੇ ਕੇਵਲ ਐਨ ਡੀ ਏ ਸਰਕਾਰ ਜ਼ੁੰਮੇਵਾਰ ਹੈ।ਐਨ ਡੀ ਏ ਦੀ ਦੂਜੀ ਵੱਡੀ ਧਿਰ ਭਾਜਪਾ 6 ਸਾਲ ਤੋਂ ਕੇਂਦਰ ਅਤੇ ਦੇਸ਼ ਦੇ ਕਈ ਰਾਜਾਂ ਵਿਚ ਕਾਬਜ਼ ਹੈ। ਇਸ ਸਮੇਂ ਦੌਰਾਨ ਉਸ ਨੇ ਕੋਈ ਵੀ ਅਜਿਹਾ ਕੰਮ ਨਹੀਂ ਕੀਤਾ ਜਿਸ ਨੂੰ ਆਧਾਰ ਬਣਾ ਕੇ ਵੋਟਰਾਂ ਦੇ ਸਨਮੁਖ ਹੋਇਆ ਜਾ ਸਕੇ। ਉਸ ਨੇ ਆਪਣੀ ਨੀਤੀ ਅਨੁਸਾਰ ਅਮਿਤ ਸ਼ਾਹ ਤੋਂ ਬਾਅਦ ਜੇ ਪੀ ਨੱਢਾ ਅਤੇ ਅਦਿੱਤਿਆ ਨਾਥ ਜੋਗੀ ਆਦਿ ਵਰਗੇ ਪਾਰਟੀ ਦੇ ਸਟਾਰ ਪ੍ਰਚਾਰਕਾਂ ਨੂੰ ਭੇਜਿਆ ਤਾਂ ਕਿ ਹਿੰਦੂ ਮੁਸਲਮਾਨ ਅਤੇ ਪਾਕਿਸਤਾਨ ਦੇ ਮੁੱਦੇ ਉੱਤੇ ਵੋਟਰਾਂ ਦੀ ਗੋਲਬੰਦੀ ਕੀਤੀ ਜਾ ਸਕੇ। ਬਿਹਾਰੀਆਂ ਨੇ ਉਹਨਾਂ ਦੇ ਭਾਸ਼ਣਾਂ ਨੂੰ ਇੱਕ ਕੰਨ ਵਿੱਚ ਪਾ ਕੇ ਦੂਜੇ ਕੰਨ ਕੱਢ ਦਿੱਤਾ ਹੈ। ਪਹਿਲੀ ਵਾਰ ਬਿਹਾਰ ਦੀਆਂ ਚੋਣਾਂ ਮੁੱਦਾ ਅਧਾਰਿਤ ਹੋ ਰਹੀਆਂ ਹਨ ਜੋ ਭਾਜਪਾ ਲਈ ਨਾ ਖੁਸ਼ਗਵਾਰ ਹਨ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਪਹਿਲੀ ਰੈਲੀ ਵਿੱਚ ਕਿਹਾ ਕਿ ਕੋਵਿਡ-19 ਵਿਰੋਧੀ ਟੀਕਾ ਬਿਹਾਰੀਆਂ ਨੂੰ ਮੁਫ਼ਤ ਲਗਾਇਆ ਜਵੇਗਾ।ਇਸ ਤੋਂ ਇਲਾਵਾ ਧਾਰਾ 370 ਅਤੇ ਖੇਤੀਬਾੜੀ ਕਨੂੰਨਾਂ ਨੂੰ ਵਾਪਸ ਨਾ ਲੈਣ ਦੇ ਨਾਂਅ ਤੇ ਵੋਟਾਂ ਦੀ ਮੰਗ ਕੀਤੀ ਹੈ। ਮੋਦੀ ਦੇ ਇਸ ਐਲਾਨ ਨਾਲ ਮਹਾਂ ਗਠਜੋੜ ਵਲੋਂ ਸੈੱਟ ਕੀਤੇ ਮੁੱਦੇ ਦੀ ਚਮਕ ਫਿੱਕੀ ਨਹੀਂ ਪਈ। ਨੌ ਜਵਾਨ ਪੁੱਛ ਰਹੇ ਹਨ ਕਿ ਇਹਨਾਂ ਗੱਲਾਂ ਦਾ ਬਿਹਾਰ ਦੀਆਂ ਚੋਣਾਂ ਨਾਲ ਕੀ ਸਬੰਧ ? ਹੁਣ ਤੱਕ ਦੀ ਜਾਣਕਾਰੀ ਅਨੁਸਾਰ ਤੇਜਸਵੀ ਯਾਦਵ ਦੀਆਂ ਰੈਲੀਆਂ ਵਿਚ ਮੋਦੀ ਤੋਂ ਜਿਆਦਾ ਭੀੜ ਜੁੜ ਰਹੀ ਹੈ।

ਬਿਹਾਰ ਤੋਂ ਆ ਰਹੀਆਂ ਰੀਪੋਰਟਾਂ ਅਨੁਸਾਰ ਬਿਹਾਰ ਵਿਚ ਐਨਡੀਏ ਖਿਲਾਫ ਅੰਡਰ ਕਰੰਟ ਵਾਲੀ ਸਥਿਤੀ ਬਣੀ ਹੋਈ ਹੈ। ਚੋਣਾਂ ਸ਼ੁਰੂ ਹੋਣ ਤੋਂ ਦੋ ਤਿੰਨ ਦਿਨ ਪਹਿਲਾਂ ਬਿਹਾਰ ਅੰਦਰ ਇੱਕ ਤਰਾਂ ਦੀ ਪੋਸਟਰ ਵਾਰ ਸ਼ੁਰੂ ਹੋ ਗਈ ਹੈ। ਐਨਡੀਏ ਅੰਦਰ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ। ਨਤੀਸ਼ ਕੁਮਾਰ ਖਿਲਾਫ ਹਰ ਵਰਗ ਦੀ ਨਰਾਜਗੀ ਕਾਰਨ ਭਾਵੇਂ ਭਾਜਪਾ ਨੇ ਉਸ ਤੋਂ ਦੂਰੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ ਪਰ ਬਹੁਤ ਦੇਰ ਹੋ ਚੁੱਕੀ ਹੈ। ਭਾਜਪਾ ਵਲੋਂ ਅਖਬਾਰਾਂ ਅਤੇ ਦੀਵਾਰਾਂ ਤੇ ਜਿੰਨੇ ਪੋਸਟਰ ਲਗਵਾਏ ਜਾ ਰਹੇ ਹਨ ਉਹਨਾਂ ਵਿਚੋਂ ਨਤੀਸ਼ ਕੁਮਾਰ ਦੀ ਫੋਟੋ ਹਟਾ ਦਿੱਤੀ ਗਈ ਹੈ। ਇਹਨਾਂ ਵੱਡੇ ਪੋਸਟਰਾਂ ਵਿੱਚ ਕੇਵਲ ਨਰਿੰਦਰ ਮੋਦੀ ਦੀ ਹੀ ਤਸਵੀਰ ਦਿਖਾਈ ਦਿੰਦੀ ਹੈ। ਜਿਸ ਚਿਰਾਗ ਪਾਸਵਾਨ ਨੂੰ ਭਾਜਪਾ ਨੇ ਇਹ ਸੋਚ ਕੇ ਨਤੀਸ਼ ਖ਼ਿਲਾਫ਼ ਮੋਰਚਾ ਖੋਹਲਣ ਦੀ ਖੁੱਲ੍ਹੀ ਛੁੱਟੀ ਦਿਤੀ ਸੀ ਕਿ ਉਹ ਭਾਜਪਾ ਦੇ ਘਰ ਦੀਵਾ ਜਗਾਏਗਾ ਉਹੀ ਚਿਰਾਗ ਪਾਸਵਾਨ ਐਨਡੀਏ ਲਈ ਨੁਕਸਾਨ ਦੇਹ ਸਾਬਤ ਹੋ ਰਿਹਾ ਹੈ।ਮਹਾਂ ਗਠਜੋੜ ਵਿੱਚ ਜੇ ਕੋਈ ਕੰਮਜੋਰ ਕੜੀ ਹੈ ਤਾਂ ਉਹ ਹੈ ਕਾਂਗਰਸ। ਕਾਂਗਰਸ ਲਈ ਫਾਇਦੇਮੰਦ ਗੱਲ ਇਹ ਹੈ ਕਿ ਉਸ ਦੇ ਉਮੀਦਵਾਰਾਂ ਦੀ ਸਿੱਧੀ ਟੱਕਰ ਜੇਡੀਯੂ ਦੇ ਉਮੀਦਵਾਰਾਂ ਨਾਲ ਹੈ ਜਿਹਨਾਂ ਦੇ ਖਿਲਾਫ ਲੋਭਪਾ ਨੇ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰੇ ਹੋਏ ਹਨ। 12 ਕਰੋੜ ਆਬਾਦੀ ਵਾਲੇ ਬਿਹਾਰ ਦੇ ਚੋਣ ਨਤੀਜੇ ਦੇਸ਼ ਦੇ ਭਵਿੱਖ ਦੀ ਦਸ਼ਾ ਤੇ ਦਿਸ਼ਾ ਤਹਿ ਕਰਨਗੇ।

## ਇਕਜੁਟਤਾ



ਸੁਰਿੰਦਰ ਤਲਵੰਡੀ
8360601303

ਹਮ੍ਹਾਤੜ ਦੀ ਨਹੀਂ ਪੁੱਛ ਏਥੇ
ਹੁੰਦੀ ਕਦਰ ਅਮੀਰਾਂ ਦੀ
ਅਹੁੱਦੇ ਸਨਮਾਨ ਵਿਕਾਊ
ਲੱਗੀ ਸੇਲ ਜਮੀਰਾਂ ਦੀ

ਨਾ ਜਾਣੇ ਕੋਈ ਪਰੇਮ ਮੁਹੱਬਤ ਰਿਸਤੇ ਨਾਤਿਆਂ ਨੂੰ
ਨਹੀਂ ਦਿੱਲ ਦੀ ਗੱਲ ਹੁਣ ਹੁੰਦੀ
ਹੁੰਦੀ ਗੱਲ ਸਰੀਰਾਂ ਦੀ

ਨਹੀਂ ਪੁੱਛ ਪਰਤੀਤ ਗਰੀਬ ਦੀ ਮੱਦਦ ਕਰਨ ਧਨਾਢਾਂ ਦੀ
ਸਾਹਮਣੇ ਆ ਗਈ ਫਿਤਰਤ ਯੁਮਲੇਵਾਜ ਫਕੀਰਾਂ ਦੀ

ਜਾਣ - ਗਈ ਜਦੋਂ ਹਾਕਮੋ ਜਨਤਾ ਥੋਡੀਆਂ ਚਾਲਾਂ ਨੂੰ
ਧੌਂਸ ਨਹੀਂ ਫਿਰ ਚੱਲਣੀ ਅਹੁੱਦੇ ਅਤੇ
ਜਗੀਰਾਂ ਦੀ

ਇਕਜੁਟਤਾ ਹੀ ਹੱਲ ਹੈ ਸੱਭ ਦਰਪੇਸ ਮਸਲਿਆਂ ਦਾ
ਪਹਿਚਾਣ ਨਹੀਂ ਬਿੱਟੂ ਹੁੰਦੀ ਬੇਲਗਾਮ ਮੁੱਢੀਰਾਂ ਦੀ

## ਕਵਿਤਾ ਲਿਖਣੀ ਸਿਖਣੀ ਹੈ !



ਮਾਸਟਰ ਸੁੱਖਜੀਤ ਅੱਭੋਵਾਲ

ਇ ੱ ਕ
ਕਵਿਤਾ ਮੇਰੇ ਮਨ ਵਿੱਚ ਵੱਜਦੀ,
ਜਿਹੜੀ ਹਾਲੇ ਤੱਕ ਨਹੀਂ ਲਿਖਣੀ,

ਦਿਲ ਦੀਆਂ ਹੋਰ ਡੂੰਘਾਈਆਂ ਵਿੱਚ ਜਾਕੇ,
ਹਾਲੇ ਲਿਖਣੀ ਹੋਰ ਹੈ ਸਿਖਣੀ।

ਹਾਲੇ ਤੱਕ ਕੁੱਝ ਸੰਸੇ ਨੇ,
ਹਾਲੇ ਤੱਕ ਕੁੱਝ ਕੱਚ ਜਿਹਾ ਏ,

ਫਿਰ ਨੁਹੰਆ ਤੋਂ ਮਾਸ ਵੀ ਨਿਖੜੇ,
ਕਦੇ ਨਹੀਂ ਮੇਰੀ ਕਵਿਤਾ ਵਿਕਣੀ।

ਇਹ ਜੋ ਚੁੱਪ ਚੁਪੀਤੇ ਬੈਠੇ,
ਆਪਣੇ ਸਾਂਭ ਸਿੰਘਾਸਨ ਸਭ,

ਫਿਰ ਇਨ੍ਹਾਂ ਦੀ ਚਾਲ਼ ਨਹੀਂ ਚਲਣੀ,
ਫਿਰ ਇਨ੍ਹਾਂ ਦੀ ਤੋਰ ਨਹੀਂ ਦਿਸਣੀ।

ਉਸ ਕਵਿਤਾ ਦਾ ਵਿਹੜਾ ਚੌੜਾ,
ਉਸ ਕਵਿਤਾ ਦੇ ਜਿਊਂਦੇ ਪਾਤਰ।

ਉਸ ਕਵਿਤਾ ਦੇ ਦੌਰ ਦੇ ਅੰਦਰ,
ਮਾੜੀ ਮਨਸ਼ਾ ਨਹੀਂ ਫਿਰ ਟਿਕਣੀ।

## ਕੁੱਝ ਹੋਰ

ਡਾ: ਦਵਿੰਦਰ ਸਿੰਘ ਜੀਤਲਾ
Dr. Davinder Singh Jitla



ਖਾਹਿਸ਼ ਹਰ ਮੁਸਾਫਿਰ ਦੀ ਪਹੁੰਚ ਜਾਵਾਂ ਮੰਜ਼ਿਲ ਤੇ
ਕਮਬਖਤ ਰਾਹਾਂ ਦੇ ਇਰਾਦੇ ਹੀ ਕੁੱਝ ਹੋਰ ਹੁੰਦੇ ਨੇ

ਪ੍ਰਛਾਵੇਂ ਵੀ ਰੁਬਰੂ ਹੋ ਜਾਂਦੇ ਸ਼ਾਂਤ ਪਾਣੀਆਂ ਅੰਦਰ
ਤੂਫਾਨੀ ਹਵਾ ਅੰਦਰ ਚਿਹਰੇ ਵੀ ਕੁੱਝ ਹੋਰ ਹੁੰਦੇ ਨੇ

ਬਹਾਰ ਵਿੱਚ ਕਲੀਆਂ ਤੇ ਭੰਵਰੇ ਗੀਤ ਗਾਉਂਦੇ ਨੇ
ਪਤਝੜ ਵਿੱਚ ਖੜਖੜ ਦੇ ਸੁਰ ਕੁੱਝ ਹੋਰ ਹੁੰਦੇ ਨੇ

ਕਾਲੀ ਰਾਤ ਵਿੱਚ ਗਵਾਚੇ ਵੀ ਕਦੇ ਲੱਭਣੇ ਸੌਖੇ ਨੇ
ਦਿਨ ਦੇ ਉਜਾਲੇ ਵਿੱਚ ਬੋਲੇ ਬੋਲ ਕੁੱਝ ਹੋਰ ਹੁੰਦੇ ਨੇ

ਜ਼ਖ਼ਮ ਕਿਸਮਤ ਦੇ ਮਾਰਿਆਂ ਦਾ ਨਹੀਂ ਲਾਇਲਾਜ
ਸਵਾਰਥ ਦੀਆਂ ਚੋਭਾਂ ਦੇ ਦਰਦ ਕੁੱਝ ਹੋਰ ਹੁੰਦੇ ਨੇ

ਭੂਤਕਾਲ ਵਿੱਚ ਵਿਛੜਿਆਂ ਦੀ ਯਾਦ ਸਤਾਉਂਦੀ ਹੈ
ਵਰਤਮਾਨੀ ਸੱਜਣਾਂ ਦੇ ਗੁੱਸੇ ਗਿਲੇ ਕੁੱਝ ਹੋਰ ਹੁੰਦੇ ਨੇ

## ਕਿਸਾਨ



ਮਨਜੀਤ ਪਾਲ ਸਿੰਘ ਸਿਡਨੀ
+91 9316 313135

ਨਹੀਂ ਔਕਾਤ ਕਿਸੇ ਹਾਕਮ ਦੀ, ਮੇਰੇ ਲਈ ਨਿਆਂ ਬਣ ਜਾਵੇ।
ਆਪਣੀ ਧੁੱਪ ਮੈ ਆਪੇ ਜਰਨੀ, ਕਿਉਂ ਕੋਈ ਮੇਰੀ ਛਾਂ ਬਣ ਜਾਵੇ।

ਧਰਤੀ ਤੇ ਅੰਬਰ ਦਾ ਜਾਇਆ, ਸੂਰਜ, ਚੰਦ ਸਿਤਾਰੇ ਮੇਰੇ
ਜਿੱਥੇ ਜਾ ਮੈਂ ਮੁੜ੍ਹਕਾ ਬੀਜਾਂ , ਓਹੋ ਮੇਰਾ ਗਰਾਂ ਬਣ ਜਾਵੇ।

ਮੇਰੇ ਖੇਤਾਂ ਵਿੱਚ ਉੱਗੀਆਂ ਨੇ, ਤੇਰੀਆਂ ਛੱਤਾਂ ਅਤੇ ਦੀਵਾਰਾਂ
ਮੇਰੀ ਹਸਤੀ ਤੋਂ ਬਿਨ ਕਿੱਦਾਂ, ਤੇਰਾ ਕੋਈ ਜਹਾਂ ਬਣ ਜਾਵੇ।

ਬਹਿ ਕੇ ਕੁੰਦਰ ਦੇ ਵਿੱਚ ਸਮਝਣ, ਲਿਖਣ ਪਏ ਤਕਦੀਰ ਮੇਰੀ
(ਨਹੀਂ ਜਾਣਦੇ) ਕਦ ਕੋਈ ਸ਼ਾਂਤ ਹਵਾ ਦਾ ਰੁਮਕਾ, ਤੇਜ਼ ਤਰਾਰ ਤੂਫ਼ਾਂ ਬਣ ਜਾਵੇ।

ਨਾਵਾਂ ਦੇ ਵਿੱਚ ਕੀ ਪਿਆ ਏ, ਜੱਟ, ਕਿਸਾਨ, ਜ਼ਿਮੀਂਦਾਰ ਆਖੋ
ਹਲ਼ ਦੇ ਫਾਲ਼ੇ ਲਿਖਣ ਛਾਤੀ ਤੇ, ਓਹੀਓ ਮੇਰਾ ਨਾਂ ਬਣ ਜਾਵੇ।

## ਮੇਰੇ ਦਰਦ



ਪ੍ਰਿਆ ਸੁਮਨ

ਬਣਜਾ- ਬਣਜਾ ਤੂੰ ਸ਼ਮਸ਼ੀਰ
ਤੈਨੂੰ ਕਹਿੰਦੇ ਤੇਰੇ ਵੀਰ
ਭੌਰਾ ਡਰੀਂ ਨਾ ਪਿੱਛੇ ਹਟੀਂ ਨਾ
ਲਾਵੇ ਹੱਥ ਜੋ ਦੇਵੀਂ ਚੀਰ
ਬਣਜਾ-ਬਣਜਾ ਤੂੰ ਸ਼ਮਸ਼ੀਰ....

ਕੋਈ ਦੇਵੇ ਲਾਲਚ ਚੀਜੀ ਦਾ ਜੇ
ਵੱਟ ਘੂਰੀ ਦੰਦੀ ਵੱਢ ਦੇਵੀਂ
ਜੇ ਬਹੁਤਾ ਔਖਾ ਹੋਵੇ ਤਾਂ
ਤੂੰ ਕੰਨਾਂ ਹੇਠ ਛੱਡ ਦੇਵੀਂ
ਰੌਲ਼ਾ ਪਾ ਕੇ ਵਿੱਚ ਚੌਰਾਹੇ ਦੇ
ਨੰਗਾ ਕਰੀਂ ਜੋ ਬਹੁਤਾ ਬਣੇ ਸ਼ਰੀਫ
ਬਣਜਾ ਬਣਜਾ ਤੂੰ ਸ਼ਮਸ਼ੀਰ..

ਇਹ ਮੁਲਕ ਹੈ ਹੱਥ ਹਾਕਮਾਂ ਦੇ
ਜਿਨ੍ਹਾਂ ਖੁਦ ਦੀ ਕੋਈ ਔਲਾਦ ਨਹੀਂ
ਏਥੇ ਕੰਜਕ ਪੂਜੀ ਜਾਂਦੀ ਹੈ
ਬਲਾਤਕਾਰ ਪੀੜਤਾ ਨੂੰ ਇਨਸਾਫ ਨਹੀਂ
ਤੈਨੂੰ ਆਪਣੀ ਰੱਖਿਆ ਕਰਨ ਲਈ
ਆਪ ਹੀ ਬਣਨਾ ਪੈਣਾ ਤੀਰ
ਬਣਜਾ ਬਣਜਾ ਤੂੰ ਸ਼ਮਸ਼ੀਰ
ਤੈਨੂੰ ਕਹਿੰਦੇ ਤੇਰੇ ਵੀਰ
ਭੋਰਾ ਡਰੀਂ ਨਾ ਪਿੱਛੇ ਹਟੀਂ ਨਾ
ਲਾਵੇ ਹੱਥ ਕੋਈ ਦੇਵੀਂ ਚੀਰ..

## ਸ਼ਰਮਾ ਜੀ ਜੋਤਿਸ਼ੀ ਪਾਸ

ਸ਼ਰਮਾ ਘਰ ਦੀਆਂ ਪਰੇਸ਼ਾਨੀਆਂ ਦੀ ਸਮੱਸਿਆ ਨੂੰ ਸੁਲਝਾਣ ਲਈ ਜੋਤਿਸ਼ੀ ਕੋਲ ਗਏ।
ਜੋਤਿਸ਼ੀ: ਕੱਲ੍ਹ ਨੂੰ ਆਪਣੇ ਘਰੋਂ ਥੋੜ੍ਹੀ ਮਿੱਟੀ ਲੈ ਕੇ ਆਇਓ।
ਅਗਲੇ ਦਿਨ ਜੋਤਿਸ਼ੀ ਨੇ ਉਸਦੀ ਮਿੱਟੀ ਲਈ ਤੇ ਮੰਤਰ ਪੜ੍ਹ ਕੇ:
